
12ਵਾਂ ਸਾਲ
ਹਫ਼ਤਾਵਾਰੀ
# ਦੇਸ਼ ਦੁਆਬਾ
VOL -12 ISSUE - 2
April 19, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਭੀਮ ਇੰਟਰਨੈਸ਼ਨਲ ਫਾਊਂਡੇਸ਼ਨ (ਯੂ. ਐਸ. ਏ.) ਵੱਲੋਂ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦਾ 132ਵਾਂ ਜਨਮ ਦਿਨ ਰਾਜਾ ਸਵੀਟਸ, ਇੰਡੀਅਨ ਕੁਜ਼ੀਨ, ਹੇਵਰਡ (ਕੈਲੇਫੋਰਨੀਆ) ਵਿਖੇ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧਤ ਵਿਸਥਾਰ ਪੂਰਵਕ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



Babu Mangu Ram Mugowalia
January 14, 1886 – April 22, 1980
Founder of the Ad Dharm Movement Punjab

ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 42ਵੇਂ ਪ੍ਰੀਨਿਰਵਾਣ ਦਿਵਸ 'ਤੇ ਕੋਟਿਨ-ਕੋਟਿ ਪ੍ਰਣਾਮ।

*(ਸਬੰਧਿਤ ਲੇਖ ਅੰਦਰ ਦੇਖੋ)*

# ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਬਣਿਆ ਭਾਰਤ

## ਭਾਰਤ 142.86 ਕਰੋੜ, ਚੀਨ ਦੀ 142.57 ਕਰੋੜ ਹੋਈ

**ਸੰਯੁਕਤ ਰਾਸ਼ਟਰ (ਬਿਊਰੋ)–** ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਕ ਭਾਰਤ 142.86 ਕਰੋੜ ਲੋਕਾਂ ਨਾਲ ਆਬਾਦੀ ਪੱਖੋਂ ਚੀਨ ਨੂੰ ਪਛਾੜ ਕੇ ਨੰਬਰ ਇਕ ਮੁਲਕ ਬਣ ਗਿਆ ਹੈ। ਗੁਆਂਢੀ ਮੁਲਕ ਚੀਨ ਇਸ ਵੇਲੇ 142.57 ਕਰੋੜ ਦੀ ਆਬਾਦੀ ਨਾਲ ਦੂਜਾ ਸਭ ਤੋਂ ਸੰਘਣੀ ਵਸੋਂ ਵਾਲਾ ਮੁਲਕ ਹੈ। ਸੰਯੁਕਤ ਰਾਸ਼ਟਰ ਆਬਾਦੀ ਫੰਡ (ਯੂਐੱਨਐੱਫਪੀਏ) ਦੀ ਸਟੇਟ ਆਫ਼ ਦਿ ਵਰਲਡ ਪਾਪੂਲੇਸ਼ਨ ਰਿਪੋਰਟ (ਐੱਸਡਬਲਿਊਓਪੀ) 2023 ਮੁਤਾਬਕ ਭਾਰਤ ਦੀ 25 ਫੀਸਦ ਆਬਾਦੀ ਸਿਫ਼ਰ ਤੋਂ 14 ਸਾਲ ਉਮਰ ਵਰਗ, 18 ਫੀਸਦ 10 ਤੋਂ 19 ਸਾਲ, 26 ਫੀਸਦ 10 ਤੋਂ 24 ਸਾਲ, 68 ਫੀਸਦ 15 ਤੋਂ 64 ਸਾਲ ਤੇ 7 ਫੀਸਦ 65 ਸਾਲ ਤੋਂ ਉਪਰ ਹੈ। ਭਾਰਤ ਦੀ ਭੂਗੋਲਿਕ ਆਬਾਦੀ ਇਕ ਤੋਂ ਦੂਜੇ ਰਾਜ ਵਿੱਚ ਵੱਖੋ-ਵੱਖਰੀ ਹੈ। ਮਾਹਿਰਾਂ ਮੁਤਾਬਕ ਕੇਰਲਾ ਤੇ ਪੰਜਾਬ ਵਿੱਚ ਬਜ਼ੁਰਗ ਲੋਕਾਂ ਦੀ ਆਬਾਦੀ ਵੱਧ ਹੈ ਜਦੋਂਕਿ ਬਿਹਾਰ ਤੇ ਉੱਤਰ ਪ੍ਰਦੇਸ਼ ਵਿੱਚ ਨੌਜਵਾਨਾਂ ਦੀ ਵਸੋਂ ਜ਼ਿਆਦਾ ਹੈ। ਸੰਯੁਕਤ ਰਾਸ਼ਟਰ ਨੇ ਸਾਲ 1950 ਵਿੱਚ ਆਬਾਦੀ ਨੂੰ ਲੈ ਕੇ ਅੰਕੜੇ ਇਕੱਤਰ ਕਰਨ ਦਾ ਅਮਲ ਸ਼ੁਰੂ ਕੀਤਾ ਸੀ ਤੇ ਉਸ ਮਗਰੋਂ ਇਹ ਪਹਿਲਾ ਮੌਕਾ ਹੈ ਜਦੋਂ ਭਾਰਤ ਆਬਾਦੀ ਪੱਖੋਂ ਯੂਐੱਨ ਦੀ ਸੂਚੀ ਵਿੱਚ ਅੱਵਲ ਨੰਬਰ ਬਣਿਆ ਹੈ। ਸੰਯੁਕਤ ਰਾਸ਼ਟਰ ਦੇ ਵਰਲਡ ਪਾਪੂਲੇਸ਼ਨ ਪ੍ਰੌਸਪੈਕਟਸ-2022 ਮੁਤਾਬਕ ਸਾਲ 1950 ਵਿੱਚ ਭਾਰਤ ਤੇ ਚੀਨ ਦੀ ਅਬਾਦੀ ਕ੍ਰਮਵਾਰ 86.1 ਕਰੋੜ ਤੇ 114.4 ਕਰੋੜ ਸੀ। ਰਿਪੋਰਟ ਵਿੱਚ ਕੀਤੇ ਦਾਅਵੇ ਮੁਤਾਬਕ 2050 ਤੱਕ ਭਾਰਤ ਦੀ ਆਬਾਦੀ ਦੇ ਵੱਧ ਕੇ 166.8 ਕਰੋੜ ਹੋਣ ਦੇ ਆਸਾਰ ਹਨ ਜਦੋਂਕਿ ਚੀਨ ਦੀ ਵਸੋਂ ਘੱਟ ਕੇ 131.7 ਕਰੋੜ ਹੋ ਜਾਵੇਗੀ। ਰਿਪੋਰਟ ਦੀ ਮੰਨੀਏ ਤਾਂ 1950 ਤੋਂ ਹੁਣ ਤੱਕ ਕੁੱਲ ਆਲਮ ਦੀ ਆਬਾਦੀ ਹੁਣ ਤੱਕ ਦੀ ਸਭ ਤੋਂ ਸੁਸਤ ਰਫ਼ਤਾਰ (ਦਰ) ਨਾਲ ਵਧੀ ਹੈ। ਸਾਲ 2020 ਵਿੱਚ ਇਸ ਦਰ 'ਚ 1 ਫੀਸਦ ਦਾ ਨਿਘਾਰ ਆਇਆ ਸੀ। ਵਰਲਡ ਪਾਪੂਲੇਸ਼ਨ ਪ੍ਰੌਸਪੈਕਟਸ-2022 ਮੁਤਾਬਕ ਪਿਛਲੇ ਸਾਲ ਭਾਰਤ ਦੀ ਆਬਾਦੀ 141.2 ਕਰੋੜ ਜਦੋਂਕਿ ਚੀਨ ਦੀ 142.6 ਕਰੋੜ ਸੀ। ਰਿਪੋਰਟ ਮੁਤਾਬਕ 15 ਨਵੰਬਰ ਤੱਕ ਆਲਮੀ ਵਸੋਂ ਦੇ 8 ਅਰਬ ਦੇ ਅੰਕੜੇ ਨੂੰ ਪੁੱਜਣ ਦੇ ਆਸਾਰ ਸਨ। ਯੂਐੱਨਐੱਫਪੀਏ ਮੁਤਾਬਕ ਭਾਰਤ ਵਿੱਚ ਪੁਰਸ਼ਾਂ ਦੀ ਔਸਤ ਉਮਰ 71 ਜਦੋਂਕਿ ਔਰਤਾਂ ਦੀ 74 ਸਾਲ ਹੈ। ਸੰਯੁਕਤ ਰਾਸ਼ਟਰ ਪਾਪੂਲੇਸ਼ਨ ਫੰਡ (ਯੂਐੱਨਐੱਫਪੀਏ) ਦੀ ਪ੍ਰਤੀਨਿਧ ਤੇ ਭੂਟਾਨ ਲਈ ਕੰਟਰੀ ਡਾਇਰੈਕਟਰ ਆਂਦਰੀਆ ਵੋਜਨਾਰ ਨੇ ਕਿਹਾ, ''ਭਾਰਤ ਦੀ 1.4 ਅਰਬ ਆਬਾਦੀ ਨੂੰ 1.4 ਅਰਬ ਮੌਕਿਆਂ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਇਕ ਮੁਲਕ ਵਜੋਂ ਭਾਰਤ ਕੋਲ 15 ਤੋਂ 24 ਸਾਲ ਉਮਰ ਵਰਗ ਦੇ 25.4 ਕਰੋੜ ਲੋਕ ਹਨ, ਜੋ ਨਵੀਆਂ ਕਾਢਾਂ, ਨਵੇਂ ਵਿਚਾਰਾਂ ਤੇ ਸਥਾਈ ਹੱਲ ਦਾ ਸਰੋਤ ਹੋ ਸਕਦੇ ਹਨ।





ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵਿਖੇ ਖਾਲਸਾ ਜੀ ਦਾ ਪ੍ਰਗਟ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀਮਤੀ ਅਤੇ ਸ੍ਰੀ ਕਸਮੀਰੀ ਭਾਟੀਆ ਨਾਲ ਸਨਮਾਨ ਕੀਤਾ ਗਿਆ।

(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 3 'ਤੇ)

# ਗ੍ਰਹਿ ਯੁੱਧ ਦੀ ਅੱਗ ਵਿਚ ਝੁਲਸਿਆ ਸੂਡਾਨ, ਜੰਗ ਵਿਚ 270 ਮੌਤਾਂ

**ਖਰਤੂਮ (ਬਿਊਰੋ)–** ਕੌਮਾਂਤਰੀ ਪੱਧਰ 'ਤੇ ਸੁਲ੍ਹਾ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਕਾਮ ਰਹਿਣ ਮਗਰੋਂ ਜੰਗ ਦੇ ਪੰਜਵੇਂ ਦਿਨ ਸੂਡਾਨ ਦੀ ਰਾਜਧਾਨੀ ਧਮਾਕਿਆਂ ਅਤੇ ਭਾਰੀ ਗੋਲਾਬਾਰੀ ਨਾਲ ਗੂੰਜ ਪਈ। ਗੋਲੀਬੰਦੀ ਦੀ ਨਾਕਾਮੀ ਤੋਂ ਸੰਭਾਵਨਾ ਜਤਾਈ ਜਾ ਰਹੀ ਹੈ ਕਿ ਦੋਵੇਂ ਵਿਰੋਧੀ ਜਨਰਲ ਦੇਸ਼ 'ਤੇ ਕਬਜ਼ੇ ਲਈ ਇਕ-ਦੂਜੇ ਨੂੰ ਖ਼ਤਮ ਕਰਨ 'ਤੇ ਤੁਲੇ ਹੋਏ ਹਨ। ਹਿੰਸਾ ਕਾਰਨ ਆਪਣੇ ਘਰਾਂ 'ਚ ਕਈ ਦਿਨਾਂ ਤੋਂ ਬੰਦ ਲੋਕਾਂ ਨੇ ਹੁਣ ਦੂਜੀਆਂ ਥਾਵਾਂ ਵੱਲ ਚਾਲੇ ਪਾ ਦਿੱਤੇ ਹਨ। ਖਰਤੂਮ 'ਚ ਸੈਂਕੜੇ ਲੋਕ ਬੱਚਿਆਂ ਅਤੇ ਸਾਮਾਨ ਸਮੇਤ ਪੈਦਲ ਅਤੇ ਵਾਹਨਾਂ ਰਾਹੀਂ ਘਰ-ਬਾਰ ਛੱਡ ਰਹੇ ਹਨ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਪੰਜ ਦਿਨਾਂ ਦੀ ਜੰਗ ਦੌਰਾਨ 270 ਵਿਅਕਤੀ ਮਾਰੇ ਜਾ ਚੁੱਕੇ ਹਨ ਅਤੇ ਮੌਤਾਂ ਦੀ ਗਿਣਤੀ ਹੋਰ ਵਧਣ ਦੇ ਆਸਾਰ ਹਨ। ਚੌਵੀ ਘੰਟਿਆਂ ਦੀ ਗੋਲੀਬੰਦੀ ਮੰਗਲਵਾਰ ਸ਼ਾਮ ਤੋਂ ਬੁੱਧਵਾਰ ਸ਼ਾਮ ਤੱਕ ਲਾਗੂ ਹੋਣੀ ਸੀ ਪਰ ਪੂਰੀ ਰਾਤ ਹਮਲੇ ਹੁੰਦੇ ਰਹੇ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਦੋਵੇਂ ਗੁੱਟਾਂ ਦੇ ਜਨਰਲਾਂ ਨਾਲ ਫੋਨ 'ਤੇ ਗੱਲਬਾਤ ਕਰਕੇ ਗੋਲੀਬੰਦੀ ਦਾ ਸੁਝਾਅ ਦਿੱਤਾ ਸੀ।



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Programs of the months: April – May 2023

### April 23, 2023

**Sukhmani Sahib Path and Langar Sewa By Bhai Harbans Singh Rattu and Bibi Gyan Rattu**

Sukhmani Sahib Path and Langar Sewa will be hosted by Bhai Harbans Singh Rattu, Bibi Gyan Rattu and their family to celebrate their grand son's birthday. May Guru Sahib bless him with very happy, healthy and long life and keep Rattu family in Chardi Kala.

### April 30, 2023

**Sukhmani Sahib Path and Langar Sewa By Naranjan Singh and Bibi Santosh Kumari**

Bhai Naranjan Singh, Bibi Santosh Kumari and family will be holsting Sukhmani Sahib Path and Langar Sewa to thank Guru Sahib for blessing them with a grandson, May Guru Sahib bless their grandson with all the happiness and keep this family in Chardi Kala.

### May 7, 2023

**132st Birth Anniversary of Babasaheb Dr. B.R. Ambedkar**

132nd Birth anniversary of Bharat Rattan Babasaheb Dr. B.R. Ambedkar, father of the Indian Constitution, will be celebrated on May 7. 2023 in the Gurughar. Sukhmani Sahib Path and langar Sewa will be hosted by the Sangat,

Dr. B.R. Ambedkar was jurist, economist, visionary a humanitarian, great leader and renowned social reformer. Babasaheb spoke unequivocally against the inequality, injustice and discrimination. He worked tirelessly to help downtrodden people in getting education and jobs. Most of us are living a very happy life in various countries because of Babsahib's efforts and contributions. . As independent India's first law minister, he was the principal architect of the Constitution of India. He fought for women's rights and human rights. You are humbly requested to come and join us in the celebration.

### June 23-24-25, 2023

**Pittsburg Gurughar's 38th Anniversary**

ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥

Sri Guru Ravidass Temple Pittsburg's 38th anniversary will be celebrated on June 25, 2023. Akhand Path will start on Friday 6/23/2023 at 10:00 AM and will conclude with Bhog ceremony on Sunday 6/25/2023. Path and langar sewa will be hosted by Gurughar sevadars and entire Sangat. Gurugahr Ragi Jatha of Giani Balwinder Singh ji will do Kirtan Sewa along with other Kirtankars.

Entire Sangat is requested to attend the function and get Guru Sahib's blessings.

**www.sriguruuravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵਿਖੇ ਖਾਲਸਾ ਜੀ ਦਾ ਪ੍ਰਗਟ ਦਿਵਸ ਮਨਾਇਆ ਗਿਆ

**ਪਿਟਸਬਰਗ–** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵਿਖੇ ਖਾਲਸਾ ਜੀ ਦਾ ਪ੍ਰਗਟ ਦਿਹਾੜਾ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। 14 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਭਾਈ ਕਸ਼ਮੀਰੀ ਭਾਟੀਆ ਜੀ, ਬੀਬੀ ਕਮਲਜੀਤ ਭਾਈਆ, ਵੀਰੂ ਭਾਟੀਆ, ਬੀਨਾ ਭਾਟੀਆ, ਜੋਤੀ ਭਾਟੀਆ ਸਮੂਹ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕਰਵਾਏ ਗਏ।

ਦਿਨ ਐਤਵਾਰ 16 ਅਪ੍ਰੈਲ ਨੂੰ 11 ਵਜੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਬਲਵਿੰਦਰ ਸਿੰਘ ਸਮੂਹ ਜਥੇ ਨੇ ਗੁਰਬਾਣੀ ਕੀਰਤਨ ਗੁਰ ਇਤਿਹਾਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਤੋਂ ਬਾਅਦ ਭਾਈ ਜਗਜੀਤ ਸਿੰਘ ਜੀ ਸੈਨਹੋਜ਼ੇ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ। ਇਹਨਾਂ ਤੋਂ ਬਾਅਦ ਬੀਬੀ ਕਮਲਜੀਤ ਕੌਰ ਭਾਟੀਆ ਜੀ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ। ਉਪਰੰਤ ਗੁਰੂ ਘਰ ਦੇ ਸੈਕਟਰੀ ਧਰਮਪਾਲ ਜੀ ਚੌਂਕੜੀਆ ਤੇ ਓਮ ਪ੍ਰਕਾਸ਼ ਬਾਲੀ ਜੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**7 ਮਈ 2023 ਨੂੰ ਡਾ. ਬੀ. ਆਰ. ਅੰਬੇਦਕਰ ਜੀ ਦਾ 132ਵਾਂ ਜਨਮ ਦਿਨ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵਿਖੇ ਮਨਾਇਆ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸਮਾਗਮ ਵਿਚ ਹਾਜ਼ਰੀਆਂ ਭਰਨ ਦੀ ਕਿਰਪਾਲਤਾ ਕਰੋ ਜੀ।**






































# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ - ਦਮਦਮੀ ਟਕਸਾਲ ਟਰੇਸੀ ਦੇ ਨਗਰ ਕੀਰਤਨ ਦੌਰਾਨ ਹਜਾਂਰਾਂ ਸੰਗਤਾਂ ਨੇ ਸਮੂਲੀਅਤ ਕੀਤੀ

**ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ'ਚ ਦਮਦਮੀ ਟਕਸਾਲ ਦੇ ਅਸਥਾਨ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ -ਟਰੇਸੀ - ਕੈਲੀਫ਼ੋਰਨੀਆ ਵਿਖੇ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਹਜਾਰਾਂ ਸੰਗਤਾਂ ਦਾ ਗੁਰੂ ਘਰ ਤੇ ਨਗਰ ਕੀਰਤਨ ਚ ਹਾਜਰੀ ਭਰੀ। ਦੋ ਹਫ਼ਤੇ ਦੇ ਸਾਲਾਨਾ ਗੁਰਮਤਿ ਸਮਾਗਮ ਵਿੱਚ ਸਿੱਖ ਪੰਥ ਦੀਆਂ ਮਹਾਨ ਸਖਸ਼ੀਅਤਾਂ ਸ਼ਾਮਿਲ ਹੋਈਆ ਜਿਨ੍ਹਾਂ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ, ਪੰਥ ਦੇ ਸ਼ਿਰੋਮਣੀ ਕੀਰਤਨੀਏ ਭਾਈ ਹਰਜਿੰਦਰ ਸਿੰਘ ਸ਼੍ਰੀ ਨਗਰ ਵਾਲੇ, ਸਿੱਖ ਸਕਾਲਰ ਪੰਥ ਦੇ ਸਿਰਮੌਰ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ, ਭਾਈ ਸਰਬਜੀਤ ਸਿੰਘ ਜੀ ਰੰਗੀਲਾ ਦੁਰਗ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਡੀ ਜਥਾ, ਭਾਈ ਸਿਰੀਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਜਿੰਦਰ ਸਿੰਘ ਦਮਦਮੀ ਟਕਸਾਲ,



ਗਿਆਨੀ ਦਿਲਬਾਗ ਸਿੰਘ ਜੀ ਦਮਦਮੀ ਟਕਸਾਲ, ਭਾਈ ਕੁਲਦੀਪ ਸਿੰਘ ਜੀ ਦਮਦਮੀ ਟਕਸਾਲ ਨੇ ਗੁਰੂਜਸ ਸਰਵਣ ਕਰਵਾਇਆ। ਇਸ ਦੌਰਾਨ ਅੰਮ੍ਰਿਤ ਸੰਚਾਰ ਹੋਏ ਜਿਸ ਵਿੱਚ ਬੇਅੰਤ ਸੰਗਤਾਂ ਨੇ ਅੰਮ੍ਰਿਤ ਛੱਕ ਕੇ ਆਪਣੇ ਜੀਵਨ ਨੂੰ ਸਫਲਾ ਕੀਤੀ । ਇਸੇ ਦਿਨ ਹੀ ਸਪੋਰਟਸ ਡੇਅ ਵੀ ਆਯੋਜਿਤ ਕੀਤਾ ਗਿਆ ਜਿਸ ਵਿੱਚ ਹਜਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ । ਛੋਟੇ ਬੱਚਿਆ, ਬੀਬੀਆ ਅਤੇ ਬਜ਼ੁਰਗਾਂ ਦੀਆ ਦੌੜਾਂ ਤੋਂ ਇਲਾਵਾ ਰੱਸਾ ਕਸ਼ੀ, ਵਾਲੀਬਾਲ ਅਤੇ ਹੋਰ ਰਵਾਇਤੀ ਖੇਡਾਂ ਸਮੇਤ ਸਮਾਪਤੀ ਸਮੇਂ ਗੱਤਕੇ ਦੇ ਜੌਹਰ ਵਿਖਾਏ ਗਏ। ਘੋੜਸਵਾਰਾਂ ਨੇ ਵੀ ਕਰਤਬ ਦਿਖਾਏ। ਨਗਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਤਿਅੰਤ ਸੁੰਦਰ ਨਵੀਂ ਪਾਲਕੀ ਰੂਪ ਫ਼ਲੋਟ ਉੱਪਰ ਸ਼ੁਸ਼ੋਭਿਤ ਸਨ। ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ। ਵੱਖ ਵੱਖ ਲੰਗਰ ਸਟਾਲ ਪਰਿਵਾਰਾਂ ਵਲੋਂ ਸੰਗਤ ਦੀ ਸੇਵਾ ਵਾਸਤੇ ਲਾਏ ਗਏ । ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਬਾਬਾ ਧਰਮ ਸਿੰਘ ਜੀ ਨੇ ਵਿਦਵਾਨਾਂ ਨੂੰ ਸਨਮਾਨਿਤ ਕੀਤਾ। ਗੁਰੂਘਰ ਦੇ ਸੈਕਟਰੀ ਭਾਈ ਦੀਪ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਬਿਲਡਿੰਗ ਦੀ ਜਾਣਕਾਰੀ ਸੰਮੂਹ ਸੰਗਤ ਨਾਲ ਸਾਂਝੀ ਕੀਤੀ ਅਤੇ ਸੰਮੂਹ ਸੰਗਤ, ਕੀਰਤਨੀਆ, ਵਿਦਵਾਨਾਂ ਅਤੇ ਵੱਖ ਵੱਖ ਸੇਵਾਵਾਂ ਨਿਭਾਉਣ ਵਾਲੇ ਸਭ ਸੇਵਾਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਗਤਾਂ ਦੀ ਸੇਵਾ ਲਈ ਬਹੁਤ ਹੀ ਸੁਚੱਜੇ ਪ੍ਰਬੰਧ ਕੀਤੇ ਗਏ ਸਨ।

# ਸੈਕਰਾਮੈਂਟੋ, ਕੈਲੀਫੋਰਨੀਆ ਦੇ ਗੁਰਦੁਆਰੇ 'ਚ ਗੋਲੀਬਾਰੀ ਤੇ ਹੋਰ ਘਟਨਾਵਾਂ ਲਈ ਲੋੜੀਂਦੇ 17 ਪੰਜਾਬੀਆਂ ਨੂੰ ਕੀਤਾ ਕਾਬੂ

## ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ ਦੋ ਮਾਫੀਆ ਮੈਂਬਰ ਭਾਰਤ 'ਚ ਕਈ ਕਤਲਾਂ ਵਿੱਚ ਲੋੜੀਂਦੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਉੱਤਰੀ ਕੈਲੀਫੋਰਨੀਆ ਦੀਆਂ ਕਈ ਕਾਉਂਟੀਆਂ ਵਿੱਚ ਫੈਲੇ ਪੰਜਾਬੀ ਭਾਈਚਾਰੇ ਚ ਅਪਰਾਧਿਕ ਮਾਮਲਿਆਂ ਦੀ ਜਾਂਚ ਦੇ ਮੱਦੇਨਜਰ 17 ਪੰਜਾਬੀ ਮੁੰਡਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਅਪਰਾਧੀ ਸਟਾਕਟਨ, ਸੈਕਰਾਮੈਂਟੋ ਅਤੇ ਹੋਰ ਸਥਾਨਾਂ ਵਿੱਚ ਸਿੱਖ ਗੁਰਦੁਆਰੇ ਵਿੱਚ ਗੋਲੀਬਾਰੀ ਨਾਲ ਤੇ ਹੋਰ ਮਾਮਲਿਆਂ ਨਾਲ ਸਬੰਧਤ ਹਨ। ਵੱਖ ਵੱਖ ਕਾਨੂੰਨੀ ਏਜੰਸੀਆਂ ਵਲੋਂ ਅਭਿਆਨ ਤਹਿਤ ਏਜੰਟਾਂ ਨੇ ਐਤਵਾਰ ਨੂੰ 20 ਥਾਵਾਂ 'ਤੇ ਸਰਚ ਵਾਰੰਟ ਚਲਾਏ ਅਤੇ 41 ਹਥਿਆਰ ਜ਼ਬਤ ਕੀਤੇ। ਕੁਝ ਹਥਿਆਰਾਂ ਵਿੱਚ ਇੱਕ ਏਆਰ-15, ਏਕੇ 47, ਹੈਂਡਗਨ ਅਤੇ ਘੱਟੋ-ਘੱਟ ਇੱਕ ਮਸ਼ੀਨ ਗਨ ਸ਼ਾਮਲ ਸੀ।




ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੇ ਦਫਤਰ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਇਨਾਂ ਅਨਸਰਾਂ ਨੂੰ ਸੱਟਰ ਕਾਊਂਟੀ, ਸੈਕਰਾਮੈਂਟੋ ਕਾਊਂਟੀ, ਸੈਨ ਵਾਕਿਨ, ਸੋਲਾਨੋ, ਯੋਲੋ ਅਤੇ ਮਰਸਡ ਕਾਉਂਟੀਆਂ ਵਿੱਚ ਪੰਜ ਕਤਲਾਂ ਸਮੇਤ ਕਈ ਹਿੰਸਕ ਅਪਰਾਧਾਂ ਅਤੇ ਗੋਲੀਬਾਰੀ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਸਟਰ ਕਾਉਂਟੀ ਦੀ ਜ਼ਿਲ੍ਹਾ ਅਟਾਰਨੀ ਜੈਨੀਫਰ ਡੁਪਰੇ ਨੇ ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ, ਪਿਛਲੇ ਕਈ ਸਾਲਾਂ ਤੋਂ, ਸ਼ਾਂਤਮਈ ਸਿੱਖ ਭਾਈਚਾਰਾ ਇਨ੍ਹਾਂ ਅਪਰਾਧੀ ਲੋਕਾਂ ਦੁਆਰਾ ਕੀਤੀਆਂ ਗਈਆਂ ਹਿੰਸਾ ਦੀਆਂ ਕਾਰਵਾਈਆਂ ਨਾਲ ਜੂਝ ਰਿਹਾ ਹੈ। ਡੁਪਰੇ ਨੇ ਕਿਹਾ, ਇਹ ਹਿੰਸਾ 2018 ਵਿੱਚ ਸਿੱਖ ਪਰੇਡ ਵਿੱਚ ਮੁੱਠਭੇੜਾਂ ਅਤੇ ਤਲਵਾਰਾਂ ਦੇ ਹਮਲਿਆਂ ਨਾਲ ਸ਼ੁਰੂ ਹੋਈ ਅਤੇ ਗੋਲੀਬਾਰੀ ਤੱਕ ਵਧ ਗਈ, ਤੇ ਬਾਅਦ ਸਤੰਬਰ 2021 ਵਿੱਚ ਯੂਬਾ ਸਿਟੀ ਵਿੱਚ ਇੱਕ ਵਿਆਹ ਦੀ ਪਾਰਟੀ ਵਿੱਚ ਵੀ ਗੋਲਾਬਾਰੀ ਹੋਈ। ਉਦੋਂ ਤੋਂ, ਸਮੂਹ 10 ਹੋਰ ਗੋਲੀਬਾਰੀ ਵਿੱਚ ਸ਼ਾਮਲ ਹੋਏ ਹਨ, ਅਤੇ ਹੁਣ ਤੱਕ ਕੁੱਲ 11 ਆਦਮੀਆਂ ਨੂੰ ਗੋਲੀ ਮਾਰ ਦਿੱਤੀ ਗਈ ਹੈ।

ਉਸਨੇ ਕਿਹਾ ਕਿ ਇਸ ਵਿੱਚ ਅਗਸਤ 2022 ਵਿੱਚ ਸਟਾਕਟਨ ਵਿੱਚ ਸਿੱਖ ਗੁਰਦੁਆਰੇ ਦੇ ਬਾਹਰ ਗੋਲੀਬਾਰੀ ਕਰਨ ਵਾਲੇ ਪੰਜ ਵਿਅਕਤੀ ਅਤੇ ਪਿਛਲੇ ਮਹੀਨੇ ਸੈਕਰਾਮੈਂਟੋ ਵਿੱਚ ਸਿੱਖ ਗੁਰਦੁਆਰੇ ਵਿੱਚ ਦੋ ਵਿਅਕਤੀਆਂ ਨੂੰ ਗੋਲੀ ਮਾਰੀ ਗਈ ਸੀ।ਅਧਿਕਾਰੀਆਂ ਨੇ ਕਿਹਾ ਕਿ ਦਸੰਬਰ 2022 ਵਿੱਚ ਵੁੱਡਲੈਂਡ ਗੋਲੀਬਾਰੀ ਤੋਂ ਪੈਦਾ ਹੋਏ ਕਤਲ ਅਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਦੋ ਲੋਕ ਭਾਰਤ ਵਿੱਚ ਕਈ ਕਤਲਾਂ ਲਈ ਲੋੜੀਂਦੇ ਹਨ। ਅਟਾਰਨੀ ਜਨਰਲ ਰੋਬ ਬੋਂਟਾ ਨੇ ਕਿਹਾ, ਅੱਜ ਕੈਲੀਫੋਰਨੀਆ ਡਿਪਾਰਟਮੈਂਟ ਆਫ ਜਸਟਿਸ ਏਜੰਟਾਂ ਅਤੇ ਸੱਟਰ ਕਾਉਂਟੀ ਵਿੱਚ ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਸਹਿਯੋਗ, ਕੰਮ ਕਰਨ ਦੇ ਢੰਗ ਅਤੇ ਤੇਜ਼ ਕਾਰਵਾਈ ਲਈ ਧੰਨਵਾਦੀ ਹਾਂ। ਕਿਸੇ ਵੀ ਪਰਿਵਾਰ ਨੂੰ ਕਦੇ ਵੀ ਆਂਢ-ਗੁਆਂਢ




ਵਿੱਚ ਗੋਲੀਬਾਰੀ ਜਾਂ ਬੰਦੂਕ ਦੀ ਹਿੰਸਾ ਦੇ ਹੋਰ ਰੂਪਾਂ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ ਜਿੱਥੇ ਉਨ੍ਹਾਂ ਦੇ ਬੱਚੇ ਰਹਿੰਦੇ ਹਨ ਅਤੇ ਖੇਡਦੇ ਹਨ।

ਅਟਾਰਨੀ ਜਨਰਲ ਦਫਤਰ ਦੇ ਅਨੁਸਾਰ, ਕੈਲੀਫੋਰਨੀਆ ਦੇ ਨਿਆਂ ਵਿਭਾਗ, ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨਜ਼ ਅਤੇ ਕਈ ਸਥਾਨਕ ਏਜੰਸੀਆਂ ਸਮੇਤ ਘੱਟੋ-ਘੱਟ 20 ਏਜੰਸੀਆਂ ਨੇ ਜਾਂਚ ਵਿੱਚ ਹਿੱਸਾ ਲਿਆ। ਡੁਪਰੇ ਨੇ ਕਿਹਾ ਕਿ ਜਾਂਚ ਵਿੱਚ ਸ਼ਾਇਦ ਘੱਟੋ ਘੱਟ 500 ਲਾਅ ਇਨਫੋਰਸਮੈਂਟ ਏਜੰਸੀਆਂ ਵਾਲੇ ਅਧਿਕਾਰੀ ਸ਼ਾਮਲ ਹਨ। ਗਰੋਹ ਦੇ ਸ਼ੱਕੀ ਮੈਂਬਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਲਾਖਾਂ ਪਿੱਛੇ ਸੁੱਟ ਰਹੇ ਹਾਂ। ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਕਾਰਵਾਈ ਨੇ ਦੋ ਹੋਰ ਗੋਲੀਬਾਰੀ ਹੋਣ ਤੋਂ ਰੋਕੀ। ਯੂਬਾ ਸੂਟਰ ਨਾਰਕੋਟਿਕ ਅਤੇ ਗੈਂਗ ਇਨਫੋਰਸਮੈਂਟ ਟਾਸਕ ਫੋਰਸ, ਯੂਬਾ ਸਿਟੀ ਪੁਲਿਸ ਡਿਪਾਰਟਮੈਂਟ, ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਜਸਟਿਸ ਸਪੈਸ਼ਲ ਆਪ੍ਰੇਸ਼ਨ ਯੂਨਿਟ, ਕੈਲੀਫੋਰਨੀਆ ਹਾਈਵੇ ਪੈਟਰੋਲ ਸਪੈਸ਼ਲ ਆਪ੍ਰੇਸ਼ਨ ਯੂਨਿਟ, ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ, ਯੂਐਸ ਡਰੱਗ ਇਨਫੋਰਸਮੈਂਟ ਵਿਚਕਾਰ ਸਾਂਝੇ ਯਤਨਾਂ ਦੇ ਹਿੱਸੇ ਵਜੋਂ ਜਾਂਚ ਫਰਵਰੀ 2023 ਵਿੱਚ ਸ਼ੁਰੂ ਹੋਈ ਸੀ। ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਇਸ ਅਪ੍ਰੇਸ਼ਨ ਨੂੰ ਬਰੋਕਨ ਸਵੋਰਡਜ (ਭਾਵ ਟੁੱਟੀ ਹੋਈ ਕਿਰਪਾਨ) ਦਾ ਨਾਂ ਦਿੱਤਾ ਗਿਆ।

ਸੈਕਰਾਮੈਂਟੋ ਕਾਉਂਟੀ ਦੇ ਜ਼ਿਲ੍ਹਾ ਅਟਾਰਨੀ ਥੀਏਨ ਹੋ ਨੇ ਕਿਹਾ ਕਿ ਦੋਸ਼ ਅਤੇ ਜਾਂਚ ਕਿਸੇ ਵੀ ਤਰੀਕੇ ਨਾਲ ਸਿੱਖ ਭਾਈਚਾਰੇ ਨੂੰ ਪ੍ਰਤੀਬਿੰਬਤ ਜਾਂ ਪ੍ਰਭਾਵਿਤ ਨਹੀਂ ਕਰਦੇ ਹਨ ਜੋ ਇਸ ਖੇਤਰ ਵਿੱਚ ਵੱਡੇ ਭਾਈਚਾਰੇ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਪੰਜਾਬੀ ਭਾਈਚਾਰਾ ਜਿਥੇ ਇਨਾਂ ਮਾੜੇ ਅਨਸਰਾਂ ਨੂੰ ਫੜੇ ਜਾਣ ਤੇ ਹੈਰਾਨ ਤੇ ਸ਼ੋਕ ਵਿੱਚ ਉਥੇ ਇਨਾਂ ਨੂੰ ਫੜੇ ਜਾਣ ਤੇ ਖੁਸ਼ ਵੀ ਹੈ ਕਿਓਂ ਕਿ ਬੀਤੇ ਦਿਨ ਜੋ ਸੈਕਰਾਮੇਂਟੋਂ ਇਕ ਨਗਰ ਕੀਰਤਨ ਦੌਰਾਨ ਇਨਾਂ ਵਲੋਂ ਗੋਲੋਬਾਰੀ ਕਾਰਨ ਸਾਰੇ ਭਾਈਚਾਰੇ ਨੂੰ ਨਿਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਤੇ ਨਗਰ ਕੀਰਤਨ ਵਿਚਾਲੇ ਹੀ ਬੰਦ ਕਰਨਾ ਪਿਆ ਸੀ। ਇਨਾ ਦੀਆਂ ਗ੍ਰਿਫਤਾਰੀਆਂ ਕਾਰਨ ਜਿਥੇ ਲਾਅ ਇਨਫੋਰਸਮੈਂਟ ਏਜੰਸੀਆਂ ਨੂੰ ਕੁਝ ਰਾਹਤ ਮਿਲੀ ਹੈ ਉਥੇ ਹੁਣ ਭਾਈਚਾਰੇ ਨੂੰ ਵੀ ਸੁੱਖ ਦਾ ਸਾਹ ਆਵੇਗਾ।

# ਕੇਂਦਰੀ ਸੰਸਦੀ ਮਾਮਲੇ ਅਤੇ ਸੱਭਿਆਚਾਰ ਰਾਜ ਮੰਤਰੀ ਨੇ ਚੱਲ ਰਹੀਆਂ ਯੋਜਨਾਵਾਂ ਦਾ ਕੀਤਾ ਰੀਵਿਓ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਭਾਰਤ ਸਰਕਾਰ ਵੱਲੋਂ ਜਨ ਭਲਾਈ ਹਿੱਤ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਲੋਕਾਂ ਤੱਕ ਪਹੁੰਚੇ ਅਤੇ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੇ ਵਿਕਾਸ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੈ ਤਾਂ ਜੋ ਲੋਕ ਇਨ੍ਹਾਂ ਯੋਜਨਾਵਾਂ ਦੇ ਬਾਰੇ ਵਿੱਚ ਪੂਰੀ ਤਰ੍ਹਾਂ ਨਾਲ ਜਾਣ ਸਕਣ। ਇਹ ਪ੍ਰਗਟਾਵਾ ਸ੍ਰੀ ਅਰਜੁਨ ਰਾਮ ਮੇਘਵਾਲ ਕੇਂਦਰੀ ਸੰਸਦੀ ਮਾਮਲੇ ਅਤੇ ਸੱਭਿਆਚਾਰ ਰਾਜ ਮੰਤਰੀ ਭਾਰਤ ਸਰਕਾਰ ਨੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਮੀਟਿੰਗ ਹਾਲ ਵਿੱਚ ਜਿਲ੍ਹਾ ਪ੍ਰਸਾਸਨਿਕ ਅਧਿਕਾਰੀਆਂ ਨਾਲ ਇੱਕ ਵਿਸੇਸ ਮੀਟਿੰਗ ਦੋਰਾਨ ਕੀਤਾ। ਇਸ ਮੋਕੇ ਤੇ ਸਰਵਸ੍ਰੀ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ। ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸਨਰ ਜ਼ਰਨਲ, ਕਾਲਾ ਰਾਮ ਕਾਂਸਲ ਐਸ।ਡੀ।ਐਮ। ਪਠਾਨਕੋਟ, ਹਰਜਿੰਦਰ ਸਿੰਘ ਐਸ।ਡੀ।ਐਮ। ਧਾਰ ਕਲ੍ਹਾ, ਵਿਜੈ ਸਰਮਾ ਜਿਲ੍ਹਾ ਪ੍ਰਧਾਨ, ਜਿਲ੍ਹਾ ਮੁੱਖ ਸਕੱਤਰ ਸੁਰੇਸ ਸਰਮਾ, ਵਿਨੋਦ ਧਿਮਾਨ, ਸਾਬਕਾ ਮੰਤਰੀ ਮਾਸਟਰ ਮੋਹਣ ਲਾਲ, ਸਾਬਕਾ ਵਿਧਾਇਕ ਸੀਮਾ ਕੁਮਾਰੀ, ਸਾਬਕਾ ਮੇਅਰ ਅਨਿਲ ਵਾਸੁਦੇਵਾ, ਰਜਿੰਦਰ ਬਿੱਟਾ ਸੂਬਾ ਪ੍ਰਧਾਨ ਓ।ਬੀ।ਸੀ।, ਰੂਪ ਲਾਲ ਸਾਬਕਾ ਪ੍ਰਧਾਨ ਨਗਰ ਕੌਂਸਲ ਸੁਜਾਨਪੁਰ, ਪੰਕਜ ਜੋਸੀ ਓ।ਐਸ।ਡੀ। ਸੰਸਦ ਸੰਨੀ ਦਿਉਲ, ਜਸਵਿੰਦਰ ਢਿੱਲੋਂ ਲੋਕ ਪ੍ਰਵਾਰੀ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ।

ਜਿਕਰਯੋਗ ਹੈ ਕਿ ਸ੍ਰੀ ਅਰਜੁਨ ਰਾਮ ਮੇਘਵਾਲ ਕੇਂਦਰੀ ਸੰਸਦੀ ਮਾਮਲੇ ਅਤੇ ਸੱਭਿਆਚਾਰ ਰਾਜ ਮੰਤਰੀ ਭਾਰਤ ਸਰਕਾਰ ਨੇ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀਆਂ ਨਾਲ ਚਰਚਾ ਕੀਤੀ ਅਤੇ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਯੋਜਨਾਵਾਂ ਦਾ ਰੀਵਿਓ ਕੀਤਾ। ਉਨ੍ਹਾਂ ਵੱਖ ਵੱਖ ਵਿਭਾਗਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਜੋ ਵੀ ਕੰਮ ਕਰਵਾਏ ਜਾ ਰਹੇ ਹਨ ਉਨ੍ਹਾਂ ਕੰਮਾਂ ਦੀ ਸੰਖਿਆ ਵਧਾਈ ਜਾਵੈ ਤਾਂ ਜੋ ਭਾਰਤ ਸਰਕਾਰ ਵੱਲੋਂ ਜਿਆਦਾ ਤੋਂ ਜਿਆਦਾ ਫੰਡ ਮੁਹੇਈਆਂ ਕਰਵਾ ਕੇ ਜਨ ਭਲਾਈ ਸਕੀਮਾਂ ਨੂੰ ਲਿਆਂਦਾ ਜਾਵੈ ਤਾਂ ਜੋ ਲੋਕਾਂ ਨੂੰ ਇਨ੍ਹਾਂ ਕਾਰਜਾਂ ਦਾ ਲਾਭ ਮਿਲ ਸਕੇ। ਉਨ੍ਹਾਂ ਵੱਖ ਵੱਖ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਲੋਕਾਂ ਨੂੰ ਸਰਕਾਰ ਦੀਆਂ ਯੋਜਨਾਵਾਂ ਤੋਂ ਜਾਣੂ ਕਰਵਾਉਂਣ ਲਈ ਜਾਗਰੁਕਤਾਂ ਕੈਂਪ ਵੀ ਲਗਾਏ ਜਾਣ ਤਾਂ ਜੋ ਲੋਕ ਇਨ੍ਹਾਂ ਯੋਜਨਾਵਾਂ ਬਾਰੇ ਜਾਣ ਸਕਣ ਅਤੇ ਇਨ੍ਹਾਂ ਯੋਜਨਾਵਾਂ ਤੋਂ ਲਾਭ ਪ੍ਰਾਪਤ ਕਰ ਸਕਣ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਕੈਂਟਰ ਗੱਡੀ ਹੇਠ ਆਉਣ ਨਾਲ 7 ਸ਼ਰਧਾਲੂਆਂ ਦੀ ਮੌਤ 6 ਦੀ ਹਾਲਤ ਨਾਜ਼ੁਕ, 14 ਜ਼ਖ਼ਮੀ

## ਸਰਕਾਰ ਵਲੋਂ ਮ੍ਰਿਤਕਾਂ ਨੂੰ 2-2 ਲੱਖ ਰੁਪਏ ਤੇ ਜਖਮੀਆ ਨੂੰ ਇਲਾਜ ਦੇ ਲਈ 1-1 ਲੱਖ ਰੁਪਏ ਦੇਣ ਦਾ ਐਲਾਨ

**ਗੜ੍ਹਸੰਕਰ (ਸਤਨਾਮ ਸਿੰਘ ਸਹੂੰਗੜਾ)** ਬੀਤੀ ਰਾਤ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਅੱਜ ਫਿਰ ਦਰਦਨਾਕ ਇੱਕ ਵੱਡਾ ਸੜਕ ਹਾਦਸਾ ਵਾਪਰ ਗਿਆ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਿਸਾਖੀ ਮਨਾਉਣ ਲਈ ਪੈਦਲ ਜਾ ਰਹੇ ਸ਼ਰਧਾਲੂਆਂ ਨੂੰ ਕੈਂਟਰ ਗੱਡੀ ਨੰਬਰ ਪੀ।ਬੀ-65-ਆਰ-3334 ਦਾ ਸੰਤੁਲਨ ਵਿਗੜਨ ਕਾਰਨ ਗੱਡੀ ਨਾਲ ਫੇਟ ਵੱਜਣ ਦੌਰਾਨ 7 ਵਿਅਕਤੀਆਂ ਦੀ ਮੌਤ ਹੋਣ ਦੀ ਖ਼ਬਰ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਵਿਸਾਖੀ ਮੌਕੇ ਪਹੁੰਚੀ ਸੰਗਤ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ (ਬੱਸੀ) ਤੋਂ ਚਰਨਛੋਹ ਗੰਗਾ ਵੱਲ ਪੈਦਲ ਦਰਸ਼ਨ ਕਰਨ ਜਾ ਰਹੇ ਸਨ। ਇਸ ਦੌਰਾਨ ਪਿੱਛੇ ਤੋਂ ਆ ਰਿਹਾ ਇੱਕ ਕੈਂਟਰ ਗੱਡੀ ਨੰਬਰ ਪੀ।ਬੀ-65-ਅਰ-3334 ਸ਼ਰਧਾਲੂਆਂ ਉੱਪਰ ਜਾ ਚੜ੍ਹਿਆ ਜਿਸ ਕਾਰਨ 7 ਵਿਅਕਤੀਆਂ ਦੀ ਮੌਕੇ ਤੇ ਹੀ ਮੌਤ ਹੋ ਗਈ । ਜਦਕਿ 14 ਗੰਭੀਰ ਜ਼ਖਮੀ ਹੋਏ, 6 ਵਿਅਕਤੀਆਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। 16 ਜ਼ਖ਼ਮੀਆਂ ਨੂੰ ਪ੍ਰਬੰਧਕਾਂ ਵੱਲੋਂ ਸਰਕਾਰੀ ਹਸਪਤਾਲ ਗੜ੍ਹਸ਼ੰਕਰ ਪਹੁੰਚਾਇਆ ਗਿਆ। 6 ਗੰਭੀਰ ਜ਼ਖ਼ਮੀ ਵਿਅਕਤੀਆਂ ਨੂੰ ਪੀ।ਜੀ।ਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਮ੍ਰਿਤਕਾਂ ਦੀ ਪਛਾਣ ਰਾਹੁਲ ਪੁੱਤਰ ਸਹਿਨਪਾਲ ਵਾਸੀ ਮਸਤਾਨ ਖੇੜਾ (ਯੂ।ਪੀ), ਸੰਤੋਸ਼ ਪਤਨੀ ਲੇਟ ਮਲੂਕ ਦਾਸ, ਅਮਗੁਰੀ ਪਤਨੀ ਚੂੜਾ ਰਾਮ ,ਸੰਦੇਸ਼ ਪਾਲ ਪੁੱਤਰ ਰਾਮ, ਉਨਤੀ ਪੁੱਤਰੀ ਪੁਸ਼ਪਿੰਦਰ, ਸੀਤਾ ਦੇਵੀ ਪਤਨੀ ਪੁਸ਼ਪਿੰਦਰ ਵਾਸੀਆਨ ਸਮੋਲੀ ਮਾਜਰਾ ਯਮੁਨਾਨਗਰ, ਰਾਮੋਹ ਪੁੱਤਰੀ ਸ਼ੀਸ਼ਪਾਲ ਵਾਸੀ ਕਾਕੜਾ ਮੁੱਜਫਰਨਗਰ (ਯੂ।ਪੀ) ਵਜੋਂ ਹੋਈ। ਇਸ ਤੋਂ ਇਲਾਵਾ ਜਿਆਦਾ ਗੰਭੀਰ ਜ਼ਖਮੀਆਂ ਦੀ ਪਛਾਣ ਜਿਨ੍ਹਾਂ ਨੂੰ ਪੀਜੀਆਈ ਚੰਡੀਗੜ ਵਿਖੇ ਰੈਫਰ ਕੀਤਾ ਗਿਆ ਪਰਿਆਸ਼ ਪੁੱਤਰ ਅਰੁਣ ਵਾਸੀ ਮਸਤਾਨ ਖੇੜਾ (ਯੂ।ਪੀ), ਗੁਰਜੋਤ ਸਿੰਘ ਪੁੱਤਰ ਮਨਪ੍ਰੀਤ ਸਿੰਘ ਵਾਸੀ ਲਾਲਕਲਾ ਸਮਰਾਲਾ (ਲੁਧਿਆਣਾ), ਸੁਖਦੇਵ ਪੁੱਤਰ ਇੰਦਰਜੀਤ ਵਾਸੀ ਜੰਡਿਆਲੀ (ਲੁਧਿਆਣਾ), ਰਸ਼ਨੀ ਪੁੱਤਰੀ ਸਰੇਸ਼ ਵਾਸੀ ਸਿੰਦਲਪੁਰ ਭਾਦਸੋ ਨਾਭਾ, ਜੋਗਿੰਦਰੋ ਦੇਵੀ ਪਤਨੀ ਅਮਰਨਾਥ ਵਾਸੀ ਯਮੁਨਾਨਗਰ, ਟੀਨਾ ਪੁੱਤਰੀ ਨਰੇਸ਼ਪਾਲ ਵਾਸੀ ਸਿੰਦਰਪੁਰ ਭਾਦਸੋਂ ਨਾਭਾ ਜੋ 14 ਵਿਆਕਤੀ




ਜ਼ਖ਼ਮੀ ਹੋਏ ਉਨ੍ਹਾਂ ਨੂੰ ਸਿਵਲ ਹਸਪਤਾਲ ਗੜ੍ਹਸ਼ੰਕਰ ਜੇਰੇ ਇਲਾਜ ਹਨ ਦੀ ਪਛਾਣ ਸਸ਼ੀਲਾ ਪਤਨੀ ਨਰੇਸ਼ਪਾਲ ਵਾਸੀ ਵਾਸੀ ਮਸਤਾਨ ਖੇੜਾ (ਯੂਪੀ), ਊਸ਼ਾ ਰਾਣੀ ਪਤਨੀ ਨਰੇਸ਼ ਕੁਮਾਰ, ਦੀਪਾ ਪਤਨੀ ਕਮਲ, ਝੁਟਕੀ ਪਤਨੀ ਕਮਲ ਵਾਸੀਆਨ ਰਾਮਪੁਰ ਲੁਧਿਆਣਾ, ਪੁਸ਼ਪਿੰਦਰ ਪੁੱਤਰ ਮਮਫਲ, ਸਕਿੰਦਰ ਪੁੱਤਰ ਮਮਫਲ ਵਾਸੀਆਨ ਮਸਤਾਨ ਖੇੜਾ (ਯੂਪੀ), ਨਰੇਸ਼ ਕੁਮਾਰ ਪੁੱਤਰ ਕਟਾਰ ਸਿੰਘ ਵਾਸੀ ਰਾਮਪੁਰਾ (ਲੁਧਿਆਣਾ), ਡਿੰਪਲ ਪੁੱਤਰੀ ਸਿੰਕਦਰ ਸਿੰਘ, ਅਨੁਸ਼ਕਾ ਪੁੱਤਰੀ ਸੁਦੇਸ਼ ਪਾਲ, ਕਾਰਤਿਕ ਪੁੱਤਰ ਪੁਸ਼ਪਿੰਦਰ ਪਾਲ, ਸੁਨੇਨਾ ਪੁੱਤਰੀ ਸਿੰਕਦਰ, ਸਰਮੀਲਾ ਪਤਨੀ ਸੁਦੇਸ਼ ਪਾਲ, ਸਿੰਕਦਰ ਸਿੰਘ ਪੁੱਤਰ ਰਾਮਫ਼ਲ, ਕੁਸ਼ਮ ਪਤਨੀ ਸੀਸਪਾਲ ਵਾਸੀਆਨ ਸਿੰਦਰਪੁਰ ਭਾਦਸੋਂ ਨਾਭਾ ਪੁਲਿਸ ਤੇ ਪ੍ਰਸ਼ਾਸ਼ਨ ਵਲੋਂ ਮੌਕੇ ਤੇ ਪਹੁੰਚ ਕੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਭੇਜ ਦਿੱਤਾ ਗਿਆ। ਇਸ ਹਾਦਸੇ ਵਿੱਚ ਐਸ ਡੀ ਐਮ ਗੜ੍ਹਸ਼ੰਕਰ ਵਲੋਂ ਮੌਕੇ ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਾਪਰੇ ਸੜਕ ਹਾਦਸੇ ਵਿੱਚ ਸੂਬਾ ਸਰਕਾਰ ਵਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੀ ਸਹਾਇਤਾ ਤੇ ਜਖਮੀਆ ਨੂੰ ਇਲਾਜ ਦੇ ਲਈ 1-1 ਲੱਖ ਰੁਪਏ ਦਾ ਐਲਾਨ ਕੀਤਾ ਗਿਆ ।

**ਇੱਕ ਦਿਨ ਪਹਿਲਾਂ ਵਾਪਰੇ ਸੜਕ ਹਾਦਸੇ ਤੋਂ ਪ੍ਰਸ਼ਾਸਨ ਨੇ ਸਬਕ ਨਹੀਂ ਲਿਆ :- ਸਾਬਕਾ**



ਕਾਮਰੇਡ ਦਰਸ਼ਨ ਮੱਟੂ



ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ



ਯੂਥ ਪ੍ਰਧਾਨ ਕਮਲ ਕਟਾਰੀਆ

**ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ**

ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਗੜ੍ਹਸ਼ੰਕਰ ਤੋਂ ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਕਿਹਾ ਕਿ ਇੱਕ ਦਿਨ ਪਹਿਲਾਂ ਵਾਪਰੇ ਸੜਕ ਹਾਦਸੇ ਤੋਂ ਪ੍ਰਸ਼ਾਸਨ ਨੇ ਸਬਕ ਨਹੀਂ ਲਿਆ । ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੌਕੇ ਹਲਕੇ ਦੀਆਂ ਸਾਰੀਆਂ ਸੜਕਾਂ ਨੂੰ ਬੇਹਤਰਹੀਨ ਤਰੀਕੇ ਨਾਲ ਬਣਾਇਆ ਗਿਆ ਸੀ। ਪਰ ਪਿਛਲੇ ਸਮੇਂ ਦੀ ਕਾਂਗਰਸ ਸਰਕਾਰ ਅਤੇ ਹੁਣ ਮੌਜੂਦਾ ਆਪ ਸਰਕਾਰ ਸਰਕਾਰ ਵੱਲੋਂ ਇਨ੍ਹਾਂ ਸੜਕਾਂ ਦੀ ਕੋਈ ਸਾਰ ਨਹੀਂ ਲਈ ਗਈ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਰਾਜ ਪੱਧਰੀ ਸਮਾਗਮ ਹਰ ਸਾਲ ਕਰਵਾਇਆ ਜਾਂਦਾ ਸੀ ਹੁਣ ਦੀ ਆਪ ਸਰਕਾਰ ਨੇ ਤੱਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਦੇ ਪਵਿੱਤਰ ਅਸਥਾਨ ਨੂੰ ਅਣਗੌਲਿਆ ਕੀਤਾ ਹੈ। ਜਿਸ ਨਾਲ ਨਾਮ ਲੇਵਾ ਸੰਗਤਾਂ ਵਿੱਚ ਵੱਡੇ ਪੱਧਰ ਤੇ ਰੋਸ ਹੈ ਹਾਦਸੇ ਵਿਚ ਜਾਨ ਗੁਆ ਚੁੱਕੇ ਸ਼ਰਧਾਲੂਆਂ ਨੂੰ ਸੂਬਾ ਸਰਕਾਰ ਵੱਡੇ ਪੱਧਰ ਤੇ ਗਰਾਂਟ ਦਾ ਐਲਾਨ ਕਰੇ ਅਤੇ ਜਖਮੀਆਂ ਦਾ ਬਿਲਕੁਲ ਮੁਫਤ ਇਲਾਜ ਕਰਵਾਏ।

**ਪ੍ਰਸ਼ਾਸਨ ਨੂੰ ਪਾਰਕਿੰਗ ਦੇ ਲਈ ਸਹੀ ਰੂਟ ਮੈਪ ਤੇ ਵਾਹਨਾਂ ਸਬੰਧੀ ਅਪੀਲ ਕਰਨੀ ਚਾਹੀਦੀ ਸੀ - ਯੂਥ ਪ੍ਰਧਾਨ ਕਮਲ ਕਟਾਰੀਆਂ**

ਇਸ ਸਬੰਧੀ ਹਲਕਾ ਗੜ੍ਹਸ਼ੰਕਰ ਦੇ ਯੂਥ ਪ੍ਰਧਾਨ ਸਰਪੰਚ ਕਮਲ ਕਟਾਰੀਆਂ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਪਾਰਕਿੰਗ ਦੇ ਲਈ ਸਹੀ ਰੂਟ ਮੈਪ ਤੇ ਵਾਹਨਾਂ ਸਬੰਧੀ ਅਪੀਲ ਕਰਨੀ ਚਾਹੀਦੀ ਸੀ ਤੇ ਸ੍ਰੀ ਖੁਰਾਲਗੜ ਸਾਹਿਬ ਵਿਖੇ ਹਰ ਸਾਲ ਵੱਡੇ ਪੱਧਰ ਸਮਾਗਮ ਹੁੰਦੇ ਹਨ। ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਡੇ ਪੱਧਰ ਤੇ ਗੁਰੂ ਘਰ ਸੀਸ ਨਿਭਾਉਣ ਆਉਂਦੀਆਂ ਹਨ। ਸਥਾਨਕ ਪ੍ਰਸ਼ਾਸਨ ਅਤੇ ਪ੍ਰਬੰਧਕ ਕਮੇਟੀ ਸਮਾਗਮ ਤੋਂ ਪਹਿਲਾਂ ਗੱਡੀਆਂ ਪਾਰਕਿੰਗ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਸੀ ਅਤੇ ਸੰਗਤਾਂ ਨੂੰ ਗੁਰੂ ਘਰ ਆਉਣ ਦੇ ਲਈ ਸਹੀ ਰੂਟ ਸਬੰਧੀ ਅਪੀਲ ਕਰਨੀ ਚਾਹੀਦੀ ਹੈ।

**ਪਹਾੜੀ ਇਲਾਕਿਆਂ ਵਿੱਚ ਖਾਸ ਕਰ ਮੇਲਿਆਂ ਵਿੱਚ ਭਾਰ ਢੋਣ ਵਾਲੇ ਸਾਧਨਾਂ ਤੋ ਸੰਗਤ ਗੁਰੇਜ਼ ਕਰੇ- ਕਾਮਰੇਡ ਦਰਸ਼ਨ ਮੱਟੂ**

ਇਸ ਸਬੰਧੀ ਸੀਪੀਆਈ ਆਗੂ ਕਾਮਰੇਡ ਦਰਸ਼ਨ ਮੱਟੂ ਨੇ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕੇ ਗੁਰੂ ਘਰ ਆਉਣ ਲਈ ਸਮਾਨ ਢੋਹਣ ਵਾਲੀਆਂ ਗੱਡੀਆਂ ਦੀ ਵਜਾਏ ਸਵਾਰੀਆਂ ਵਾਲੀਆਂ ਗੱਡੀਆਂ ਵਰਤੀਆਂ ਜਾਣ ਅਤੇ ਸੜਕ ਦਰਮਿਆਨ ਕਿਸੇ ਤਰਾਂ ਦੀ ਕੋਈ ਵੀ ਜਲਦਬਾਜ਼ੀ ਨਾ ਕੀਤੀ ਜਾਵੇ।

ਜਾਨ ਤੋਂ ਕੀਮਤੀ ਕੁਝ ਵੀ ਨਹੀਂ ਹੁੰਦਾ, ਇਸ ਲਈ ਗੁਰੂ ਘਰ ਤੋਂ ਆਸ਼ੀਰਵਾਦ ਲੈ ਕੇ ਰਾਜੀ ਖੁਸ਼ੀ ਆਪਣੇ ਪਰਿਵਾਰਾਂ ਵਿੱਚ ਪਹੁੰਚ ਕੇ ਮਾਲਕ ਦਾ ਸ਼ੁਕਰ ਕਰਨਾ ਚਾਹੀਦਾ ਹੈ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਦੇਸ਼ ਦੁਆਬਾ

# ਭਾਰਤ ਤੋਂ ਬਾਹਰ ਜਾਤ-ਪਾਤ ਦਾ ਬੋਲਬਾਲਾ

ਭਾਰਤ ਅੰਦਰ ਰਾਜਨੀਤਿਕ ਤੌਰ 'ਤੇ ਬਰਾਬਰੀ ਹੈ ਪਰ ਸਮਾਜਿਕ ਨਾਬਰਾਬਰੀ ਹਾਲੇ ਵੀ ਬਰਕਰਾਰ ਹੈ। ਰਾਜਨੀਤੀਵਾਨ, ਰਾਜਨੀਤਿਕ ਗਲਿਆਰਿਆਂ 'ਚ ਪਾਰਟੀਆਂ ਦੇ ਨੇਤਾ ਇਕ-ਦੂਜੇ ਤੇ ਭਾਈ-ਭਤੀਜਾਵਾਦ ਦਾ ਜ਼ਿਕਰ ਤਾਂ ਜ਼ਰੂਰ ਕਰਦੇ ਹਨ ਪਰ ਭਾਰਤ ਦੇ ਹਰ ਖੇਤਰ 'ਚ ਜਾਤ-ਪਾਤ ਦਾ ਕਿੰਨਾ ਬੋਲਬਾਲਾ ਹੈ, ਉਸ ਦਾ ਜ਼ਿਕਰ ਨਹੀਂ ਕਰਦੇ ਹਾਂ। ਸ਼ਾਇਦ ਉਹ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਦੀ ਉਸ ਚਿਤਾਵਨੀ ਨੂੰ ਵਿਸਾਰ ਚੁੱਕੇ ਹਨ ਕਿ ਜੋ ਸ਼ਬਦ ਉਹਨਾਂ ਸੰਵਿਧਾਨ ਲਾਗੂ ਹੋਣ ਦੌਰਾਨ ਕਹੇ ਸਨ ਕਿ ਅੱਜ ਤੋਂ ਅਸੀਂ (ਭਾਰਤੀ) ਰਾਜਨੀਤਿਕ ਤੌਰ 'ਤੇ ਬਰਾਬਰ ਹਾਂ ਪ੍ਰੰਤੂ ਸਮਾਜਿਕ ਬਰਾਬਰੀ ਤੋਂ ਦੂਰ ਹਾਂ।

ਇਹ ਸਮਾਜਿਕ ਨਾਬਰਾਬਰੀ ਭਾਵ ਜਾਤ-ਪਾਤ ਦਾ ਕੋਹੜ ਹੁਣ ਭਾਰਤ ਤੋਂ ਬਾਹਰ ਵੀ ਫੈਲ ਚੁੱਕਾ ਹੈ, ਚਾਹੇ ਉਸ ਦਾ ਕਾਨੂੰਨ ਨਹੀਂ ਪ੍ਰੰਤੂ ਬਹੁਤ ਸਾਰੇ ਕੇਸ ਜਦੋਂ ਸਾਹਮਣੇ ਆਉਣ ਲੱਗੇ ਹਨ, ਤੇ ਕੁਝ ਮੁਲਕਾਂ 'ਚ ਇਸ ਦੀ ਸਚਾਈ ਨੂੰ ਜਾਣਦਿਆਂ ਦੋਸ਼ੀਆਂ ਨੂੰ ਸਜ਼ਾਵਾਂ ਵੀ ਦਿੱਤੀਆਂ ਜਾਣ ਲੱਗੀਆਂ, ਜਿਵੇਂ ਕਿ ਕੈਨੇਡਾ-ਯੂ. ਕੇ. ਦੀਆਂ ਉਦਾਹਰਣਾਂ ਸਾਹਮਣੇ ਆਈਆਂ ਕਿ ਅਦਾਲਤਾਂ ਰਾਹੀਂ ਸਜ਼ਾਵਾਂ ਹੋ ਚੁੱਕੀਆਂ ਤੇ ਅਮਰੀਕਾ ਅੰਦਰ ਵੀ ਕੇਸ ਆਉਣ ਲੱਗੇ ਹਨ ਅਤੇ ਸੰਯੁਕਤ ਰਾਜ ਅਮਰੀਕਾ ਦੀ ਵਾਸ਼ਿੰਗਟਨ ਸਟੇਟ ਦੇ ਸਿਆਟਲ ਸ਼ਹਿਰ ਅੰਦਰ ਹੁਣ ਜਾਤ-ਪਾਤ ਆਧਾਰ 'ਤੇ ਜੇਕਰ ਕੋਈ ਵਿਤਕਰਾ ਕਰਦਾ ਪਾਇਆ ਗਿਆ ਤਾਂ ਉਸ ਨੂੰ ਕਾਨੂੰਨ ਮੁਤਾਬਕ ਸਜ਼ਾ ਹੋ ਸਕਦੀ ਹੈ।

ਪ੍ਰੰਤੂ ਇਹ ਹੁਣ ਸੰਯੁਕਤ ਰਾਜ ਅਮਰੀਕਾ ਦੇ ਹੋਰਨਾਂ ਰਾਜਾਂ ਵਿਚ ਵੀ ਜਾਤ-ਪਾਤ ਆਧਾਰ 'ਤੇ ਕੀਤੇ ਜਾਂਦੇ ਵਿਤਕਰੇ ਵਿਰੁੱਧ ਸੰਘਰਸ਼ ਵਿੱਢਿਆ ਜਾ ਰਿਹਾ ਹੈ। ਜਿਹਨਾਂ ਲੋਕਾਂ ਨਾਲ ਵਿਤਕਰਾ ਹੋ ਰਿਹਾ ਹੈ, ਉਹ ਹੁਣ ਇਸ ਨੂੰ ਠੱਲ੍ਹ ਪਾਉਣ ਲਈ ਕਾਨੂੰਨ ਬਣਾਏ ਜਾਣ ਦੀ ਸਰਕਾਰਾਂ ਤੋਂ ਮੰਗ ਕਰ ਰਹੇ ਹਨ।

ਕੈਲੇਫੋਰਨੀਆ 'ਚ ਸੈਨੇਟਰ ਮੈਡਮ ਆਈਸ਼ਾ ਵਹਾਬ ਨੇ ਜਾਤ-ਪਾਤ ਦੇ ਆਧਾਰ 'ਤੇ ਕੀਤੇ ਜਾ ਰਹੇ ਵਿਤਕਰੇ ਸਬੰਧੀ ਬਿਲ ਪੇਸ਼ ਕਰ ਦਿੱਤਾ ਹੈ, ਜਿਸ ਦੇ ਵਿਰੁੱਧ ਅਤੇ ਪੱਖ 'ਚ ਕਸ਼ਮ-ਕਸ਼ ਚੱਲ ਰਹੀ ਹੈ ਪ੍ਰੰਤੂ ਇਸ ਬਿਲ ਦੇ ਪਾਸ ਹੋ ਜਾਣ ਦੀ ਜ਼ਿਆਦਾ ਸੰਭਾਵਨਾ ਹੈ ਕਿਉਂਕਿ ਸਦੀਆਂ ਤੋਂ ਜਾਤ-ਪਾਤ ਦੀ ਆੜ੍ਹ ਹੇਠ ਜੋ ਭਾਰਤ 'ਚ ਜ਼ੁਲਮ ਕਰਦੇ ਆਏ, ਉਹਨਾਂ ਵਿਚ ਕੁਝ ਮਾੜੇ ਲੋਕ ਅੱਜ ਵੀ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਨਹੀਂ ਆਏ ਤੇ ਉਹਨਾਂ ਲਈ ਭਾਰਤ ਦੇ ਦੱਬੇ-ਕੁਚਲੇ ਵਰਗ ਦੇ ਲੋਕਾਂ ਦੀ ਮੰਗ ਨੂੰ ਜਾਇਜ਼ ਸਮਝਿਆ ਜਾਣਾ ਕੁਦਰਤੀ ਹੈ।

ਹਾਲ ਦੀ ਘੜੀ ਜੋ ਲੋਕ ਇਸ ਬਿਲ ਦੇ ਪੱਖ ਵਿਚ ਹਨ ਉਹ ਸੈਨੇਟਰ ਆਈਸ਼ਾ ਵਹਾਬ ਵੱਲੋਂ ਲਿਆਂਦੇ ਗਏ ਬਿਲ ਦੀ ਹਮਾਇਤ 'ਚ ਪੁਰਜ਼ੋਰ ਆਵਾਜ਼ ਬੁਲੰਦ ਕਰ ਰਹੇ ਹਨ। ਜੋ ਵਿਰੋਧ ਕਰ ਰਹੇ ਹਨ, ਉਹਨਾਂ ਨੂੰ ਵਿਰੋਧ ਨਾਲੋਂ ਕਿਤੇ ਵੱਧ ਉਹਨਾਂ ਭੈਣ-ਭਰਾਵਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਆਪਾਂ ਨੂੰ ਅਜਿਹਾ ਵਿਤਕਰਾ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ। ਕਾਨੂੰਨ ਬਣਨ ਨਾਲ ਕੋਈ ਨੁਕਸਾਨ ਨਹੀਂ ਬਲਕਿ ਸਜ਼ਾ ਤਾਂ ਉਸ ਨੂੰ ਹੋਵੇਗੀ, ਜੇਕਰ ਕੋਈ ਜਾਤ-ਪਾਤ ਦੇ ਆਧਾਰ ਤੇ ਕੋਈ ਵਿਤਕਰਾ ਕਰਦਾ ਹੈ। ਆਉਣ ਵਾਲੇ ਦਿਨਾਂ ਵਿਚ ਜੋ ਪੱਖ-ਵਿਰੋਧ 'ਚ ਜੋ ਸਮਾਚਾਰ ਮਿਲੇ ਤਾਂ ਸਾਂਝੇ ਕਰਨ ਦੀ ਕੋਸ਼ਿਸ਼ ਕਰਾਂਗੇ।

**– ਵਿਵੇਕ ਭਾਟੀਆ (ਸੰਪਾਦਕ)**

### ਐ ਪੰਜਾਬ, ਤੇਰਾ ਕੌਣ ਵਾਰਿਸ!

# ਆਓ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ



**ਸੰਤੋਖ ਸਿੰਘ ਜੱਸੀ**
**91-70876-19800**

ਸਾਡੀ ਖੈਰ, ਤੁਸਾਡੜੀ ਖੈਰ ਚਾਹੀਏ ਜਿਵੇਂ ਲਿਖਣੇ ਰਹੁਰੀਤ ਹੈ ਨੀਂ

ਭਾਰਤ 'ਚ ਪੰਜਾਬ ਸੂਬੇ ਦਾ ਆਪਣਾ ਇੱਕ ਗੌਰਵਮਈ ਇਤਿਹਾਸ ਰਿਹਾ ਹੈ। ਇਥੇ ਦੇ ਲੋਕਾਂ ਨੂੰ ਪੰਜਾਬ ਨੂੰ ਦੇਸ਼ ਦੀ ਧੜਕਣ ਵੀ ਕਿਹਾ ਜਾਂਦਾ ਹੈ। ਇਥੇ ਦੇ ਲੋਕ ਦਲੇਰ, ਮਿਹਨਤੀ, ਹਿੰਮਤੀ ਤੇ ਬੇਪ੍ਰਵਾਹ ਮੰਨੇ ਜਾਂਦੇ ਹਨ। ਕੌਮੀ ,ਸਮਾਜੀ ਤੇ ਦੇਸ਼ਭਗਤੀ ਇਸ ਦੇ ਗਰਭ 'ਚ ਕੁੱਟ ਕੁੱਟ ਕੇ ਭਰੀ ਹੋਈ ਹੈ। ਇਥੇ ਹੀ ਮਹਾਨ ਗੁਰੂਆਂ, ਪੀਰਾਂ, ਯੋਧਿਆਂ ਸੂਰਬੀਰਾਂ ਦਾ ਜਨਮ ਹੋਇਆ। ਇਥੇ ਇੱਜਤਾਂ ਵਾਲੇ ਰਾਖੇ ਜੰਮਦੇ ਹਨ।ਇਥੇ ਦੀ ਧਰਤੀ ਉਪਜਾਊ ,ਜਰਖੇਜ ਹੈ। ਇਥੋਂ ਹੀ ਬਹਾਦਰੀ, ਰਾਜ ਪ੍ਰਬੰਧ ਕਰਨ ਦੀ ਵਿਉਂਤਬੰਦੀ, ਇਥੋਂ ਹੀ ਸੱਭਿਅਤਾ, ਮਾਨਤਾਵਾਂ, ਧਾਰਨਾਵਾਂ ਦੀਆਂ ਨਿਵੇਕਲੀਆ ਰਾਹ ਦਸਾਊ ਧਾਰਨਾਵਾ ਹਨ। ਦੁਨੀਆ ਭਰ ਵਿੱਚ ਵੱਸਦੇ ਪੰਜਾਬੀ ਬਹੁਤੀ ਥਾਈਂ ਆਪਣੀ ਮਿਹਨਤ, ਜਜ਼ਬੇ ਕਰਕੇ ਜਾਣੇ ਜਾਂਦੇ ਹਨ।

ਪੰਜ ਦਰਿਆਵਾਂ ਦੀ ਰਹੀ ਧਰਤੀ ਅੱਜ ਤੜਫ ਰਹੀ ਹੈ, ਮਧੋਲੀ ਗਈ ਲੱਗਦੀ ਹੈ। ਇਥੇ ਸਭ ਤੋਂ ਅਧੁਨਿਕ ਸਿੱਖ ਧਰਮ ਦੀ ਨੀਂਹ 554 ਵਰ੍ਹੇ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਰੱਖੀ। ਜਿਨ੍ਹਾਂ ਸਮੇਂ ਦੇ ਹੁਕਮਰਾਨ ਜਾਬਰਾਂ ਨੂੰ ਆਪਣੇ ਤਰਕ ਨਾਲ ਅਜਿਹਾ ਜਵਾਬ ਦਿੱਤਾ ਕਿ ਦੁਨੀਆਂ ਸਿੱਖ ਧਰਮ ਨੂੰ ਨੇੜਿਓ ਸਮਝਣ, ਜਾਣਨ ਲੱਗੀ ਹੈ। ਮਹਾਨ ਬਰਾਬਰੀ ਸੰਕਲਪ ,ਸਰਬੱਤ ਦੇ ਭਲੇ ਵਾਲੀ ਮਹਾਨ ਫਿਲਾਸਫੀ ਕਾਰਨ ਦੁਨੀਆ ਭਰ ਦੇ ਵਿਕਸਤ ਦੇਸ਼ ਦੇ ਆਗੂ, ਲੋਕ, ਸੰਗਤ- ਪੰਗਤ ਤੋਂ ਬਹੁਤ ਪ੍ਰਭਾਵਿਤ ਹਨ। ਪੰਜਾਬੀਆਂ ਨੇ ਜਿਥੇ ਪੰਜਾਬ ਭਾਰਤ ਦੀ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਅਸਮਾਨ ਨੂੰ ਛੂਹ ਕੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਜਿਸ ਕਰਕੇ ਪੰਜਾਬ ਦਾ ਨਾਮ ਅੱਜ ਦੁਨੀਆ ਵਿਚ ਬੜੇ ਮਾਣ,ਸਤਿਕਾਰ, ਅਦਬ ਨਾਲ ਲਿਆ ਜਾਂਦਾ ਹੈ।

ਅੱਜ ਮਨੁੱਖ ਇਕ ਵਿਸ਼ਵ ਨਾਗਰਿਕ ਬਣ ਚੁੱਕਾ ਹੈ।ਦੁਨੀਆਂ ਗਲੋਬਲ ਪਿੰਡ ਬਣ ਗਈ ਹੈ। ਅਸੀ ਆਪਣੇ ਖਿਤੇ ਵਿੱਚ ਸਥਾਪਿਤ ਹੋ ਕੇ ਸਭ ਆਮ, ਖਾਸ ਅੱਗੇ ਵੱਧਣ ਲਈ ਬਰਾਬਰ ਮੌਕੇ ਦੇ ਕੇ ਅੱਗੇ ਹੋਰ ਸਥਾਪਤੀ ਵੱਲ ਵੱਧਣਾ ਹੈ। ਕਿਵੇਂ ਪੰਜਾਬ ਜਿਹੜਾ ਵੱਸਦਾ ਗੁਰਾਂ ਦੇ ਨਾਂ ਤੇ ਦੀ ਬਹਾਲੀ ਕਾਇਮ ਰੱਖਣੀ ਹੈ। ਕਿਵੇਂ ਸਭ ਲਈ ਵਿਦਿਆ, ਸਿਹਤ, ਰੋਜਗਾਰ, ਨਿਆ ਹੋਵੇ। ਇਹ ਹਰ ਦਰਦਮੰਦ ਪੰਜਾਬੀ, ਸੂਝਵਾਨ, ਜਿਗਿਆਸੂ ਲੋਕਾਂ ਦਾ ਸਵਾਲ ਹੈ। ਭਾਈਚਾਰੇ ਦੀ ਖੁਸ਼ਬੂ ਇਥੇ ਆਮ ਪੰਜਾਬੀ ਦਿਲੋਂ ਚਾਹੁੰਦਾ ਹੈ।

ਹਕੂਮਤਾਂ ਦਾ ਪਿਛਲੇ ਸਮੇਂ 'ਚ ਢਹਿ ਢੇਰੀ ਹੋਣਾ, ਨਵੀਆਂ ਸਰਕਾਰਾਂ ਦਾ ਹੋਂਦ 'ਚ ਆਉਣਾ ਬਦਲ ਰਹੀ ਦੁਨੀਆ 'ਚ ਬਦਲਾਅ ਲਿਆਉਣਾ, ਸਾਬਤੇ ਕਦਮਾਂ ਨਾਲ ਅੱਗੇ ਵੱਧਣਾ ਸਾਡੇ ਲਈ ਚੁਣੌਤੀਆਂ ਹਨ। ਸਾਨੂੰ ਸਿਰ ਜੋੜ ਕੇ ਅੱਗੇ ਵਧਣ ਲਈ ਪਿਛੇ ਰਹਿ ਗਏ ਵਰਗਾਂ, ਲੋਕਾਂ ਦੀ ਬਾਂਹ ਫੜਨ ਦੀ ਲੋੜ ਹੈ।

ਕਦੇ ਅਮਰੀਕਾ ਵਰਗੇ ਦੇਸ਼ ਵਿਚ ਕਾਲੇ ਲੋਕਾਂ ਨੂੰ ਗੁਲਾਮ ਬਣਾਈ ਰੱਖਿਆ। ਭਾਰਤ ਵਿੱਚ 10,000 ਸਾਲਾ ਦੇ ਮਨੁੱਖੀ ਇਤਿਹਾਸ 'ਚ ਕਰੀਬ 4,000 ਸਾਲ ਭਾਰਤ ਵਿੱਚ ਸ਼ੂਦਰ, ਅਛੂਤ, ਦ੍ਰਾਵਿੜ, ਦਲਿਤ, ਲੋਕਾਂ ਨੂੰ ਉਚ ਵਰਗ ਨੇ ਗੁਲਾਮ ਬਣਾਈ ਰੱਖਿਆ। ਚੱਲੀਆਂ ਲੜਾਈਆਂ, ਹੋਏ ਸੰਘਰਸ਼ਾਂ ਉਪਰੰਤ ਕੁਰਬਾਨੀਆਂ ਦੇ ਕੇ ਆਖਰ ਦੇਸ਼ ਅਜਾਦ ਹੋਇਆ। ਅਜਾਦੀ ਲਹਿਰ ਸਮੇਂ ਵੀ 80% ਕੁਰਬਾਨੀਆਂ ਦੇ ਕੇ ਬਹੁਤ ਤਸੀਹੇ ਪੰਜਾਬੀ ਭੈਣ ਭਰਾਵਾਂ ਨੇ ਝੱਲੇ। ਇਹ ਲੋਕ ਹੀ ਪੰਜਾਬ ਦੇ ਅਸਲੀ ਵਾਰਸ ਹਨ।

20-21 ਵੀਂ ਸਦੀ ਦੇ ਇੱਕ ਕੌਮੀ ਆਗੂ ਦਾ ਇਥੇ ਉਹ ਕਥਨ ਕਾਬਲ-ਏ- ਗੌਰ ਹੈ ਕਿ ਇਥੇ ਸਿਖ, ਮੁਸਲਮਾਨ ਅਜਾਦੀ ਉਪਰੰਤ ਆਪਣੇ ਆਪ ਨੂੰ ਗੁਲਾਮ, ਪ੍ਰੇਸ਼ਾਨ ਤੇ ਹੋਏ ਵਿਤਕਰਿਆਂ ਵਾਰੇ ਗੱਲ ਕਰਦੇ ਹਨ, ਜਦ ਕਿ ਦੇਸ਼ ਦੇ ਅਸਲੀ ਵਾਰਸਾਂ ਨੂੰ ਜਿੰਦਗੀ ਦੇ ਹਰ ਖੇਤਰ 'ਚ ਹਰ ਪਹਿਲੂ ਤੇ ਦਬਾਇਆ, ਸਤਾਇਆ ਤੇ ਲਿਤਾੜਿਆ ਗਿਆ ਹੈ। ਅਸਲ 'ਚ ਦੇਸ਼ ਦੇ ਬਹੁਜਨ ਸਮਾਜ ਦੇ ਲੋਕ ਹੀ ਦੇਸ਼ ਦੇ ਗੁਲਾਮ ਰਹੇ ਹਨ। ਤੇ ਉਹ ਦੇਸ਼ ਦੇ ਸੰਵਿਧਾਨ ਰਾਹੀਂ ਆਪਣੀ ਗੁਲਾਮੀ ਨੂੰ ਲਾਹੁਣ ਲਈ ਜਦੋਜਹਿਦ ਕਰਦੇ ਹਨ। ਇਹ ਲੋਕ ਭਾਰਤੀ ਸੰਵਿਧਾਨ ਨੂੰ ਕਿਸੇ ਪਵਿੱਤਰ ਗ੍ਰੰਥ ਵਜੋਂ ਪ੍ਰਵਾਨ ਕਰਦੇ ਹਨ, ਮੰਨਦੇ ਹਨ ਤੇ ਇਹ ਹੀ ਸਾਡੇ ਮਹਾਨ ਭਾਰਤ, ਇਕ ਲੋਕਤੰਤਰੀ ਦੇਸ਼ ਦੀ ਸਿਫਤ ਸਲਾਹ ਹੈ। ਇਕ ਆਗੂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਦੀ ਅਣਖ ਮਰ ਚੁੱਕੀ ਹੁੰਦੀ ਹੈ ਉਹੀ ਗੁਲਾਮ ਹੁੰਦੇ ਹਨ, ਅਤੇ ਅਣਖੀ ਲੋਕ ਹੀ ਸੰਘਰਸ਼ ਦੀ ਪ੍ਰੀਭਾਸ਼ਾ ਸਮਝਦੇ ਹਨ। ਪੰਜਾਬ ਦੀ ਅਜੋਕੀ ਹਾਲਤ ਤੇ ਜੇ ਟਿੱਪਣੀ ਕੀਤੀ ਜਾਵੇ ਤਾਂ ਸੱਚਮੁੱਚ ਪੰਜਾਬ ਇਕ ਜਖਮੀ ਸ਼ੇਰ ਵਾਂਗ ਹੈ,ਦਹਾੜਦਾ ਤਾਂ ਹੈ ਪਰ ਮੱਲਮ ਪੱਟੀ ਵੀ ਚਾਹੁੰਦਾ ਹੈ।ਕਦੇ ਕਦੇ ਸਿਸਟਮ ਦੀ ਨਲਾਇਕੀ ਕਾਰਨ ਲੁੱਟ ਪੁੱਟਿਆ ਮਹਿਸੂਸ ਕਰਦਾ ਹੈ। ਦਰਅਸਲ ਪੰਜਾਬ ਨੂੰ ਜਿਸ ਤਰ੍ਹਾਂ ਦੀ ਲੀਡਰਸ਼ਿਪ ਦੀ ਲੋੜ ਸੀ, ਉਹ ਅਜੇ ਤੱਕ ਦੂਰ ਦੀ ਕੌਡੀ ਵਾਂਗ ਹੈ। ਪੰਜਾਬ ਅਤੇ ਮਹਾ ਪੰਜਾਬ ਹੁੰਦਾ ਸੀ, ਕਦੇ ਪੰਜਾਬ ਦੇ ਰਾਜੇ ਮਹਾਰਾਜੇ ਦੀ ਸਰਕਾਰ ਦੀਆਂ ਸਿਫਤਾਂ ਦੁਨੀਆਂ ਭਰ ਵਿੱਚ ਹੁੰਦੀਆਂ ਸਨ।ਪਰ ਪੰਜਾਬ ਵਿੱਚ ਹਰ ਤੀਜਾ ਸੰਗਠਨ ਸੰਘਰਸ਼ ਦੀ ਰਾਹ ਤੇ ਹੈ, ਧਰਨਾ, ਪ੍ਰਦਰਸ਼ਨ, ਰੋਸ ਮੁਜਾਹਰਾ,ਖਤਰੇ ਕਿਸ ਥਾਂ ਤੇ ਹੋ ਜਾਵੇ ਕੋਈ ਪਤਾ ਨਹੀਂ ਲੱਗਦਾ ਪਰ ਇਹ ਸੋਚਣ, ਵਿਚਾਰਨ ਤੇ ਮੰਥਨ ਕਰਨ ਦਾ ਵਿਸ਼ਾ ਹੈ।

ਕਾਸ਼ ! ਭਾਰਤ 'ਚ ਡਾਕਟਰ ਅੰਬੇਡਕਰ ਵਰਗਾ, ਅਮਰੀਕਾ 'ਚ ਲਿੰਕਨ ਵਰਗਾ, ਅਫਰੀਕਾ 'ਚ ਨੈਲਸਨ ਮੰਡੇਲਾ ਵਰਗਾ, ਚੀਨ 'ਚ ਮਾਓ ਜੇ ਤੁੰਗ ਵਰਗਾ ਲੀਡਰ ਪੰਜਾਬ ਨੂੰ ਨਸੀਬ ਹੁੰਦਾ , ਮਿਲਦਾ, ਪੰਜਾਬ ਦਾ ਵਾਰਸ ਬਣਦਾ ਤਾਂ ਸ਼ਾਇਦ ਪੰਜਾਬ ਹਰ ਖੇਤਰ ਵਿੱਚ ਅੱਗੇ ਵਧ ਕੇ ਸਮੁੱਚੇ ਦੇਸ਼ ਦਾ ਮਾਰਗ ਦਰਸ਼ਨ ਕਰਦਾ ਹੁੰਦਾ ਪਰ ਅਜਿਹਾ ਹੋ ਨਹੀਂ ਸਕਿਆ?

ਲੋੜ ਹੈ ਸਵੈ ਪੜਚੋਲ ਕਰਨ ਦਾ। ਬੇਗਾਨਗੀ ਨਹੀਂ ਉਤਪਤੀ ਹੋਣੀ ਚਾਹੀਦੀ ਸੀ। ਹਰ ਸਮੇਂ ਲੜਨਾ, ਝਗੜਨਾ, ਧਰਨੇ ਦੇਣੇ ,ਸੰਘਰਸ਼ ਕਰਨਾ ਹੀ ਨਹੀਂ ਹੁੰਦਾ, ਸੰਵਾਦ ਰਚਾਉਣੇ, ਵਿਚਾਰ ਗੋਸ਼ਟੀਆ, ਮੀਟਿੰਗਾ, ਮਾਨਵਤਾ ਲਈ ਨਿਸ਼ਾਨੇ ਤਹਿ ਕਰਨੇ ਤੇ ਅੱਗੇ ਵਧਣ ਲਈ ਤਰਜੀਹਾਂ ਤਹਿ ਕਰਨੀਆਂ ਵੀ ਹੁੰਦੀਆਂ ਹਨ।

ਅਸੀਂ ਸਮੇਂ ਦੀ ਚਾਲ ਨੂੰ ਸਮਝੀਏ, ਤੇ ਪੰਜਾਬ ਨੂੰ ਲਾਂਬੂ ਨਾ ਲੱਗੇ। ਠੰਡੀਆਂ ਰੁਮਕਦੀਆਂ ਹਵਾਵਾਂ ਆਉਣ। ਹਰ ਇਕ ਲਈ ਅੱਗੇ ਵੱਧਣ ਲਈ ਬਰਾਬਰ ਮੌਕੇ ਦੇਣ ਦੀ ਵਿਵਸਥਾ ਲਈ ਹੁਕਮਰਾਨ, ਸਿਵਲ ਸੁਸਾਇਟੀ, ਕਾਰਜਪਾਲਿਕਾ ਤੇ ਨਿਆਂਪਾਲਿਕਾ ਲਈ ਹੋਰ ਵੀ ਜਰੂਰੀ ਹਨ। ਤਾਂ ਜੋ ਬੇਗਾਨਗੀ ਦੀ ਭਾਵਨਾ ਪੈਦਾ ਹੀ ਨਾ ਹੋਵੇ।

ਸ਼ਾਲਾਂ ਪੰਜਾਬ ! ਤੂੰ ਯੁੱਗ ਯੁੱਗ ਵੱਸਦਾ ਰਹੇ, ਕਦੇ ਗਰਮ ਹਵਾ ਨਾ ਲੱਗੇ, ਕਦੇ ਮਾੜੀ ਨਜਰ ਨਾ ਲੱਗੇ। ਆਓ ਸਾਰੇ ਪੰਜਾਬੀ ਪਿਆਰਿਓ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਸਿਰ ਜੋੜ ਕੇ ਸਵੈ-ਪੜਚੋਲ, ਮੰਥਨ ਕਰੀਏ ਤੇ ਪੰਜਾਬ ਦੀ ਖੈਰ ਸੁੱਖ ਮੰਗੀਏ ਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੀਏ। ਸਰਬੱਤ ਦਾ ਭਲਾ। ਪੰਜਾਬ ਆਰਥਿਕ ਪੱਖੋਂ ਖੁਸ਼ਹਾਲ, ਵਿਕਸਤ ਸੂਬੇ ਵੱਲ ਵੱਧਣ ਲਈ ਠੋਸ ਫੈਸਲੇ ਲਵੇ।

ਨੌਜਵਾਨ ਪੀੜ੍ਹੀ ਲਈ ਰਾਹ ਦਸੇਰੇ ਬਣਨ ਦੀ ਅਜੋਕੇ ਸਮੇ 'ਚ ਬਹੁਤ ਲੋੜ ਹੈ। ਟਿਕਾਊ ਨੀਤੀਆਂ ਹੋਣ ਤਾਂ ਜੋ ਭਵਿੱਖ ਵਿੱਚ ਸਮਾਜ ਦੀ ਤਰੱਕੀ ਤੇ ਰਚਨਾਤਮਕ ਭੂਮਿਕਾ ਨਿਭਾਉਣ ਲਈ ਬਰ ਮੇਚ ਸਕਣਗੇ।

ਪੰਜਾਬ ਜਿੰਦਾਬਾਦ-ਜਿੰਦਗੀ ਜਿੰਦਾਬਾਦ।

# ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਨੌਜਵਾਨ ਸਭਾ ਅਤੇ ਇਲਾਕਾ ਵਾਸੀਆਂ ਨਾਲ ਮਿਲਕੇ ਪਿੰਡ ਮਾਣਕਪੁਰ ਵਿਚ ਲਾਇਬਰੇਰੀ ਖੋਲੀ ਗਈ



ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਨੌਜਵਾਨ ਸਭਾ ਅਤੇ ਇਲਾਕਾ ਵਾਸੀਆਂ ਨਾਲ ਮਿਲਕੇ ਪਿੰਡ ਮਾਣਕਪੁਰ ਵਿਚ ਇਲਾਕੇ ਦੀ ਪਹਿਲੀ ਗੈਰ- ਸਰਕਾਰੀ ਲਾਇਬਰੇਰੀ ਖੋਲੀ ਗਈ। ਇਸ ਦੇ ਉਦਘਾਟਨੀ ਸਮਾਰੋਹ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਡਾਕਟਰ ਐਸ ਪੀ ਸੰਧੂ, ਡਾਕਟਰ ਜੇ ਐੱਸ ਕਹਿਲ, ਪਵਨ ਕੁਮਾਰ, ਸੁਰੇਸ਼ ਕੁਮਾਰ, ਰਾਜ ਕੁਮਾਰ, ਕੁਲਦੀਪ ਚੰਦ, ਸਰਪੰਚ ਗਿਆਨ ਚੰਦ, ਸਰਪੰਚ ਸੁਦੇਸ਼ ਕੁਮਾਰੀ ਆਦਿ ਨੇ ਸਿੱਖਿਆ ਦੇ ਮਹੱਤਵ ਬਾਰੇ ਚਾਨਣਾ ਪਾਇਆ। ਉਹਨਾਂ ਨੇ ਦੱਸਿਆ ਕਿ ਸਿੱਖਿਆ ਤੋਂ ਬਿਨਾਂ ਵਿਅਕਤੀ ਜਾਨਵਰਾਂ ਦੇ ਬਰਾਬਰ ਹੈ। ਉਨ੍ਹਾਂ ਦੱਸਿਆ ਕਿ ਇਸ ਲਾਇਬਰੇਰੀ ਵਿੱਚ ਹਰ ਵਰਗ ਦੇ ਬੱਚਿਆਂ ਲਈ ਪੜ੍ਹਨ ਦੀਆਂ ਕਿਤਾਬਾਂ ਰੱਖੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਜਲਦੀ ਹੀ ਇਸ ਲਾਈਬਰੇਰੀ ਵਿੱਚ ਬੱਚਿਆਂ ਲਈ ਗਾਈਡੈਂਸ ਕੌਂਸਲਿੰਗ ਸੈਂਟਰ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਨੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਨਾਲੰਦਾ ਅਕੈਡਮੀ ਵਾਰਧਾ ਮਹਾਂਰਾਸ਼ਟਰ ਦੇ ਡਾਇਰੈਕਟਰ ਅਨੂਪ ਕੁਮਾਰ ਨੇ ਹਾਜਰ ਬੱਚਿਆਂ ਨੂੰ ਆਨਲਾਇਨ ਪੜਾਈ ਬਾਰੇ ਜਾਣਕਾਰੀ ਦਿਤੀ। ਉਨ੍ਹਾਂ ਨੇ ਨਾਲੰਦਾ ਅਕੈਡਮੀ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ। ਨੌਜਵਾਨ ਸਭਾ ਦੇ ਆਗੂਆਂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤਰਸੇਮ ਲਾਲ, ਤੇਜ਼ ਕੁਮਾਰ, ਪੁੰਨੂ ਰਾਮ, ਰਤਨ ਚੰਦ, ਕੁਲਦੀਪ ਸਿੰਘ, ਦੀਪਕ, ਰਾਮ ਕਿਸ਼ਨ, ਗੁਰਦੇਵ ਸਿੰਘ, ਰਘਬੀਰ ਸਿੰਘ, ਜਗਤਾਰ ਚੰਦ, ਪਰਮਜੀਤ ਕੌਰ, ਕਮਲਾ ਦੇਵੀ, ਪੂਨਮ, ਰਾਣੋ, ਕੁੰਤਾਂ ਦੇਵੀ, ਰੋਹਨ, ਚੰਨਣ ਸਿੰਘ, ਰਾਜ ਕੁਮਾਰੀ ਆਦਿ ਹਾਜ਼ਰ ਸਨ।

**– ਕੁਲਦੀਪ ਚੰਦ 91-94175-63054**

**Postal Address of Desh Doaba : 5101 Doe Hollow Pl, Antelope, CA. 95843**
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਸਟਾਕਟਨ, ਕੈਲੀਫੋਰਨੀਆ 'ਚ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ
















**ਸੈਕਰਾਮੈਂਟੋ, ਕੈਲੀਫੋਰਨੀਆ–** ਖਾਲਸਾ ਪੰਥ ਦੀ ਸਾਜਨਾ ਦਿਵਸ ਮੌਕੇ ਅਤੇ ਵੈਸਾਖੀ ਦੇ ਦਿਹਾੜੇ 'ਤੇ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 24 ਵਾਂ ਮਹਾਨ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵਿਚ ਕਰੀਬ ਦੋ ਹਫਤਿਆਂ ਤੋਂ ਪੰਜਾਬ 'ਚੋਂ ਐਏ ਅਲੱਗ ਅਲੱਗ ਕਵੀਸ਼ਰੀ, ਕੀਰਤਨ ਤੇ ਕਥਾਵਾਚਕ ਜੱਥਿਆ ਨੇ ਜਿਨ੍ਹਾਂ ਵਿਚ ਭਾਈ ਪਿੰ-ਦਰਪਾਲ ਸਿੰਘ ਜੀ (ਕਥਾਵਾਚਕ), ਭਾਈ ਹਰਜਿੰਦਰ ਸਿੰਘ ਜੀ, ਭਾਈ ਸਰਬਜੀਤ ਸਿੰਘ ਰੰਗੀਲਾ ਭਾਈ ਹਰਪ੍ਰੀਤ ਸਿੰਘ ਜੀ ਭਾਈ ਗੁਰਸੇਵਕ ਸਿੰਘ ਜੀ ਭਾਈ ਜਗਮੋਹਨ ਸਿੰਘ ਜੀ ਭਾਈ ਮਹਿਲ ਸਿੰਘ ਜੀ ਸ੍ਰੀ ਨਗਰ ਵਾਲੇ ਨੇ ਪਹੁੰਚ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ। ਅੰਮ੍ਰਿਤ ਸੰਚਾਰ ਸਨਿਚਰਵਾਰਨੂੰ ਕੀਤਾ ਗਿਆ। ਅਤਵਾਰ ਸਵੇਰ ਦੇ ਦਿਵਾਨਾਂ ਵਿੱਚ ਵੱਖ ਵੱਖ ਬੁਲਾਰਿਆਂ ਨੇ ਸਿੱਖਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਤੇ ਪੰਜਾਬ ਵਿਚ ਫੜੇ ਗਏ ਸਿੱਖ ਨੌਜੁਆਨਾਂ ਤੇ ਸਰਕਾਰ ਵਲੋਂ ਐਨ ਐਸ ਏ ਤਹਿਤ ਕੇਸ ਦਰਜ ਕਰਨ ਦੀ ਸਮੂਹਕ ਨਿੰਦਾ ਕੀਤੀ ਗਈ । ਇਨਾਂ ਸਿੱਖ ਬੁਲਾਰਿਆਂ ਵਿੱਚ ਡਾ ਅਮਰਜੀਤ ਸਿੰਘ ਵਾਸ਼ਿੰਗਟਨ, ਡਾ ਪ੍ਰਿਤਪਾਲ ਸਿੰਘ, ਸੁਖਮਿੰਦਰ ਸਿੰਘ ਮੇਅਰ ਲੇਥਰੋਪ ਤੋਂ ਇਲਾਵਾ ਵੱਖ ਵੱਖ ਅਮਰੀਕਨ ਆਗੂਆਂ ਨੇ ਵੀ ਸੰਬੋਧਨ ਕੀਤਾ ਤੇ ਵੈਸਾਖੀ ਤੇ ਸਿੱਖਾਂ ਨੂੰ ਮੁਬਾਰਕਬਾਦ ਦਿੱਤੀ ਤੇ ਸਰਕਾਰੀ ਐਤਵਾਰ ਦੁਪਹਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਇਆ ਤੇ ਆਪਣੇ ਮਿਥੇ ਹੋਏ ਰੂਟ ਮੁਤਾਬਿਕ ਚਾਰ ਘੰਟੇ ਦੀ ਯਾਤਰਾ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸਮਾਪਤੀ ਹੋਈ ਤੇ ਨਗਰ ਕੀਰਤਨ ਵਿਚ ਕਰੀਬ 14 ਹਜ਼ਾਰ ਤੋਂ ਉਪਰ ਸੰਗਤਾਂ ਨੇ ਸ਼ਮੂਲੀਅਤ ਕੀਤੀ ਤੇ ਵੱਖ ਵੱਖ ਹੋਰ ਫਲੋਟ ਵੀ ਨਗਰ ਕੀਰਤਨ ਵਿਚ ਸ਼ਾਮਿਲ ਹੋਏ।

ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਪੁਲਿਸ ਸਿਕਿਊਰਟੀ ਅਤੇ ਪ੍ਰਾਈਵੇਟ ਸਿਕਿਊਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਇਥੇ ਪੁਖਤਾ ਪ੍ਰਬੰਧ ਇਸ ਲਈ ਵੀ ਕੀਤਾ ਗਿਆ ਸੀ ਕਿਉਂਕਿ ਬੀਤੇ ਦਿਨੀਂ ਸੈਕਰਮੈਟੋ ਵਿਚ ਨਗਰ ਕੀਰਤਨ ਦੌਰਾਨ ਕੁੱਝ ਸ਼ਰਾਰਤੀ ਅਨਸਰ ਵਲੋਂ ਗੋਲਾਬਾਰੀ ਕੀਤੀ ਗਈ ਸੀ। ਇਸ ਨਗਰ ਕੀਰਤਨ ਦੌਰਾਨ ਐਤਕਾਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਇਸ ਸਮਾਗਮ ਭਾਰੀ ਸ਼ਮੂਲੀਅਤ ਕੀਤੀ।

ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਅਮਰੀਕਨ ਤੇ ਸਿੱਖ ਆਗੂਆਂ ਨੂੰ ਪਲੈਕ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਵਲੋਂ ਐਤਕਾਂ ਜਿਥੇ ਸਕਿਉਰਿਟੀ ਪੱਖੋਂ ਉਚੇਚੇ ਪ੍ਰਬੰਧ ਸਨ ਉਥੇ ਵੱਖ ਵੱਖ ਲੰਗਰਾਂ ਦੇ ਸਥਾਨਾਂ ਤੇ ਹੋਰ ਸੰਗਤਾਂ ਦੀ ਆਵਾਜਾਈ ਲਈ ਖਾਸ ਪ੍ਰਬੰਧ ਕੀਤੇ ਹੋਏ ਸਨ।

# ਅਮਰੀਕਾ ਦੇ ਟੈਕਸਸ ਰਾਜ ਵਿਚ ਮੋਟਰ ਸਾਈਕਲ ਗਿਰੋਹ ਹਿੰਸਾ ਵਿੱਚ ਇਕ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ** ਟੈਕਸਸ ਹਾਈਵੇਅ ਉਪਰ ਗੈਰ ਕਾਨੂੰਨੀ ਮੋਟਰ ਸਾਈਕਲ ਗਿਰੋਹ ਮੈਂਬਰਾਂ ਵੱਲੋਂ ਕੀਤੀ ਫਾਇਰਿੰਗ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ। ਇਹ ਪ੍ਰਗਟਾਵਾ ਮੌਂਟਗੋਮਰੀ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ। ਲਾਅ ਇਨਫੋਰਸਮੈਂਟ ਏਜੰਸੀ ਅਨੁਸਾਰ ਇੰਟਰਸਟੇਟ 45 ਉਪਰ ਇਕ 32 ਸਾਲਾ ਵਿਅਕਤੀ ਨੂੰ ਗੋਲੀ ਮਾਰੀ ਗਈ ਜਿਸ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਸ ਘਟਨਾ



ਵਿਚ ਸ਼ਾਮਿਲ ਲੋਕਾਂ ਦਾ ਸਬੰਧ ਗੈਰ ਕਾਨੂੰਨੀ ਮੋਟਰਸਾਈਕਲ ਗਿਰੋਹਾਂ ਨਾਲ ਹੋ ਸਕਦਾ ਹੈ।

ਬਿਆਨ ਵਿਚ ਇਕ ਹੋਰ ਮੋਟਰ ਸਾਈਕਲ ਗਿਰੋਹ ਵੱਲੋਂ ਕੀਤੀ ਵਾਕਰ ਕਾਊਂਟੀ ਵਿਚ ਅਜਿਹੀ ਹੀ ਇਕ ਹੋਰ ਘਟਨਾ ਦਾ ਜਿਕਰ ਵੀ ਕੀਤਾ ਗਿਆ ਹੈ। ਸ਼ੈਰਿਫ ਦਫਤਰ ਅਨੁਸਾਰ ਏਜੰਸੀਆਂ ਇਨਾਂ ਦੋਨਾਂ ਘਟਨਾਵਾਂ ਵਿਚਾਲੇ ਕੋਈ ਸਬੰਧ ਹੋਣ ਦੀ ਜਾਂਚ ਕਰ ਰਹੀਆਂ ਹਨ। ਬਿਆਨ ਅਨੁਸਾਰ ਇਹ ਘਟਨਾਵਾਂ ਗਿਰੋਹਾਂ ਨਾਲ ਸਬੰਧਤ ਹਨ ਤੇ ਵਿਸ਼ਵਾਸ਼ ਹੈ ਕਿ ਆਮ ਜਨਤਾ ਨੂੰ ਇਸ ਸਮੇ ਕੋਈ ਖਤਰਾ ਨਹੀਂ ਹੈ।

# ਪਾਰਕਲੈਂਡ ਸਕੂਲ ਵਿਚ ਹੋਈ ਗੋਲੀਬਾਰੀ ਦੇ ਮਾਮਲੇ ਵਿਚ ਦੋਸ਼ੀ ਨੂੰ ਉਮਰ ਭਰ ਲਈ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ**–ਪਾਰਕਲੈਂਡ (ਫਲੋਰਿਡਾ) ਦੇ ਮਰਜੋਰੀ ਸਟੋਨਮੈਨ ਡਗਲਸ ਹਾਈ ਸਕੂਲ ਵਿਚ 2018 ਵਿਚ ਹੋਈ ਫਾਇਰਿੰਗ ਜਿਸ ਵਿੱਚ 17 ਲੋਕ ਮਾਰੇ ਗਏ ਸਨ, ਦੇ ਮਾਮਲੇ ਵਿਚ ਦੋਸ਼ੀ ਨੂੰ ਉਮਰ ਭਰ ਲਈ ਬਿਨਾਂ ਪੈਰੋਲ ਦੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਿਊਰੀ ਮੈਂਬਰਾਂ ਵਿਚ ਦੋਸ਼ੀ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਸਹਿਮਤੀ ਨਹੀਂ ਬਣੀ ਤੇ ਜਿਊਰੀ ਮੈਂਬਰਾਂ ਨੇ ਦੋਸ਼ੀ ਦੀ ਦਿਮਾਗੀ ਹਾਲਤ ਤੇ ਬਚਾਅ ਪੱਖ ਦੀਆਂ ਹੋਰ ਦਲੀਲਾਂ ਦੇ ਮੱਦੇਨਜਰ 9-3 ਦੇ ਫਰਕ ਨਾਲ ਮੌਤ ਦੀ ਸਜ਼ਾ ਰੱਦ ਕਰ ਦਿੱਤੀ ਜਿਸ ਦਾ ਅਰਥ ਹੈ ਕਿ ਦੋਸ਼ੀ ਨੂੰ ਉਮਰ ਭਰ ਲਈ ਜੇਲ ਵਿਚ ਰਹਿਣਾ ਪਵੇਗਾ। ਪੀੜਤਾਂ ਨੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ। ਟੋਨੀ ਮੋਨਟਾਲਟੋ ਨਾਮੀ ਵਿਅਕਤੀ ਜਿਸ ਦੀ 14 ਸਾਲ ਧੀ ਇਸ ਫਾਇਰਿੰਗ ਵਿਚ ਮਾਰੀ ਗਈ ਸੀ, ਨੇ ਕਿਹਾ ਹੈ ਕਿ ਇਹ ਬਹੁਤ ਮੰਦਭਾਗਾ ਫੈਸਲਾ ਹੈ। ਉਸ ਨੇ ਆਪਣੀ ਪ੍ਰਤੀਕ੍ਰਿਆ ਵਿਚ ਕਿਹਾ ਹੈ ਕਿ ਸਾਡੀ ਨਿਆਂ ਪ੍ਰਣਾਲੀ ਫੇਲ ਹੋ ਗਈ ਹੈ।

# ਕੈਲੀਫੋਰਨੀਆ ਦੀ ਹਜਾਰਾਂ ਏਕੜ ਖੇਤੀਬਾੜੀ ਵਾਲੀ ਜਮੀਨ ਉਪਰ ਫਿਰ ਰਿਹਾ ਹੈ ਹੜ ਦਾ ਪਾਣੀ

**ਸੈਕਰਾਮੈਂਟੋ, ਕੈਲੀਫੋਰਨੀਆ**–ਸਰਦ ਰੁੱਤ ਦੌਰਾਨ ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਮੌਸਮ ਦੇ ਬਦਲੇ ਮਿਜ਼ਾਜ ਨੇ ਹੋਰ ਲੋਕਾਂ ਦੇ ਨਾਲ- ਨਾਲ ਕਿਸਾਨਾਂ ਲਈ ਬੇਸ਼ੁਮਾਰ ਸਮੱਸਿਆਵਾਂ ਪੈਦ ਕੀਤੀਆਂ ਹਨ। ਪਿਛਲੇ ਸਮੇ ਵਿਚ ਮੋਹਲੇਧਾਰ ਪਈ ਬਾਰਿਸ਼ ਕਾਰਨ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਵਿਚ ਖੇਤੀਬਾੜੀ ਵਾਲੀ ਜ਼ਮੀਨ ਪਾਣੀ ਦੀ ਮਾਰ ਹੇਠ ਆ ਗਈ ਹੈ। ਜਿਥੋਂ ਤੱਕ ਨਜਰ ਜਾਂਦੀ ਹੈ ਪਾਣੀ ਹੀ ਪਾਣੀ ਵਿਖਾਈ ਦਿੰਦਾ ਹੈ। ਸੜਕਾਂ, ਫਸਲਾਂ, ਘਰ ਤੇ ਹੋਰ ਇਮਾਰਤਾਂ ਪਾਣੀ ਦੀ ਲਪੇਟ ਵਿਚ ਹਨ। ਇਕ ਨਦੀ ਜਿਸ ਦਾ ਵਜੂਦ ਦਹਾਕਾ ਪਹਿਲਾਂ ਖਤਮ ਹੋ ਗਿਆ ਸੀ , ਪੁਨਰ ਜੀਵਿਤ ਹੋ ਗਈ ਹੈ। ਸੀਏਰਾ ਨੇਵਾਡਾ ਵਿਚ ਸਰਦ ਰੁੱਤ ਦੌਰਾਨ ਬਰਫ਼ ਦੇ ਲੱਗੇ ਢੇਰ ਸਥਿੱਤੀ ਨੂੰ ਹੋਰ ਮੁਸ਼ਕਿਲ ਬਣਾ ਦੇਣਗੇ। ਗਰਮੀਆਂ ਦੌਰਾਨ ਜਦੋਂ ਇਹ ਪਿਘਲਣਗੇ ਤਾਂ ਹੜ ਦਾ ਆਕਾਰ ਵਧ ਕੇ ਤਿੰਨ ਗੁਣਾ ਹੋ ਜਾਵੇਗਾ। ਹੋਰ ਜ਼ਮੀਨ ਪਾਣੀ ਦੀ ਮਾਰ ਹੇਠ ਆ ਜਾਵੇਗੀ ਜਿਸ ਕਾਰਨ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਹੈ। ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ ਕਪਾਹ ਤੇ ਲੂਸਰਨ (ਅਲਫਾਲਫਾ) ਦੀ ਫਸਲ ਤਬਾਹ ਹੋ ਗਈ ਹੈ ਜਿਸ ਕਾਰਨ ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਖਤਮ ਹੋ ਗਿਆ ਹੈ। ਇਥੋਂ ਕੈਲੀਫੋਰਨੀਆ ਦੇ ਉਪਰਲੇ ਤੇ ਹੇਠਲੇ ਖੇਤਰਾਂ ਵਿਚ ਅਨਾਜ਼ ਦੀ ਪੂਰਤੀ ਹੁੰਦੀ ਹੈ ਜੋ ਹੁਣ ਨਹੀਂ ਹੋਵੇਗੀ। ਇਹ ਬਹੁਤ ਭਿਆਨਕ ਦ੍ਰਿਸ਼ ਹੈ। ਮਿਸੀਸਿੱਪੀ ਦੇ ਪੱਛਮ ਵਿਚ ਟੁਲੇਰ ਨਦੀ ਜੋ ਕਿਸੇ ਵੇਲੇ ਲੋਕਾਂ ਲਈ ਤਾਜ਼ੇ ਪਾਣੀ ਦਾ ਵੱਡਾ ਸਾਧਨ ਹੁੰਦੀ ਸੀ, ਸੁੱਕ ਗਈ ਸੀ ਤੇ ਲੋਕ ਉਥੇ ਫਸਲਾਂ ਉਗਾਉਂਦੇ ਸਨ, ਪੁਨਰ ਜੀਵਿਤ ਹੋ ਗਈ ਹੈ।




# ਅਮਰੀਕਾ ਵਿਚ ਮਾਲ ਗੱਡੀ ਪੱਟੜੀ ਤੋਂ ਲੱਥੀ, ਅੱਗ ਲੱਗੀ




**ਸੈਕਰਾਮੈਂਟੋ, ਕੈਲੀਫੋਰਨੀਆ**–ਅਮਰੀਕਾ ਦੇ ਕੇਂਦਰੀ ਮੇਨੀ ਖੇਤਰ ਵਿਚ ਇਕ ਪਿੰਡ ਨੇੜੇ ਇਕ ਮਾਲ ਗੱਡੀ ਦੇ ਡੱਬਿਆਂ ਨੂੰ ਪੱਟੜੀ ਤੋਂ ਲੱਥਣ ਉਪਰੰਤ ਅੱਗ ਲੱਗ ਜਾਣ ਦੀ ਖਬਰ ਹੈ। ਰੌਕਵੁੱਡ ਫਾਇਰ ਐਂਡ ਰੈਸਕਿਊ ਵਿਭਾਗ ਨੇ ਕਿਹਾ ਹੈ ਕਿ ਰੇਲ ਗੱਡੀ ਸਮਰਸੈਟ ਕਾਊਂਟੀ ਵਿਚ ਰੌਕਵੁੱਡ ਦੇ ਉੱਤਰ ਵਿਚ ਹਾਦਸਾਗ੍ਰਸਤ ਹੋਈ ਹੈ। ਅਜੇ ਇਹ ਨਹੀਂ ਸਪੱਸ਼ਟ ਹੋ ਸਕਿਆ ਕਿ ਗੱਡੀ ਵਿਚ ਕਿਸ ਕਿਸਮ ਦੀ ਸਮਗਰੀ ਭਰੀ ਹੋਈ ਸੀ ਤੇ ਇਹ ਕਿਹੜੀ ਕੰਪਨੀ ਦੀ ਹੈ। ਸਮਰਸੈਟ ਕਾਊਂਟੀ ਐਮਰਜੈਂਸੀ ਮੈਨੇਜਮੈਂਟ ਏਜੰਸੀ ਡਾਇਰੈਕਟਰ ਮੀਸ਼ੈਲ ਸਮਿਥ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਇਸ ਸਬੰਧੀ ਜੈਕਮੈਨ - ਮੂਸ ਰਿਵਰ ਫਾਇਰ ਤੇ ਮੇਨੀ ਫੌਰੈਸਟ ਸਰਵਿਸ ਵੱਲੋਂ ਛੇਤੀ ਸਾਂਝਾ ਬਿਆਨ ਜਾਰੀ ਕੀਤਾ ਜਾਵੇਗਾ।

# ਗੁਰਦੁਆਰਾ ਸਾਹਿਬ ਹੇਸਟਿੰਗਜ਼ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ





**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਗੁਰਦੁਆਰਾ ਸਾਹਿਬ ਹੇਸਟਿੰਗਜ ਵਿਖੇ ਅੱਜ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਵੇਰੇ 10.30 ਤੋਂ 1.30 ਵਜੇ ਤੱਕ ਸਜਾਇਆ ਗਿਆ। ਇਸ ਵਿੱਚ ਹੇਸਟਿੰਗਜ ਅਤੇ ਹੋਰ ਕਈ ਸ਼ਹਿਰਾਂ ਤੋਂ ਸੰਗਤ ਸ਼ਾਮਲ ਹੋਈ। ਸਮੂਹ ਸੰਗਤਾਂ ਦੀ ਆਮਦ ਲਈ ਮੁੱਖ ਸੇਵਾਦਾਰ ਸ. ਜਰਨੈਲ ਸਿੰਘ ਹਜਾਰਾ ਨੇ ਸੰਗਤਾ ਦਾ ਧੰਨਵਾਦ ਕੀਤਾ। ਔਕਲੈਂਡ ਤੋਂ ਢਾਡੀ ਸੁਖਪ੍ਰੀਤ ਸਿੰਘ ਖ਼ਾਲਸਾ ਹੋਰਾਂ ਢਾਡੀ ਵਾਰਾਂ ਨਾਲ ਨਿਹਾਲ ਕੀਤਾ। ਗੁਰੂ ਸਾਹਿਬ ਨੂੰ ਸੁੰਦਰ ਸਜਾਏ ਗਏ ਖੱਲ੍ਹੇ ਟਰੱਕ ਦੇ ਵਿਚ ਸੁਸ਼ੋਭਿਤ ਕੀਤਾ ਗਿਆ ਸੀ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀਆਂ ਨੇ ਕੀਤੀ। ਅਕਾਲ ਰਾਈਡਰਜ਼ ਗਰੁੱਪ ਵੱਲੋਂ ਮੋਟਰ ਸਾਈਕਲਾਂ ਉਤੇ ਨਗਰ ਕੀਰਤਨ ਦੇ ਮੂਹਰੇ-ਮੂਹਰੇ ਯਾਤਰਾ ਕਰਕੇ ਵੱਖਰਾ ਨਜ਼ਾਰਾ ਪੇਸ਼ ਕੀਤਾ। ਹਜ਼ੂਰੀ ਰਾਗੀ ਭਾਈ ਗੁਰਨਾਮ ਸਿੰਘ ਖੁਰਦਪੁਰ ਵਾਲਿਆਂ ਨੇ ਕੀਰਤਨ ਦੇ ਰਾਹੀਂ ਵੀ ਹਾਜ਼ਰੀ ਲਗਵਾਈ। ਕੱਲ੍ਹ ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਦੀਵਾਨ ਸਜੇਗਾ।

# ਨਿਊਜ਼ੀਲੈਂਡ ਪਾਸਪੋਰਟ ਹੇਠਾਂ ਲੁੜਕ ਕੇ 17ਵੇਂ ਨੰਬਰ ਉਤੇ ਪਹੁੰਚਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਕਈ ਵਾਰ ਚਿੱਟੀਆਂ ਜਾਂ ਰੰਗ ਬਿਰੰਗੀਆਂ ਚੀਜ਼ਾਂ ਲਗਦੀਆਂ ਅਤੇ ਕਈ ਵਾਰ ਕਾਲਾ ਰੰਗ ਹੀ ਐਨਾ ਪਿਆਰ ਹੋ ਜਾਂਦਾ ਹੈ ਕਿ ਉਹ ਕਾਲਾ ਤੋਂ ਸ਼ਾਹ ਕਾਲਾ ਹੋ ਕੇ ਦੂਜਿਆਂ ਤੋਂ ਪਿਆਰਾ ਤੇ ਮਾਣ ਕਰਨ ਵਾਲਾ ਲੱਗਣ ਜਾਂਦਾ। ਨਿਊਜ਼ੀਲੈਂਡ ਦਾ ਕਾਲਾ ਪਾਸਪੋਰਟ ਕਿਸੇ ਵਾਲੇ ਦੁਨੀਆ ਦੇ ਮਾਪਦੰਢਾ ਉਤੇ ਉਪਰਲੇ 10 ਵਿਚ ਸ਼ਾਮਿਲ ਹੋ ਕੇ ਆਪਣੀ ਬੁਲੰਦੀ ਦਾ ਝੰਡਾ ਗੱਡਦਾ ਰਿਹਾ ਹੈ, ਪਰ ਹੁਣ ਇਸ ਦੇਸ਼ ਲਈ ਨਿਵੇਸ਼ਕਾਂ ਦੀ ਬੇਰੁਖੀ ਨੇ ਇਸਨੂੰ ਹੇਠਾਂ ਲੁੜਕਾ ਦਿੱਤਾ ਹੈ।




ਗਲੋਬਲ ਪਾਸਪੋਰਟ ਰੈਂਕਿੰਗ ਅਨੁਸਾਰ ਵਿਸ਼ਵ ਦਰਜਾਬੰਦੀ ਉਤੇ ਨਿਊਜ਼ੀਲੈਂਡ ਦਾ ਪਾਸਪੋਰਟ 98.31 ਅੰਕ ਪ੍ਰਾਪਤ ਕਰਕੇ 17ਵੇਂ ਨੰਬਰ ਉਤੇ ਆਇਆ ਹੈ। ਗਤੀਸ਼ੀਲਤਾ ਦੇ ਵਾਧੇ ('ਯਾਤਰਾ ਲਾਭ) ਵਿਚ ਇਹ 20ਵੇਂ ਨੰਬਰ ਉਤੇ, ਨਿਵੇਸ਼ ਦੀ ਦਰਜਾਬੰਦੀ ਉਤੇ 34ਵੇਂ ਨੰਬਰ ਉਤੇ ਆਇਆ ਹੈ ਅਤੇ ਉਚਤਿਮ ਜੀਵਨ ਜੀਉਣ ਲਈ 10ਵੇਂ ਨੰਬਰ ਉਤੇ ਹੈ। ਗੁਆਂਢੀ ਮੁਲਕ ਆਸਟਰੇਲੀਆ ਦਾ ਪਾਸਪੋਰਟ ਇਕ ਕਦਮ ਉਤੇ 16ਵੇਂ ਨੰਬਰ ਉਤੇ ਆਇਆ ਹੈ।

ਗਲੋਬਲ ਰੈਂਕਿੰਗ ਸੂਚੀ ਦੇ ਵਿਚ ਪਹਿਲੇ ਨੰਬਰ ਉਤੇ ਜ਼ਰਮਨੀ (99.15 ਅੰਕ), ਦੂਜੇ ਉਤੇ ਅਮਰੀਕਾ (98.44 ਅੰਕ) , ਤੀਜੇ ਉਤੇ ਸਵੀਡਨ, ਚੌਥੇ ਉਤੇ ਡੈਨਮਾਰਕ , ਪੰਜਵੇਂ ਉਤੇ ਨੀਦਰਲੈਂਡ, ਛੇਵੇਂ ਉਤੇ ਫਿਨਲੈਂਡ, ਸੱਤਵੇਂ ਉਤੇ ਯੂਨਾਈਟਿਡ ਕਿੰਗਡਿਮ, ਅੱਠਵੇਂ ਤੇ ਕੈਨੇਡਾ, ਨੌਵੇਂ ਉਤੇ ਨਾਰਵੇ ਅਤੇ ਦਸਵੇਂ ਉਤੇ ਸਵਿਟਰਜ਼ਰਲੈਂਡ ਆਇਆ ਹੈ।

ਇੰਡੀਆ ਵੱਲ ਨਜ਼ਰ ਮਾਰੀਏ ਤਾਂ ਇਹ 20.78 ਅੰਕ ਪ੍ਰਾਪਤ ਕਰਕੇ 127ਵੇਂ ਨੰਬਰ ਉਤੇ ਹੈ। ਨੇਪਾਲ 160ਵੇਂ ਨੰਬਰ ਉਤੇ ਅਤੇ ਪਾਕਿਸਤਾਨ 179ਵੇਂ ਨੰਬਰ ਉਤੇ ਹੈ। ਕੋਰੀਆ 199 ਨੰਬਰ ਅਤੇ ਅਖੀਰ ਵਿਚ ਆਇਆ ਹੈ। ਇਸਦੇ ਉਲਟ ਜੇਕਰ 'ਹੈਨਲੀ ਐਂਡ ਪਾਰਟਨਰਜ਼' ਦੀ ਦਰਜਾਬੰਦੀ ਵੇਖੀ ਜਾਏ ਤਾਂ ਨਿਊਜ਼ੀਲੈਂਡ ਸੱਤਵੇਂ ਨੰਬਰ ਉਤੇ ਹੈ, ਜਸਿ ਨੂੰ 187 ਦੇਸ਼ਾਂ ਵਿਚ ਵੀਜ਼ਾ ਮੁਕਤ ਦਾਖਲਾ ਹੈ। ਇੰਡੀਆ 82ਵੇਂ ਨੰਬਰ ਉਤੇ ਹੈ, ਜਿਸ ਨੂੰ 60 ਦੇਸ਼ਾਂ ਵਿਚ ਵੀਜ਼ਾ ਮੁਕਤ ਦਾਖਲਾ ਹੈ।

# ਔਕਲੈਂਡ ਸਿਟੀ 'ਚ ਵਗਦੀ ਹਵਾ ਵਿਚ ਘੁੰਮਦੇ ਹਨ ਨਸ਼ੇ ਦੇ ਅੰਸ਼-ਪ੍ਰਦੂਸ਼ਣ ਫਿਲਟਰ ਦੀ ਰਿਪੋਰਟ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-**ਉਹ ਸਮਾਂ ਦੂਰ ਨਹੀਂ ਲਗਦਾ ਜਦੋਂ ਪਾਣੀ ਦੇ ਵਾਂਗ ਆਪਣੀ ਸਾਫ ਸੁਥਰੀ ਹਵਾ ਵੀ ਨਾਲ ਲਿਜਾਉਣੀ ਪਿਆ ਕਰੇਗੀ, ਕਿਉਂਕ ਪ੍ਰਦੂਸ਼ਣ ਚੈਕ ਕਰਨ ਵਾਲੇ ਫਿਲਟਰਾਂ ਨੇ ਆਪਣੀ ਰਿਪੋਰਟ ਦੇ ਵਿਚ ਜ਼ਾਹਿਰ ਕੀਤਾ ਹੈ ਕਿ ਔਕਲੈਂਡ ਸਿਟੀ ਸੈਂਟਰ (ਕਸਟਮ ਸਟ੍ਰੀਟ ਤੇ ਕੁਈਨਜ਼ ਸਟ੍ਰੀਟ) ਉਪਰ ਰੁਮਕਦੀ ਹਵਾ ਐਨੀ ਸਾਫ ਵੀ ਨਹੀਂ ਹੈ, ਕਿਉਂਕਿ ਇਸਦੇ ਵਿਚ ਨਸ਼ੇ ਦੇ ਅੰਸ਼ ਜਿਵੇਂ ਮੈਥ (ਚਿੱਟਾ ਆਦਿ) ਆਦਿ ਪਾਏ ਗਏ ਹਨ। ਇਕ ਕਿਊਬਿਕ ਮੀਟਰ ਹਵਾ ਦੇ ਘੇਰੇ ਵਿਚ 24.8 ਪਿਕੋਗ੍ਰਾਮ ਮਾਤਰਾ ਵਿਚ ਨਸ਼ੇ ਦੇ ਅੰਸ਼ ਪਾਏ ਗਏ ਹਨ। ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਛੁੱਟੀਆਂ ਵੇਲੇ ਇਸ ਹਵਾਈ ਨਸ਼ੇ ਦੀ ਮਾਤਰਾ ਵੱਧ ਪਾਈ ਗਈ ਹੈ। ਕਿਸੇ ਵੇਲੇ ਇਹ ਮਾਤਰਾ ਪ੍ਰਤੀ ਕਿਊਬਕ ਮੀਟਰ (ਹਵਾ) ਦੇ ਵਿਚ 104 ਪਿੱਕੋਗ੍ਰਾਮ ਤੱਕ (ਇੱਕ ਪਿਕੋਗ੍ਰਾਮ-ਇੱਕ ਗ੍ਰਾਮ ਦਾ ਇੱਕ ਖਰਬਵਾਂ ਹਿੱਸਾ ਹੁੰਦਾ ਹੈ) (1 ipcogrami s one-tirlilonth of a gram) ਵੀ ਰਹੀ ਹੈ। ਡੂੰਘੇ ਜਮ੍ਹਾ ਘਟਾਓ ਅਧਿਐਨ ਅਨੁਸਾਰ 16 ਕਿਊਬਿਕ ਮੀਟਰ ਹਵਾ ਦੇ ਘੇਰੇ ਵਿਚ ਸਾਹ ਲੈਣ ਵਾਲਾ ਹਰ ਵਿਅਕਤੀ 5




ਮਿਲੀਗ੍ਰਾਮ ਤੱਕ ਨਸ਼ਾ ਹਵਾ ਦੇ ਰਾਹੀਂ ਅਣਜਾਣੇ 'ਚ ਆਪਣੇ ਅੰਦਰ ਖਿੱਚ ਰਿਹਾ ਹੈ। ਹਵਾ ਗੰਧਲੀ ਹੁੰਦੀ ਰਹੀ ਤਾਂ 8000 ਸਾਲ ਬਾਅਦ ਹਰ ਵਿਅਕਤੀ ਕਾਰਜਸ਼ੀਲ ਨਸ਼ੇ ਦੀ ਡੋਜ ਹਵਾ ਵਿਚੋਂ ਹੀ ਲੈਣ ਲੱਗੇਗਾ।

ਹਵਾ ਦੇ ਵਿਚ ਕੈਫੀਨ ਅਤੇ ਤੰਬਾਕੂ ਦੇ ਅੰਸ਼ ਵੀ ਪਾਏ ਗਏ ਹਨ। ਅੰਕੜੇ ਇਹ ਵੀ ਦਸਦੇ ਹਨ ਕਿ ਨਿਊਜ਼ੀਲੈਂਡ ਦੇ ਵਿਚ ਹਰ ਸਾਲ 3300 ਦੇ ਕਰੀਬ ਲੋਕ ਪ੍ਰਦੂਸ਼ਣ ਨਾਲ ਵੀ ਮਰਦੇ ਹਨ। ਨਿਊਜ਼ੀਲੈਂਡ ਅਤੇ ਆਸਟਰੇਲੀਆ ਵਿੱਚ ਕੀਤੇ ਗਏ ਆਪਣੀ ਕਿਸਮ ਦੇ ਪਹਿਲੇ ਅਧਿਐਨ ਦੁਆਰਾ ਇਨ੍ਹਾਂ ਗੱਲਾਂ ਦਾ ਪਤਾ ਲੱਗਿਆ ਹੈ। ਆਕਲੈਂਡ ਯੂਨੀਵਰਸਿਟੀ ਦੇ ਵਿਗਿਆਨੀਆਂ ਦੁਆਰਾ ਕੀਤੇ ਗਏ ਵਿਸ਼ਲੇਸ਼ਣ ਦੇ ਅਨੁਸਾਰ, ਕੁਈਨ ਸਟ੍ਰੀਟ ਅਤੇ ਕਸਟਮ ਸਟ੍ਰੀਟ 'ਤੇ ਪ੍ਰਦੂਸ਼ਣ ਨਿਗਰਾਨੀ ਸਾਈਟ 'ਤੇ ਫਿਲਟਰਾਂ ਦੁਆਰਾ ਨਿਕੋਟੀਨ, ਕੈਫੀਨ ਅਤੇ ਟੈਟਰਾਹਾਈਡਰੋਕਾਨਾਬਿਨੋਲ ("83) ਦੇ ਨਾਲ ਕਲਾਸ ਏ ਡਰੱਗ ਦੇ ਨਿਸ਼ਾਨ ਫੜੇ ਗਏ ਸਨ। ਅਧਿਐਨ ਤੋਂ ਪਤਾ ਲੱਗਾ ਹੈ ਕਿ ਬਾਰਸੀਲੋਨਾ ਵਰਗੇ ਵਿਦੇਸ਼ੀ ਸ਼ਹਿਰਾਂ ਨਾਲੋਂ ਮੈਥ ਦਾ ਇਥੇ ਗਾੜ੍ਹਾਪਣ ਜ਼ਿਆਦਾ ਸੀ। ਸੋ ਸੱਚਮੁੱਚ ਨਸ਼ਿਆਂ ਦੀ ਹਵਾ ਵਿਚ ਮਾਤਰਾ ਦਾ ਪਤਾ ਲੱਗਣਾ ਇੰਝ ਹੈ ਜਿਵੇਂ ਆਉਣ ਵਾਲੇ ਸਮੇਂ ਵਿਚ ਸਾਹ ਲੈਣਾ ਵੀ ਨਸ਼ਾਮੁਕਤ ਨਹੀਂ ਰਹੇਗਾ।







# ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਖੇ 29 ਵੇ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖਾਲਸਾਈ ਰੰਗ

**ਸੈਲਮਾ, ਕੈਲੇਫੋਰਨੀਆ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ "ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ" ਵਿਖੇ ਸੈਂਟਰਲ ਵੈਲੀ ਵਿਖੇ ਖਾਲਸੇ ਦੇ ਸਾਜਨਾ ਦਿਵਸ ਅਤੇ ਵਿਸਾਖੀ ਨੂੰ ਸਮਰਪਿਤ 29 ਵੇ ਵਿਸਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸਿਰਕਤ ਕੀਤੀ। ਇਸੇ ਤਰਾਂ ਇਲਾਕੇ ਦੇ ਸੰਬੰਧਤ ਅਧਿਕਾਰੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂ ਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਆਦਿਕ ਤੋਂ ਇਲਾਵਾ ਇਲਾਕੇ ਅਧਿਕਾਰੀਆਂ ਅਤੇ ਗੁਰੂਘਰ ਮੁੱਖ ਪ੍ਰਬੰਧਕਾਂ ਨੇ ਵਿਚਾਰਾ ਦੀ ਸਾਂਝ ਪਾਈ।

ਨਗਰ ਕੀਰਤਨ ਦੀ ਸੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਅਨੇਕਾ ਸਿੱਖ ਧਰਮ





ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ-ਬਰੰ-ਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆ ਬਜੁਰਗਾਂ ਤੋਂ ਇਲਾਵਾ ਸਮੂੰਹ ਧਰਮਾ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਹੈਲੀਕਪਟਰ ਰਾਹੀ ਫੁੱਲਾ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਇਸੇ ਦੌਰਾਨ ਸਥਾਨਕ ਪੰਜਾਬੀ ਸਕੂਲ ਅਤੇ ਹੋਰ ਇਲਾਕੇ ਦੇ ਪੰਜਾਬੀ ਸਕੂਲਾਂ ਦੇ ਬੱਚੇ ਆਪਣੇ ਫਲੋਟਾ ਰਾਹੀ ਅਮੈਰੀਕਨ ਲੋਕਾਂ ਨਾਲ ਨਾਲ ਇਤਿਹਾਸਕ ਜਾਣਕਾਰੀ ਸਾਂਝੀ ਕਰ ਰਹੇ ਸਨ। ਇਸ ਨਗਰ ਕੀਰਤਨ ਵੱਖ ਵੱਖ ਸੁਆਦਿਸ਼ਟ ਖਾਣੇ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਗੁਰੂਘਰ ਅੰਦਰ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਅਤੇ ਹੋਰ ਅਨੇਕਾਂ ਬੂਥ ਲੱਗੇ ਹੋਏ ਸਨ। ਇਸ ਤੋਂ ਇਲਾਵਾ ਬਸਤਾ ਅਤੇ ਰਸਤਾ ਦੀਆਂ ਦੁਕਾਨਾ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦੌਰਾਨ ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। ਇਸ ਤੋਂ ਇਲਾਵਾਂ ਇਲਾਕੇ ਭਰ ਦੇ ਗੁਰੂ ਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਬਰੈਂਪਟਨ 'ਚ ਵਿਦਿਆਰਥੀਆਂ ਵੱਲੋਂ ਦੇਸ਼-ਨਿਕਾਲੇ ਵਿਰੁੱਧ ਰੋਸ-ਰੈਲੀ

**ਟੋਰਾਂਟੋ, ਕੈਨੇਡਾ, (ਦਲਜੀਤ ਕੌਰ)** ਅੱਜ ਕੈਨੇਡਾ ਦੇ ਸ਼ਹਿਰ ਬਰੈਪਟਨ ਵਿਖੇ 'ਅੰਤਰਰਾਸ਼ਟਰੀ ਨੌਜਵਾਨ-ਵਿਦਿਆਰਥੀ ਆਰਗੇਨਾਈਜੇਸ਼ਨ' ਦੀ ਅਗਵਾਈ ਹੇਠ ਦੇਸ਼-ਨਿਕਾਲੇ ਵਿਰੁੱਧ ਰੋਸ-ਰੈਲੀ ਕੀਤੀ ਗਈ। ਜੱਥੇਬੰਦੀ ਦੇ ਆਗੂਆਂ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਕਿਹਾ ਕਿ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਨੂੰ ਦੇਸ਼-ਨਿਕਾਲਾ ਦੇ ਕੇ ਕੈਨੇਡੀਅਨ ਸਰਕਾਰ ਉਹਨਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੀ ਹੈ।



ਇਸ ਸਮੇਂ ਜੱਥੇਬੰਦੀ ਦੀ ਆਗੂ ਰਮਨਦੀਪ ਕੌਰ, ਕਰਮਜੀਤ ਕੌਰ, ਡਿੰਪਲ, ਚਮਨਦੀਪ ਸਿੰਘ ਤੇ ਰਵਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਸਾਡਾ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੈਨੇਡਾ ਦੀ ਜੀਡੀਪੀ ਅਤੇ ਵਿਕਾਸ ਵਿੱਚ ਅਹਿਮ ਯੋਗਦਾਨ ਹੈ। ਅਸੀਂ ਕਰੋਨਾ ਤੇ ਮਹਿ-ਗਾਈ ਦੇ ਦੌਰ ਵਿੱਚ ਆਪਣੇ ਵਤਨੋਂ ਦੂਰ ਮਹਿੰਗੀ ਪੜਾਈ ਦੇ ਨਾਲ-ਨਾਲ ਮਹਿੰਗੇ ਰਿਹਾਇਸ਼ੀ ਕਿਰਾਏ, ਮਹਿੰਗੀਆਂ ਫੀਸਾਂ, ਗਰੌਸਰੀ ਤੇ ਹੋਰ ਲੋੜੀਂਦੇ ਖਰਚਿਆਂ ਲਈ ਦਿਨ-ਰਾਤ ਸਖਤ ਮਿਹਨਤ ਵਾਲੀਆਂ ਨੌਕਰੀਆਂ ਕੀਤੀਆਂ। ਕੈਨੇਡਾ 'ਚ ਹੁਨਰਮੰਦ ਕਾਮਿਆਂ ਦੇ ਤੌਰ ਤੇ ਕੰਮ ਕੀਤਾ। ਏਜੰਟਾਂ ਦੀ ਧੋਖਾਧੜੀ ਅਤੇ ਦੇਸ਼-ਨਿਕਾਲੇ ਦੇ ਸਰਕਾਰੀ ਫੁਰਮਾਨ ਨੇ ਸਾਨੂੰ ਵੱਡੀ ਮਾਨਸਿਕ ਪ੍ਰੇਸ਼ਾਨੀ ਵੱਲ ਧੱਕ ਕੇ ਸਾਡੇ ਭਵਿੱਖ ਨਾਲ ਖਿਲਵਾੜ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬ ਅਤੇ ਕੈਨੇਡਾ ਦੇ 'ਇਮੀਗ੍ਰੇਸ਼ਨ ਮਾਫੀਆ' ਉੱਤੇ ਕਾਰਵਾਈ ਹੋਣ ਦੀ ਬਜਾਏ ਵਿਦਿਆਰਥੀ ਨੂੰ ਦੋਸ਼ੀ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ। ਨੌਜਵਾਨ ਸਪੋਰਟ ਨੈਟਵਰਕ ਦੇ ਆਗੂ ਬਿਕਰਮ ਕੁੱਲੇਵਾਲ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਜਾ ਦੇਣ ਦੀ ਬਜਾਏ ਕੈਨੇਡੀਅਨ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਸਰਕਾਰ ਰਾਹੀਂ ਵਿਦਿਆਰਥੀਆਂ ਨਾਲ ਧੋਖਾਧੜੀ ਕਰਨ ਵਾਲੇ ਭਾਰਤ ਸਥਿਤ ਚਾਲਬਾਜ਼ ਤੇ ਮੁਨਾਫਾਖੋਰ ਏਜੰਟਾਂ ਅਤੇ ਉਹਨਾਂ ਨਾਲ ਮਿਲਕੇ ਧੋਖਾ ਕਰਨ ਵਾਲੇ ਕੈਨੇਡੀਅਨ ਕਾਲਜਾਂ ਜਾਂ ਏਜੰਟਾਂ ਦੇ ਗ੍ਰੋਹ ਦੀ ਜਾਂਚ ਕਰਕੇ ਉਹਨਾਂ ਦਾ ਪਰਦਾਫਾਸ ਕਰੇ। ਉਹਨਾਂ ਕਿਹਾ ਕਿ ਵੋਟ ਪਾਰਟੀਆਂ ਨੂੰ ਨੀਂਦ 'ਚੋਂ ਜਾਗਣ ਦੀ ਲੋੜ ਹੈ।

'ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' ਦੇ ਆਗੂ ਹਰਿੰਦਰ ਮਹਿਰੋਕ ਨੇ ਕਿਹਾ ਕਿ ਕੈਨੇਡੀਅਨ




ਆਰਥਿਕਤਾ ਅਤੇ ਸਿੱਖਿਆ ਨੀਤੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਅਹਿਮ ਯੋਗਦਾਨ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਵਿਦਿਆਰਥੀਆਂ ਨੂੰ ਜਿੰਦਗੀ 'ਚ ਅੱਗੇ ਵੱਧਣ ਦਾ ਮੌਕਾ ਦਿੱਤਾ ਜਾਵੇ। 'ਮਾਈਗ੍ਰੈਂਟ ਯੂਨਾਇਟਿਡ ਵਰਕਰਜ਼' ਦੀ ਆਗੂ ਸ਼ਿਰੋਮ ਨੇ ਕਿਹਾ ਕਿ ਅੰਤਰਟਰਾਸ਼ਟਰੀ ਕਾਮਿਆਂ ਤੇ ਵਿਦਿਆਰਥੀਆਂ ਦਾ ਏਕਾ ਤੇ ਸੰਘਰਸ਼ ਸਮੇਂ ਦੀ ਵੱਡੀ ਲੋੜ ਹੈ। ਵਿਦਿਆਰਥੀ ਆਗੂ ਮਨਦੀਪ ਨੇ ਕਿਹਾ ਕਿ ਸੰਸਾਰ ਵਿੱਤੀ ਸੰਕਟ, ਕੋਵਿਡ, ਯੂਕਰੇਨ ਜੰਗ ਅਤੇ ਮਹਿੰਗਾਈ ਦੇ ਦੌਰ 'ਚ ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਦਾ ਫੈਸਲਾ, ਉਹਨਾਂ ਦਾ ਭਵਿੱਖ ਤਬਾਹ ਕਰਨ ਬਰਾਬਰ ਹੈ। ਉਨ੍ਹਾਂ ਕਿਹਾ ਕਿ ਕੈਨੇਡੀਅਨ ਸਰਕਾਰ ਨੂੰ ਪ੍ਰਵਾਸੀ ਪ੍ਰਤੀ ਧੱਕੇਸ਼ਾਹੀ ਵਾਲੀ ਆਪਣੀ ਇਮੀਗ੍ਰੇਸ਼ਨ ਨੀਤੀ ਵੱਲ ਧਿਆਨ ਦੇਣਾ ਚਾਹੀਦਾ ਹੈ। ਉਹਨਾਂ ਭਾਰਤ ਤੇ ਪੰਜਾਬ ਸਰਕਾਰ ਨੂੰ ਜਾਗਣ ਦੀ ਨਸੀਹਤ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਨੂੰ ਬਿਨਾਂ ਸ਼ਰਤ ਰੱਦ ਕੀਤਾ ਜਾਣਾ ਚਾਹੀਦਾ ਹੈ। 'ਸਰੋਕਾਰਾਂ ਦੀ ਅਵਾਜ਼' ਵੱਲੋਂ ਕੁਲਦੀਪ ਬੋਪਾਰਾਏ ਨੇ ਕਿਹਾ ਕਿ ਵਿਦਿਆਰਥੀ ਮੰਗਾਂ ਲਈ ਮੰਤਰੀਆਂ ਤੱਕ ਪਹੁੰਚ ਕੀਤੀ ਜਾਵੇਗੀ। ਰੇਡਿਓ 'ਨਗਾਰਾ' ਵੱਲੋਂ ਚਰਨਜੀਤ ਬਰਾੜ ਨੇ ਕਿਹਾ ਕਿ ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਦੇ ਫੈਸਲੇ ਨੂੰ ਬਿਨ੍ਹਾ ਦੇਰੀ ਕੀਤੇ ਪਹਿਲ ਦੇ ਅਧਾਰ ਤੇ ਰੱਦ ਕਰਕੇ ਪੀੜ੍ਹਤਾਂ ਨੂੰ ਇਨਸਾਫ ਦਿੱਤਾ ਜਾਵੇ।

'ਇੰਡੋ-ਕੈਨੇਡੀਅਨ ਵਰਕਰ ਐਸ਼ੋਸੀਏਸ਼ਨ' ਵੱਲੋਂ ਹਰਿੰਦਰ ਹੁੰਦਲ ਨੇ ਕਿਹਾ ਕਿ ਸਮੂਹ ਜੱਥੇਬੰਦੀਆਂ ਤੇ ਇਨਸਾਫ ਪਸੰਦ ਲੋਕਾਂ ਨੂੰ ਵਿਦਿਆਰਥੀਆਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। 'ਪ੍ਰਵਾਸੀ ਪੰਜਾਬੀ ਐਸ਼ੋਸੀਏਸ਼ਨ' ਦੇ ਜਾਗੀਰ ਕਾਹਲੋਂ ਨੇ ਵਿਦਿਆਰਥੀ ਸੰਘਰਸ਼ ਦਾ ਸਾਥ ਦੇਣ ਦਾ ਵਾਅਦਾ ਕੀਤਾ। ਇਸ ਸਮੇਂ ਸਟੇਜ ਸਕੱਤਰ ਖੁਸ਼ਪਾਲ ਗਰੇਵਾਲ ਨੇ ਸੱਦਾ ਦਿੱਤਾ ਕਿ ਵਿਦਿਆਰਥੀਆਂ ਨੂੰ ਇਨਸਾਫ ਨਾ ਮਿਲਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ ਅਤੇ ਆਉਣ ਵਾਲੀ 25 ਅਪ੍ਰੈਲ ਨੂੰ 'ਜਨਤਕ ਸੁਰੱਖਿਆ' ਮੰਤਰੀ ਮਾਰਕੋ ਮੈਡੀਸੀਨੋ ਦੇ ਦਫਤਰ ਅੱਗੇ ਰੋਸ-ਮੁਜ਼ਾਹਰਾ ਕੀਤਾ ਜਾਵੇਗਾ।



# ਫਰਿਜ਼ਨੋ ਵਿਖੇ ਵਿਸਾਖੀ ਨੂੰ ਸਮਰਪਿਤ ਸੱਭਿਆਚਾਰ ਪ੍ਰੋਗਰਾਮ ਦੌਰਾਨ ਗੀਤਕਾਰ ਜਸਬੀਰ ਗੁਣਾਚੌਰੀਆ ਸਣੇ ਨਾਮਵਰ ਸ਼ਖ਼ਸੀਅਤਾਂ ਨੂੰ ਕੀਤਾ ਸਨਮਾਨਿਤ











**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਦੇ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਵਿਖੇ ਲੰਘੇ ਸ਼ੁੱਕਰਵਾਰ ਸਮੂੰਹ ਯਾਰਾ ਦੋਸਤਾਂ ਦੇ ਸਹਿਯੋਗ ਨਾਲ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵੱਲੋ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਰੱਖਿਆ ਗਿਆ, ਜਿੱਥੇ ਗੀਤਕਾਰ ਜਸਬੀਰ ਗੌਣਾਚੌਰੀਆ ਨੂੰ ਉਹਨਾਂ ਦੀ ਸਾਫ਼ ਸੁੱਥਰੀ ਗੀਤਕਾਰੀ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖੇਡਾਂ ਵਿੱਚ ਪੰਜਾਬੀਅਤ ਦਾ ਨਾਮ ਚਮਕਾਉਣ ਲਈ ਗੁਰਬਖਸ਼ ਸਿੰਘ ਸਿੱਧੂ ਨੂੰ ਵੀ ਸਨਮਾਨ ਦਿੱਤਾ ਗਿਆ। ਮਿਊਜਕ ਇੰਡਸਟਰੀ ਵਿੱਚ ਚੰਗੀ ਜਗ੍ਹਾ ਬਣਾ ਚੁੱਕੇ ਪੱਪੀ ਭਦੌੜ ਨੂੰ ਵੀ ਸਨਮਾਨ ਦਿੱਤਾ ਗਿਆ। ਇਸ ਮੌਕੇ ਕਵਿੱਤਰੀ ਡਾ। ਮਨਰੀਤ ਕੌਰ ਗਰੇਵਾਲ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਫਰਿਜ਼ਨੋ ਦੀਆਂ ਸਿਰਕੱਢ ਸ਼ਖ਼ਸੀਅਤਾਂ ਨੇ ਹਾਜ਼ਰੀ ਭਰਕੇ ਮਹਿਫ਼ਲ ਨੂੰ ਹੋਰ ਚਾਰ ਚੰਨ ਲਾਏ। ਇਹ ਸਮਾਗਮ ਖ਼ਾਸ ਕਰਕੇ ਗੀਤਕਾਰ ਜਸਬੀਰ ਗੁਣਾਚੌਰੀਆ ਲਈ ਉਲੀਕਿਆ ਗਿਆ ਸੀ, ਉਹਨਾਂ ਉਚੇਚੇ ਤੌਰ ਤੇ ਕਨੇਡਾ ਤੋ ਚੱਲਕੇ ਇਸ ਸਮਾਗਮ ਵਿੱਚ ਹਾਜ਼ਰੀ ਭਰੀ। ਇਹ ਸਮਾਗਮ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਰਿਹਾ। ਪਤਵੰਤਿਆਂ ਨਾਲ ਖਚਾ ਖੱਚ ਭਰੇ ਹਾਲ ਅੰਦਰ ਗੀਤਕਾਰ ਜਸਬੀਰ ਗੁਣਾਚੌਰੀਆ, ਗਾਇਕ ਧਰਮਵੀਰ ਥਾਂਦੀ, ਬਹਾਦਰ ਸਿੱਧੂ, ਅਵਤਾਰ ਗਰੇਵਾਲ, ਕਮਲਜੀਤ ਬੈਨੀਪਾਲ, ਯਮਲੇ ਜੱਟ ਦੇ ਸ਼ਗਿਰਦ ਰਾਜ ਬਰਾੜ, ਗੈਰੀ ਢਿੱਲੋਂ, ਡਾ। ਮਨਰੀਤ ਗਰੇਵਾਲ, ਗੋਗੀ ਸੰਧੂ, ਪੱਪੀ ਭਦੌੜ, ਅਨਮੋਲ ਗਰੇਵਾਲ ਆਦਿ ਨੇ ਐਸਾ ਸਮਾਂ ਬੰਨਿਆ ਕਿ ਹਰਕੋਈ ਸਾਹ ਰੋਕਕੇ ਪ੍ਰੋਗਰਾਮ ਦਾ ਅਨੰਦ ਮਾਣਦਾ ਨਜ਼ਰ ਆਇਆ। ਪੀਸੀਏ ਮੈਂਬਰ ਸੁਖਬੀਰ ਭੰਡਾਲ ਨੇ ਵਿਸਾਖੀ ਦੇ ਦਿਹਾੜੇ ਦੀ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਮਹੱਤਤਾ ਬਾਰੇ ਗੱਲਬਾਤ ਕੀਤੀ। ਖਾਲੜਾ ਪਾਰਕ ਵਾਲੇ ਬਾਬਿਆਂ ਨੇ ਉਚੇਚੇ ਤੌਰਤੇ ਹਾਜ਼ਰੀ ਭਰੀ। ਇਸ ਮੌਕੇ ਚਰਨਜੀਤ ਸਿੰਘ ਬਾਠ ਜਸਬੀਰ ਗੁਣਾਚੌਰ ਦੀ ਗੀਤਕਾਰੀ ਦੀ ਤਰੀਫ਼ ਕਰਦਿਆਂ ਕਿਹਾ ਕਿ ਜਸਬੀਰ ਗੁਣਾਚੌਰ ਨੇ ਦਰਜਨਾਂ ਹਿੱਟ ਗੀਤ ਪੰਜਾਬੀ ਮਾਂ ਬੋਲੀ ਦੀ ਝੋਲ੍ਹੀ ਪਾਏ 'ਤੇ ਬਹੁਤ ਸਾਰੇ ਗਾਇਕ ਉਹਨਾਂ ਦੇ ਗੀਤ ਗਾਕੇ ਸਟਾਰ ਬਣ ਗਏ। ਇਸ ਮੌਕੇ ਟਰਾਂਸਪੋਰਟਰ ਖ਼ੁਸ਼ ਧਾਲੀਵਾਲ, ਮਿੰਟੂ ਉੱਪਲੀ, ਸਤਨਾਮ ਪ੍ਰਧਾਨ, ਨਾਜ਼ਰ ਸਿੰਘ ਸਹੋਤਾ, ਗੁਰਪ੍ਰੀਤ ਦੌਧਰ, ਨੀਟੂ ਵਡਿਆਲ, ਜਸਪਾਲ ਧਾਲੀਵਾਲ, ਜਗਦੀਪ ਸਿੰਘ, ਜੱਸੀ ਸਟੋਨ ਟਰੱਕਿੰਗ, ਇੰਡੋ ਯੂ ਐਸ ਏ ਐਸੋਸੀਏਸ਼ਨ, ਇੰਡੋ ਅਮੈਰਕਿਨ ਹੈਰੀਟੇਜ, ਪੀਸੀਏ, ਜੀ ਐਚ ਜੀ, ਵਿਰਸਾ ਫਾਊਡੇਸ਼ਨ ਸੰਸਥਾਵਾਂ ਅਤੇ ਵਾਲੀਵਾਲ ਕਲੱਬ ਫਰਿਜ਼ਨੋ ਆਦਿ ਦੇ ਮੈਂਬਰਾ ਤੋ ਬਿਨਾ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਕੇ ਇਸ ਸਮਾਗਮ ਨੂੰ ਕਾਮਯਾਬ ਬਣਾਇਆ।

# ਕੈਲੀਫੋਰਨੀਆਂ ਦੇ ਬੌਰਨ ਤੋ ਗੰਨ ਪੁਆਇੰਟ ਤੇ ਪੰਜਾਬੀ ਡਰਾਈਵਰ ਤੋਂ ਟਰੱਕ ਖੋਹਿਆ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਬੌਰਨ (ਕੈਲੀਫੋਰਨੀਆਂ)–** ਲੰਘੀ 12 ਅਪ੍ਰੈਲ ਨੂੰ ਕਲੀਵੀਲੈਂਡ ਓਹਾਇਓ ਦੀ ਜਸ ਟਰੱਕਿੰਗ ਦੇ ਮਾਲਕ ਅਤੇ ਡਰਾਈਵਰ ਕੋਲੋ ਬੌਰਨ ਕੈਲੀਫੋਰਨੀਆਂ ਦੇ ਪਾਇਲਟ ਟਰੱਕ ਸਟਾਪ ਤੋਂ ਸ਼ਾਮੀਂ 5।30 ਵਜੇ ਦਿਨ ਦਿਹਾੜੇ, ਗੰਨ ਪੁਆਇੰਟ ਤੇ ਟਰੱਕ ਖੋਹਣ ਦੀ ਘਟਨਾ ਸਾਹਮਣੇ ਆਈ, ਸਤਨਾਮ ਸਿੰਘ ਜੋ ਕਿ ਫਰਿਜ਼ਨੋ ਏਰੀਏ ਚੋਂ ਟਰੱਕ ਲੋਡ ਕਰਕੇ ਓਹਾਇਓ ਵੱਲ ਜਾ ਰਿਹਾ ਸੀ ਕਿ ਬੌਰਨ ਟਾਊਨ ਦੇ ਪਾਈਲਟ ਟਰੱਕ ਸਟਾਪ ਤੇ ਤੇਲ ਪਾਉਣ ਲਈ ਰੁਕਿਆ, ਓਥੇ ਇੱਕ ਮੈਕਸੀਕਨ ਮੂਲ ਦੇ ਬੰਦੇ ਨੇ ਉਸਤੋਂ ਰਾਈਡ ਮੰਗੀ, ਤਾਂ ਉਸਨੇ ਆਪਣੀ ਸੇਫਟੀ ਲਈ ਟੀਮ ਡਰਾਈਵਰ ਦਾ ਬਹਾਨਾ ਲਾਕੇ ਉਸਨੂੰ ਮਨਾ ਕਰ ਦਿੱਤਾ, ਜਦੋਂ ਉਹ ਤੇਲ ਭਰਾ ਰਿਹਾ ਸੀ ਅਤੇ ਸ਼ੀਸ਼ੇ ਸਾਫ਼ ਕਰ ਰਿਹਾ ਸੀ, ਟਰੱਕ ਉਸ ਸਮੇਂ ਜ਼ਿਆਦਾ ਤੌਰ ਤੇ ਟਰੱਕ ਸਟਾਰਟ ਅਤੇ ਅਨਲਾਕ ਹੀ ਹੁੰਦੇ ਨੇ, ਮੌਕਾ ਤਾੜਕੇ ਦੋਸ਼ੀ ਟਰੱਕ ਵਿੱਚ ਡਰਾਈਵਰ ਸੀਟ ਤੇ ਬੈਠ ਗਿਆ, ਜਦੋਂ ਸਤਨਾਮ ਸਿੰਘ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਗੰਨ ਕੱਢ ਲਈ ਅਤੇ ਗੰਨ ਪੁਆਇੰਟ ਤੇ ਟਰੱਕ ਅਗਵਾ ਕਰਕੇ ਲੈ ਗਿਆ, ਜਦੋਂ ਉਸਨੇ ਵੇਖਿਆ ਕਿ ਟਰੱਕ ਲੋਡਿਡ ਹੋਣ ਕਰਕੇ ਬਹੁਤਾ ਭੱਜ ਨਹੀਂ ਰਿਹਾ ਤਾਂ ਹਾਈਵੇਅ 58 ਈਸਟ ਬੌਂਡ ਤੇ ਉਸਨੇ ਬਗੈਰ ਲੈਂਡਿੰਗ ਗੇਅਰ ਡਾਊਨ ਕੀਤਿਆਂ ਟਰੇਲਰ ਸ਼ੋਲਡਰ ਤੇ ਛੱਡ ਦਿੱਤਾ ਤੇ ਇਕੱਲਾ ਬਾਬ ਟੇਲ ਟਰੱਕ ਲੈਕੇ ਫਰਾਰ ਹੋ ਗਿਆ, ਪੁਲਿਸ ਕਾਲ ਕੀਤੀ ਗਈ। ਟਰੱਕ ਵਿੱਚ ਜੀ ਪੀ ਐਸ ਲੱਗਿਆ ਹੋਣ ਕਰਕੇ ਪੁਲਿਸ ਨੇ ਵਾਲਵੋ ਟਰੱਕ ਨੂੰ ਮੁਲਜ਼ਮ ਸਮੇਤ ਬਾਰਸਟੋ ਏਰੀਏ ਤੋਂ ਫਰੀਵੇਅ 15 ਤੋ ਲੱਭਿਆ ਅਤੇ ਦੋਸ਼ੀ ਨੂੰ ਗੰਨ ਸਮੇਤ ਗ੍ਰਿਫਤਾਰ ਕਰਕੇ ਮਾਮਲੇ ਜਾਂਚ ਸ਼ੁਰੂ ਕੀਤੀ। ਦੋਸਤੋ ਜਦੋਂ ਟਰੱਕ ਸਟਾਪਾਂ ਤੋ ਤੇਲ ਵਗੈਰਾ ਪਾਉਂਨੇ ਹੁੰਨੇ ਹੋ, ਧਿਆਨ ਰੱਖਿਆ ਕਰੋ। ਟਰੱਕ ਵਿੱਚੋਂ ਭਲਾ ਦੋ ਮਿੰਟ ਲਈ ਬਾਹਰ ਨਿਕਲਣਾ ਹੋਵੇ, ਟਰੱਕ ਨੂੰ ਲਾਕ ਲਾਓ ਅਤੇ ਚੁਕੰਨੇ ਹੋਕੇ ਸਾਰਾ ਕੰਮ ਧੰਦਾ ਕਰੋ, ਕਿਉਕੇ ਕਰਿਮੀਨਲ ਲੋਕਾਂ ਦਾ ਕੋਈ ਪਤਾ ਨਹੀਂ ਕਦੋਂ ਕਿੱਥੇ ਕਿਸੇ ਘਟਨਾਂ ਨੂੰ ਅੰਜਾਮ ਦੇ ਜਾਣ।




'ਦੇਸ਼ ਦੁਆਬਾ'

'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com



"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫ਼ਾਰ ਗਰਲਜ਼ ਵੱਲੋਂ ਮਈ 2023 'ਚ ਲਈ ਜਾਵੇਗੀ ਦਾਖਲਾ ਪ੍ਰੀਖਿਆ

**ਸੰਗਰੂਰ, (ਦਲਜੀਤ ਕੌਰ)** ਪੰਜਾਬ ਸਰਕਾਰ ਵੱਲੋਂ ਫੌਜ ਵਿੱਚ ਕਮਿਸ਼ਨਡ ਅਫਸਰ ਵਜੋਂ ਕੈਰੀਅਰ ਸ਼ੁਰੂ ਕਰਨ ਦੀਆਂ ਚਾਹਵਾਨ ਲੜਕੀਆਂ ਨੂੰ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼, ਮੁਹਾਲੀ ਵਿਖੇ ਸਿਖਲਾਈ ਹਾਸਿਲ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕੀਤਾ ਜਾ ਰਿਹਾ ਹੈ। ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ (ਐਮਬੀਏਐਫਪੀਆਈ), ਮੁਹਾਲੀ ਵੱਲੋਂ ਮਈ 2023 'ਚ ਨੌਂਵੇਂ ਬੈਚ ਲਈ ਦਾਖਲਾ ਪ੍ਰੀਖਿਆ ਲਈ ਜਾਣੀ ਹੈ।



ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਐਮਬੀਏਐਫਪੀਆਈ ਸੰਸਥਾ ਵਿੱਚ ਆਮ ਜਾਣਕਾਰੀ, ਕਮਿਊਨੀਕੇਸ਼ਨ ਸਕਿੱਲਜ਼, ਵਿਅਕਤੀਤਵ ਵਿਕਾਸ ਤੇ ਆਤਮ-ਵਿਸ਼ਵਾਸ ਸਿਰਜਣਾ, ਐਨਸੀਸੀ ਸਿਖਲਾਈ, ਸਰੀਰਕ ਸਿੱਖਿਆ ਅਤੇ ਅੰਦਰੂਨੀ ਤੇ ਬਾਹਰੀ ਖੇਡ ਗਤੀਵਿਧੀਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਵਿਦਿਆਰਥਣਾਂ ਨੂੰ ਪੇਸ਼ੇਵਰਾਂ ਵਲੋਂ ਐਸਐਸਬੀ ਅਤੇ ਹਥਿਆਰਬੰਦ ਬਲਾਂ ਵਿੱਚ ਜਾਣ ਲਈ ਦਾਖਲਾ ਪ੍ਰੀਖਿਆ ਦੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਥੋਂ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਐਮਸੀਐਮ ਡੀਏਵੀ ਕਾਲਜ ਚੰਡੀਗੜ੍ਹ ਤੋਂ 3 ਸਾਲ ਦੀ ਗ੍ਰੈਜੂਏਸ਼ਨ ਡਿਗਰੀ ਦਿੱਤੀ ਜਾਂਦੀ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਬਿਨੈਕਾਰਾਂ ਲਈ ਮੁੱਢਲੀ ਯੋਗਤਾ ਵਿਚ ਪੰਜਾਬ ਦਾ ਵਸਨੀਕ ਹੋਣਾ ਅਤੇ ਬਾਰਵੀਂ ਦੀ ਪ੍ਰੀਖਿਆ ਪਾਸ ਕੀਤੇ ਹੋਣਾ ਸ਼ਾਮਲ ਹੈ। ਚਾਹਵਾਨ ਉਮੀਦਵਾਰ ਦਾਖਲਾ ਪ੍ਰੀਖਿਆ ਲਈ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਜਲਜ਼ ਦੇ ਆਨਲਾਈਨ ਪੋਰਟਲ www.mbafpi-girls.in 'ਤੇ ਕਲਿੱਕ ਕਰਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਦੌਰਾਨ ਆਉਣ ਵਾਲਾ ਖਰਚਾ ਜਿਸ ਵਿੱਚ ਟ੍ਰੇਨਿੰਗ, ਖਾਣਾ, ਵਰਦੀ ਆਦਿ ਸ਼ਾਮਲ ਹਨ, ਪੰਜਾਬ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ।

# ਭਾਰਟਾ ਖੁਰਦ 'ਚ ਗਰੀਬਾਂ ਦੀਆਂ ਝੁੱਗੀਆਂ ਨੂੰ ਲੱਗੀ ਅੱਗ

## ਇਕ 12 ਸਾਲਾ ਲੜਕੀ, 20 ਪਸ਼ੂ ਤੇ 40 ਝੁੱਗੀਆਂ ਸੜ ਕੇ ਸੁਆਹ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਥਾਣਾ ਰਾਹੋਂ ਅਧੀਨ ਪੈਂਦੇ ਪਿੰਡ ਭਾਰਟਾ ਖੁਰਦ ਵਿਖੇ ਅਚਾਨਕ ਅੱਗ ਲੱਗਣ ਕਰਕੇ ਇਕ 12 ਸਾਲਾ ਲੜਕੀ, 'ਤੇ 20 ਦੇ ਕਰੀਬ ਪਸ਼ੂਆਂ ਦੀ ਮੌਤ ਹੋਣ ਤੇ 35 ਦੇ ਕਰੀਬ ਝੁੱਗੀਆ ਦੇ ਸੜ ਕੇ ਸੁਆਹ ਹੋਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਕਰੀਬ ਤਿੰਨ ਵਜੇ ਅਚਾਨਕ ਝੁੱਗੀਆ ਨੂੰ ਅੱਗ ਲੱਗ ਗਈ ਇਸ ਸਮੇ ਇਥੇ ਜਿਆਦਾਤਰ ਬੱਚੇ ਹੀ ਸਨ ਤੇ ਝੁੱਗੀਆ ਦੇ ਮਾਲਕ ਕੰਮਕਾਜ ਲਈ ਗਏ ਹੋਏ ਸਨ। ਅੱਗ ਦੀਆਂ ਉੱਚੀਆਂ ਲਪਟਾਂ ਦੇਖ ਕੇ ਨੇੜੇ ਖੇਤਾਂ 'ਚ ਕੰਮ ਕਰਦੇ ਲੋਕਾਂ ਨੇ ਰੌਲਾਂ ਪਾਉਣਾ ਸ਼ੁਰੂ ਕਰ ਦਿੱਤਾ ਤੇ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਅਨਾਊਂਸਮੈਂਟ ਵੀ ਕਰਵਾ ਦਿਤੀ। ਘਟਨਾ ਸਥਾਨ ਤੇ ਖੜੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਵਲੋਂ ਥਾਣਾ ਰਾਹੋਂ ਤੇ ਫਾਇਰ ਬ੍ਰਿਗੇਡ ਵਿਭਾਗ ਨੂੰ ਸੂਚਨਾ ਦਿਤੀ ਗਈ ਕਰੀਬ 15 ਮਿੰਟ ਚ ਅੱਗ ਬੁਝਾਉ ਦਸਤਾ ਪਹੁੰਚ ਗਿਆ। ਪਰ ਅੱਗ ਐਨੀ ਤੇਜ ਸੀ ਕਿ ਜਦ ਤੱਕ ਸਭ ਕੁਝ ਸੜ ਕੇ ਸੁਆਹ ਹੋ ਚੁੱਕਾ ਸੀ। ਘਟਨਾ ਦੀ ਜਾਣਕਾਰੀ ਮਿਲਦਿਆਂ ਆਪ ਪਾਰਟੀ ਦੇ ਨਵਾਂਸ਼ਹਿਰ ਤੋਂ ਇੰਚਾਰਜ ਲਲਿਤ ਮੋਹਨ ਪਾਠਕ ਘਟਨਾ ਸਥਾਨ ਤੇ ਪਹੁੰਚ ਗਏ। ਉਨ੍ਹਾ ਦੱਸਿਆ ਕਿ ਇਹ ਘਟਨਾ ਜਿੰਨੀ ਦਰਦਨਾਕ ਹੈ ਉਨ੍ਹੀ ਭਿਆਨਕ ਵੀ ਹੈ। ਉਨ੍ਹਾ ਦੱਸਿਆ ਕਿ ਇਥੇ ਕਰੀਬ 35 ਝੁੱਗੀਆ 'ਚ 50 ਲੋਕ ਰਹਿੰਦੇ ਸਨ ਕਿ ਅਚਾਨਕ ਲੱਗੀ ਅੱਗ ਨੇ ਜਿਥੇ ਇਕ 12 ਸਾਲਾ ਲੜਕੀ ਆਰਤੀ ਕੁਮਾਰੀ ਨੂੰ ਆਪਣੀ ਲਪੇਟ ਚ ਲੈ ਲਿਆ ਉਥੇ 20 ਪਸ਼ੂਆ ਤੇ ਸਾਰੀਆਂ ਝੁੱਗੀਆ ਸੜ ਕੇ ਸੁਆਹ ਹੋ ਗਈਆਂ । ਉਨ੍ਹਾਂ ਕਿਹਾ ਕਿ ਉਹ ਕੋਸ਼ਿਸ਼ ਕਰਨਗੇ ਕਿ ਇਨ੍ਹਾਂ ਝੁੱਗੀਆ ਵਾਲਿਆ ਨੂੰ ਮੁਆਵਜਾ ਮਿਲ ਸਕੇ। ਪੁਲਿਸ ਵੱਲੋ ਮ੍ਰਿਤਕ ਲੜਕੀ ਆਰਤੀ ਕੁਮਾਰੀ ਦੀ ਮਾਤਾ ਸਵਿਤਾ ਦੇ ਬਿਆਨਾ ਤੇ ਅਗਲੇਰੀ ਕਾਰਵਾਈ ਅਰੰਭ ਕਰ ਦਿਤੀ ਹੈ । ਸਵਿਤਾ ਨੇ ਦੱਸਿਆ ਕਿ ਉਸ ਦੀ ਲੜਕੀ ਦੂਸਰੀ ਕਲਾਸ ਚ ਪੜ੍ਹਦੀ ਸੀ । ਉਸ ਨੇ ਦੱਸਿਆ ਕਿ ਉਨ੍ਹਾਂ ਦਾ ਸਾਰਾ ਸਮਾਨ ਕਪੜੇ, ਪੈਸੇ, ਪਸ਼ੂ ਤੇ ਘਰ ਦਾ ਸਾਰਾ ਸਮਾਨ ਸੜ ਕੇ ਸੁਆਹ ਹੋ ਚੁੱਕਾ ਹੈ।

# ਸ਼੍ਰੀ ਖੁਰਾਲਗੜ੍ਹ ਸਾਹਿਬ ਹਾਦਸੇ ਦੇ ਮ੍ਰਿਤਕਾਂ 25 ਲੱਖ 'ਤੇ ਜਖਮੀਆਂ ਨੂੰ 5 ਲੱਖ ਦੀ ਮੱਦਦ ਦਿੱਤੀ ਜਾਵੇ-ਨਿਮਿਸ਼ਾ ਮਹਿਤਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੀਤੇ ਦੋ ਦਿਨਾਂ ਵਿੱਚ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਹੋਏ ਦਰਦਨਾਕ ਹਾਦਸਿਆਂ ਵਿੱਚ ਹੋਈਆਂ ਮੌਤਾਂ ਨਾਲ ਗੁਰੂਘਰ ਆਉਣ ਵਾਲੀਆਂ ਸੰਗਤਾਂ ਡਰ ਦੇ ਮਾਹੌਲ ਵਿੱਚੋਂ ਗੁਜਰ ਰਹੀਆਂ ਹਨ। ਇਹ ਵਿਚਾਰ ਪ੍ਰਗਟ ਕਰਦਿਆਂ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਭਾਜਪਾ ਆਗੂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਨਲਾਇਕੀ ਦੇ ਚੱਲਦਿਆਂ ਗੁਰੂਘਰ ਨੂੰ ਜਾਣ ਵਾਲੀਆਂ ਸੜਕਾਂ ਦੀ ਹਾਲਤ ਬਦ ਤੋਂ ਬਦਤਰ ਹੋਈ ਪਈ ਹੈ। ਇੰਨੇ ਵੱਡੇ ਹਾਦਸੇ ਹੋਣ ਤੇ ਸਰਕਾਰ ਵਾਰਸਾਂ ਨੂੰ ਦੋ ਦੋ ਲੱਖ ਰੁਪਏ ਦੇ ਕੇ ਕੋਝਾ ਮਜਾਕ ਕਰ ਰਹੀ ਹੈ। ਸਰਕਾਰ ਨੂੰ ਪਹਿਲ ਦੇ ਅਧਾਰ ਤੇ ਇਲਾਕੇ ਦੀਆਂ ਸੜਕਾਂ ਦੀ ਹਾਲਤ ਸੁਧਾਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 25-25 ਲੱਖ ਤੇ ਜਖਮੀਆਂ ਨੂੰ 5-5 ਲੱਖ ਰੁਪਏ ਦਿੱਤੇ ਜਾਣ।

# ਸ਼ਹੀਦ ਮੱਖਣ ਸਿੰਘ ਸਕੂਲ ਵਿਖੇ ਓਲਡ ਸਟੂਡੈਂਟਸ ਐਸੋਸੀਏਸ਼ਨ ਦਾ 28ਵਾਂ ਸਾਲਾਨਾ ਸਮਾਗਮ 30 ਅਪ੍ਰੈਲ 2023 ਨੂੰ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਓਲਡ ਸਟੂਡੈਂਟਸ ਐਸੋਸੀਏਸ਼ਨ ਦੀ ਇਕ ਵਿਸ਼ੇਸ਼ ਮੀਟਿੰਗ ਪ੍ਰਿੰਸੀਪਲ ਕਮਲ ਪੰਤ ਦੀ ਪ੍ਰਧਾਨਗੀ ਹੇਠ ਅਤੇ ਕਨਵੀਨਰ ਬੀ।ਡੀ ਸ਼ਰਮਾ ਦੀ ਸਰਪ੍ਰਸਤੀ ਹੇਠ ਸ਼ਹੀਦ ਮੱਖਣ ਸਿੰਘ ਸਕੂਲ ਵਿਖੇ ਹੋਈ। ਇਸ ਮੌਕੇ ਚੇਅਰਮੈਨ ਸ੍ਰੀ ਪੰਤ ਨੇ ਦੱਸਿਆ ਕਿ ਐਸੋਸੀਏਸ਼ਨ ਦਾ 28ਵਾਂ ਸਾਲਾਨਾ ਸਮਾਗਮ 30 ਅਪ੍ਰੈਲ 2023 ਦਿਨ ਐਤਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਨੀ ਵਿਖੇ ਕਰਵਾਇਆ ਜਾਵੇਗਾ। ਇਸ ਮੌਕੇ ਪ੍ਰੋਜੈਕਟ ਚੇਅਰਮੈਨ ਪ੍ਰੋ: ਚੱਕਰਵਰਤੀ ਅਸ਼ੋਕ ਅਤੇ ਕੰਪਨੀ ਦੇ ਪ੍ਰੋਜੈਕਟ ਚੇਅਰਮੈਨ ਬੀਆਰਗੁਪਤਾ ਨੇ ਦੱਸਿਆ ਕਿ ਇਸ ਸਲਾਨਾ ਸਮਾਗਮ ਵਿੱਚ ਵਿਧਾਇਕ ਅਸ਼ਵਨੀ ਸ਼ਰਮਾ ਮੁੱਖ ਮਹਿਮਾਨ ਅਤੇ ਲਾਇਨ ਸਤੀਸ਼ ਮਹਿੰਦਰੂ ਵਿਸ਼ੇਸ਼ ਮਹਿਮਾਨ ਹੋਣਗੇ। ਮੀਟਿੰਗ ਵਿੱਚ ਹਾਜ਼ਰ ਸਮੂਹ ਮੈਂਬਰਾਂ ਨਾਲ ਪ੍ਰੋਗਰਾਮ ਦੀ ਰੂਪ-ਰੇਖਾ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਾਲਾਨਾ ਸਮਾਗਮ ਨੂੰ ਸਫਲ ਬਣਾਉਣ ਲਈ ਸਾਰਿਆਂ ਨੇ ਆਪਣੀ ਸਰਗਰਮੀ ਦਿਖਾਈ। ਅੰਤ ਵਿੱਚ ਜਨਰਲ ਸਕੱਤਰ ਮ੍ਰਿਦੁਲ ਪੰਕਜ ਨੇ ਸਾਰਿਆਂ ਦਾ ਧੰਨਵਾਦ ਕੀਤਾ।ਖਜ਼ਾਨਚੀ ਰਮਨ ਗੁਪਤਾ, ਅਵਤਾਰ ਅਬਰੋਲ, ਤਿਲਕ ਰਾਜ ਸ਼ਰਮਾ, ਵਿਨੋਦ ਸ਼ਰਮਾ, ਸਤ ਪਾਲ ਗੁਪਤਾ, ਹਰੀਸ਼ ਮਹਾਜਨ, ਡਾ: ਧਰਮਪਾਲ ਸ਼ਰਮਾ, ਰਾਜੀਵ ਮਹਿਤਾ, ਪੀਆਰਓ ਵਰਿੰਦਰ ਸਾਗਰ, ਵਿਜੇ ਗੁਪਤਾ, ਜੀ।ਐਸ।ਪਾਲਾ, ਸੁਰਿੰਦਰ ਮਹਾਜਨ, ਵਿਜੇ ਡੋਗਰਾ, ਸੱਤਿਆ ਬਰਾਤ ਸ਼ਰਮਾ, ਜੁਗਲ ਸ਼ਰਮਾ, ਰਮੇਸ਼ ਚੰਦਰ ਸ਼ਰਮਾ ਆਦਿ ਹਾਜ਼ਰ ਸਨ।








HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫ਼ੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਬੇਗਮਪੁਰਾ ਟਾਇਗਰ ਫੋਰਸ ਨੇ ਡਾਕਟਰ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ

## ਸਾਨੂੰ ਪੜਨ-ਲਿਖਣ, ਘਰ ਬਣਾਉਣ, ਖਰੀਦਣ ਅਤੇ ਵਿਦੇਸ਼ ਜਾਣ ਦਾ ਹੱਕ, ਬਾਬਾ ਸਾਹਿਬ ਜੀ ਨੇ ਲੈ ਕੇ ਦਿੱਤਾ - ਪ੍ਰਧਾਨ ਠਰੋਲੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਬੇਗਮਪੁਰਾ ਟਾਇਗਰ ਫੋਰਸ ਵਲੋ ਭਾਰਤ ਰਤਨ ਸੰਵਿਧਾਨ ਨਿਰਮਾਤਾ ਭਾਰਤ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਾਬਾ ਸਾਹਿਬ ਡਾ ਭੀਮ ਰਾਉ ਅੰਬੇਡਕਰ ਜੀ ਦਾ 132ਵਾਂ ਜਨਮ ਦਿਨ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਯੋਗ ਅਗਵਾਈ ਹੇਠ ਅੰਬੇਦਕਰ ਚੌਕ ਨੇੜੇ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ।

ਆਗੂਆ ਨੇ ਸਭ ਤੋ ਪਹਿਲਾ ਬਾਬਾ ਸਾਹਿਬ ਡਾ ਭੀਮ ਰਾਉ ਅੰਬੇਡਕਰ ਜੀ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਅਤੇ ਪੂਰੇ ਦੇਸ਼ ਅਤੇ ਵਿਦੇਸ਼ਾਂ ਵਿੱਚ ਬੈਠੇ ਹਰ ਇਕ ਨਾਗਰਿਕ ਨੂੰ ਬਾਬਾ ਸਾਹਿਬ ਡਾ।ਭੀਮ ਰਾਉ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਨਾਲ ਉਹਨਾ ਬਾਬਾ ਸਾਹਿਬ ਜੀ ਦੇ ਜੀਵਨ ਬਾਰੇ ਦੱਸਿਆ ਕਿ ਬਾਬਾ ਸਾਹਿਬ ਜੀ ਦਾ ਜੀਵਨ ਬਚਪਨ ਤੋਂ ਹੀ ਬੜੀਆਂ ਮੁਸ਼ਕਿਲਾਂ ਭਰਿਆ ਸੀ।

ਉਹਨਾ ਕਿਹਾ ਕਿ ਉਸ ਵੇਲੇ ਜਾਤ-ਪਾਤ ਦਾ ਬਹੁਤ ਜ਼ਿਆਦਾ ਰੌਲਾ ਸੀ ਅਤੇ ਹਰ ਇਕ ਨੂੰ ਬੜੀ ਹੀ ਭੇਦ-ਭਾਵ, ਛੂਆ-ਛਾਤ ਦੀਆ ਨਜ਼ਰਾਂ ਨਾਲ ਦੇਖਿਆ ਜਾਂਦਾ ਸੀ। ਉਹਨਾ ਕਿਹਾ ਕਿ ਉਸ ਸਮੇਂ ਜਿਹੜੇ ਆਪਣੇ ਆਪ ਨੂੰ ਉਚੀਆਂ ਜਾਤਾਂ ਵਾਲੇ ਸਮਝਦੇ ਸਨ ਉਹ ਛੋਟੀ ਜਾਤੀ ਵਾਲਿਆਂ ਵੱਲ ਦੇਖਣਾ ਤਾਂ ਕੀ ਜੇਕਰ ਛੋਟੀ ਜਾਤੀ ਵਾਲਿਆਂ ਦਾ ਪਰਛਾਵਾਂ ਵੀ ਪੈ ਜਾਂਦਾ ਸੀ ਤਾਂ ਉਹ ਆਪਣੇ ਆਪ ਨੂੰ ਭ੍ਰਿਸ਼ਟ ਹੋਇਆ ਸਮਝਦੇ ਸਨ।



ਉਹਨਾ ਕਿਹਾ ਕਿ ਪਹਿਲਾਂ ਦਿਹਾੜੀ ਹੁੰਦੀ ਸੀ ਕਿ ਉਹ 16 ਘੰਟੇ ਕੰਮ ਕਰਵਾਉਂਦੇ ਸਨ। ਅੱਜ ਗਰੀਬ ਵਰਗ ਲਈ ਦਿਹਾੜੀ 8 ਘੰਟੇ ਦੀ ਕੀਤੀ, ਹਫਤੇ ਵਿੱਚ ਇਕ ਛੁੱਟੀ ਕੀਤੀ, ਹਰ ਇਕ ਨੂੰ ਪੜਨ ਲਿਖਣ ਦਾ ਹੱਕ, ਹਰ ਇਕ ਨੂੰ ਆਪਣਾ ਘਰ ਬਣਾਉਣ, ਖਰੀਦਣ ਦਾ ਹੱਕ, ਹਰ ਇਕ ਨੂੰ ਦੇਸ਼ ਵਿਦੇਸ਼ ਜਾਣ ਦਾ ਹੱਕ, ਇਥੋਂ ਤਕ ਕਿ ਔਰਤ ਜਾਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਉਸ ਨੂੰ ਸਿਰ ਦਾ ਤਾਜ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਆਈਪੀਐਸ, ਆਈਏਐਸ ਹਰ ਇਕ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਲੈਣ, ਰੁਜ਼ਗਾਰ ਕਰਨ ਕਰਨ ਦਾ ਹੱਕ ਬਾਬਾ ਸਾਹਿਬ ਡਾ।ਭੀਮ ਰਾਓ ਅੰਬੇਡਕਰ ਜੀ ਨੇ ਲੈ ਕੇ ਦਿੱਤਾ। ਉਹਨਾ ਕਿਹਾ ਕਿ ਇਸ ਲਈ ਸਾਨੂੰ ਹਰ ਇਕ ਮਾਤਾ, ਧੀ, ਭੈਣ ਨੂੰ ਬਾਬਾ ਸਾਹਿਬ ਦੀ ਇਸ ਦੇਣ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ।

ਸਾਨੂੰ ਹਰ ਇਕ ਨੂੰ ਉਹਨਾਂ ਦੇ ਦੱਸੇ ਰਸਤੇ ਤੇ ਚਲਣਾ ਚਾਹੀਦਾ ਹੈ। ਹਰ ਇਕ ਔਰਤ ਨੂੰ ਬਾਬਾ ਸਾਹਿਬ ਜੀ ਦਾ ਜਨਮ ਦਿਨ ਮਨਾਉਣਾ ਚਾਹੀਦਾ ਹੈ ਬਾਬਾ ਸਾਹਿਬ ਵਾਰੇ ਆਪਣੇ ਬੱਚਿਆਂ ਨੂੰ ਦੱਸਣਾ ਚਾਹੀਦਾ ਹੈ। ਇਸ ਮੌਕੇ ਹੋਰਨਾ ਤੋ ਇਲਾਵਾ ਨਰੇਸ਼ ਕੁਮਾਰ ਬੱਧਣ ਸੀਨੀਅਰ ਮੀਤ ਪ੍ਰਧਾਨ ਪੰਜਾਬ, ਅਮਨਦੀਪ ਸਿੰਘ, ਬਿਸ਼ਨ ਪਾਲ ਠਰੋਲੀ,ਹਰੀ ਰਾਮ ਆਦੀਆ, ਡਾ ਨਿਤਿਨ ਸੈਣੀ, ਮੁਨੀਸ਼ ਕੁਮਾਰ, ਸ਼ਰਮਾ ਦੁਕਾਨਦਾਰ, ਹਨੀ ਸਿੰਘ, ਡੋਗਰ, ਰਣਜੀਤ, ਸੋਨੂੰ, ਹੰਸਰਾਜ ਸਿੰਘ ਬਹਾਦਰ ਆਦਿ ਹਾਜ਼ਰ ਸਨ ।

# ਦੇਸ਼ ਭਗਤ ਯਾਦਗਾਰ ਹਾਲ 'ਚ ਹੋਏ ਸਮਾਗਮ ਨੇ ਕੀਤੀ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਨ ਦੀ ਮੰਗ






**ਜਲੰਧਰ-** ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਆਯੋਜਿਤ ਕੀਤੇ ਸਮਾਗਮ 'ਚ ਜੁੜੇ ਲੋਕਾਂ ਨੇ ਜ਼ੋਰਦਾਰ ਮੰਗ ਕੀਤੀ ਕਿ ਨਵੀਨੀਕਰਨ ਅਤੇ ਸੁੰਦਰੀਕਰਨ ਦੇ ਨਾਂਅ ਹੇਠ ਇਤਿਹਾਸਕ ਵਿਰਾਸਤ ਅਤੇ ਇਬਾਦਤਗਾਹ ਦਾ ਮੂਲ ਸਰੂਪ ਬਦਲਕੇ ਇਸਨੂੰ ਸੈਰਗਾਹ ਅਤੇ ਸੌੜੇ ਰਾਜਨੀਤਕ ਹਿੱਤਾਂ ਦੀ ਪੂਰਤੀ ਕਰਨ ਵਾਲੇ ਸਥਾਨ ਵਿੱਚ ਬਦਲਣਾ ਬੰਦ ਕੀਤਾ ਜਾਵੇ।

ਸਮਾਗਮ ਨੇ ਜ਼ੋਰ ਦੇ ਕੇ ਕਿਹਾ ਕਿ ਸਾਮਰਾਜਵਾਦ ਅਤੇ ਉਸਦੀਆਂ ਹਿੱਤ-ਪਾਲਕ ਤਾਕਤਾਂ ਦਾ ਅੱਡੀ ਚੋਟੀ ਦਾ ਜ਼ੋਰ ਲੱਗਾ ਹੈ ਕਿ ਉਹ ਸਮੂਹ ਇਤਿਹਾਸਕ ਯਾਦਗਾਰਾਂ, ਵਿਦਿਅਕ ਸਿਲੇਬਸਾਂ, ਇਤਿਹਾਸਕ, ਸਾਹਿਤਕ, ਸਭਿਆਚਾਰਕ ਅਤੇ ਕਲਾਤਮਕ ਰੂਪਾਂ ਦਾ ਹੁਲੀਆ ਵਿਗਾੜਕੇ ਪੇਸ਼ ਕੀਤਾ ਜਾਏ ਤਾਂ ਜੋ ਸਾਮਰਾਜੀ ਬਹੁ ਕੌਮੀ ਕੰਪਨੀਆਂ ਦੀ ਝੋਲੀ 'ਚ ਧੜਾ-ਧੜ ਪਾਏ ਜਾ ਰਹੇ ਕੁਦਰਤੀ ਮਾਲ ਖਜ਼ਾਨਿਆਂ, ਨਿੱਜੀਕਰਣ ਖਿਲਾਫ਼ ਉੱਠਣ ਵਾਲੇ ਜਨਤਕ ਪ੍ਰਤੀਰੋਧ ਨੂੰ ਥਾਏਂ ਨੱਪਿਆ ਜਾ ਸਕੇ।

ਸਮਾਗਮ ਦਾ ਆਗਾਜ਼ ਬਾਬਾ ਸੋਹਣ ਸਿੰਘ ਭਕਨਾ ਗ਼ਦਰੀ ਮਿਊਜ਼ੀਅਮ ਵਿੱਚ ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਸਿਜਦਾ ਕਰਕੇ ਮਨਪ੍ਰੀਤ ਕੌਰ, ਸਰਵਜੀਤ ਕੌਰ ਅਤੇ ਧਰਮਿੰਦਰ ਮਸਾਣੀ ਦੇ ਗੀਤਾਂ ਨਾਲ ਹੋਇਆ। ਸਮਾਗਮ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਵਿਜੈ ਬੰਬੇਲੀ, ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਪ੍ਰੋ. ਗੋਪਾਲ ਬੁੱਟਰ, ਜਾਣੇ ਪਹਿਚਾਣੇ ਵਿਦਵਾਨ ਡਾ. ਹਰਜਿੰਦਰ ਸਿੰਘ ਅਟਵਾਲ, ਸੀਨੀਅਰ ਪੱਤਰਕਾਰ ਮਹਿੰਦਰ ਸਿੰਘ ਫੁੱਗਲਾਣਾ ਨੇ ਸੰਬੋਧਨ ਕੀਤਾ। ਸਮੂਹ ਬੁਲਾਰਿਆਂ ਨੇ ਆਪੋ ਆਪਣੇ ਵਿਸ਼ੇ 'ਤੇ ਕੇਂਦਰਤ ਰਹਿੰਦਿਆਂ ਜਿੱਥੇ 1919 ਦੇ ਪੰਜਾਬ ਦੇ ਰਾਜਨੀਤਕ, ਆਰਥਕ, ਸਮਾਜਕ ਹਾਲਾਤ, ਗ਼ੁਲਾਮੀ ਅਤੇ ਦਾਬੇ ਖਿਲਾਫ਼ ਪਨਪਦੇ ਲਾਵੇ ਦਾ ਜ਼ਿਕਰ ਕੀਤਾ, ਉਥੇ ਸਾਮਰਾਜ ਅਤੇ ਫ਼ਿਰਕਾਪ੍ਰਸਤੀ ਖਿਲਾਫ਼ ਜਿਉਂਦੇ, ਜਾਗਦੇ ਅਤੇ ਜੂਝਦੇ ਰਹੇ ਪੰਜਾਬ ਦੀ ਮਾਣ-ਮੱਤੀ ਤਸਵੀਰ ਪੇਸ਼ ਕੀਤੀ। ਬੁਲਾਰਿਆਂ ਨੇ ਇਤਿਹਾਸਕ ਤੱਥਾਂ ਨਾਲ ਦਰਸਾਇਆ ਕਿ ਆਜ਼ਾਦੀ ਦੀ ਤਵਾਰੀਖ਼ ਦਾ ਨਵਾਂ ਇਤਿਹਾਸਕ ਮੀਲ ਪੱਥਰ ਬਣਕੇ ਉਭਰਿਆ ਜਲ੍ਹਿਆਂਵਾਲਾ ਬਾਗ਼ ਦਾ ਖ਼ੂਨੀ ਸਾਕਾ ਜਿਸਨੇ ਅੰਗਰੇਜ਼-ਭਗਤੀ ਅਤੇ ਲੋਕ-ਭਗਤੀ ਦੀਆਂ ਧਿਰਾਂ ਪੰਜਾਬ ਦੇ ਸਿਆਸੀ ਮੰਚ 'ਤੇ ਨਿਖ਼ਾਰ ਕੇ ਸਾਹਮਣੇ ਲਿਆਂਦੀਆਂ। ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਅਜੋਕੇ ਹਾਲਾਤ 1919 ਨਾਲੋਂ ਵੀ ਬਦਤਰ ਹਨ। ਲੋਕਾਂ ਉਪਰ ਚੌਤਰਫ਼ੇ ਬੋਝ ਲੱਦਣ, ਫ਼ਿਰਕੂ ਵੰਡੀਆਂ ਪਾਉਣ, ਜ਼ੁਬਾਨਬੰਦੀ ਕਰਨ ਵਿਸ਼ੇਸ਼ ਕਰਕੇ ਪ੍ਰੈਸ ਦੀ ਆਜ਼ਾਦੀ ਉਪਰ ਹੱਲੇ ਬੋਲਣ ਅਤੇ ਵਿਉਂਤਬੱਧ ਢੰਗ ਨਾਲ ਤਿਆਰ ਕੀਤੀ ਸਕਰਿਪਟ ਮੁਤਾਬਕ ਪਹਿਲਾ ਫ਼ਿਰਕੂ ਮਾਹੌਲ ਸਿਰਜਣ, ਫਿਰ ਅਮਨ ਕਾਨੂੰਨ ਦੀ ਆੜ ਹੇਠ ਕਾਲ਼ੇ ਕਾਨੂੰਨ ਮੜਨ ਦੇ ਹੱਥ-ਕੰਡੇ ਅਪਣਾਏ ਜਾ ਰਹੇ ਹਨ। ਸਮਾਗਮ 'ਚ ਹਾਜ਼ਰ ਲੋਕਾਂ ਨੇ ਹੱਥ ਖੜ੍ਹੇ ਕਰਕੇ ਮਤੇ ਪਾਸ ਕਰਦਿਆਂ ਮੰਗ ਕੀਤੀ ਕਿ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਵਿਰਾਸਤ ਦੇ ਮੂਲ ਸਰੂਪ ਨੂੰ ਬਹਾਲ ਕਰਨ ਲਈ ਚਿਰਾਂ ਤੋਂ ਉੱਠ ਰਹੀ ਲੋਕ ਆਵਾਜ਼ ਵੱਲ ਕੰਨ ਕੀਤਾ ਜਾਏ। ਬਾਕੀ ਰਹਿੰਦੀਆਂ ਟਿਕਟ ਮਸ਼ੀਨਾਂ ਅਤੇ ਖਿੜਕੀਆਂ ਫੌਰੀ ਹਟਾਈਆਂ ਜਾਣ। ਗੋਲੀਆਂ ਦੇ ਨਿਸ਼ਾਨ, ਸ਼ਹੀਦੀ ਖੂਹ, ਮਸ਼ੀਨਗੰਨ ਦੇ ਫਾਇਰ-ਸਥਾਨ ਨੂੰ ਉਭਰਵੇਂ ਰੂਪ ਵਿੱਚ ਸੰਭਾਲਿਆ ਜਾਏ। ਸ਼ਹੀਦਾਂ ਦੀ ਲਿਸਟ ਅਤੇ ਇਤਿਹਾਸਕ ਪ੍ਰਮਾਣ ਮਿਊਜ਼ੀਅਮ ਵਿੱਚ ਲਗਾਏ ਜਾਣ। ਲਾਈਟ ਐਂਡ ਸਾਊਂਡ ਸਮੇਤ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਪ੍ਰਮਾਣਕਿਤਾ ਦੀ ਜਾਮਨੀ ਕਰਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਸਮੇਤ ਪ੍ਰਤੀਬੱਧਤ ਇਤਿਹਾਸਕਾਰਾਂ ਦੀ ਕਮੇਟੀ ਨੂੰ ਢੁਕਵਾਂ ਸਥਾਨ ਦਿੱਤਾ ਜਾਏ। ਪੰਜਾਬ ਵਿੱਚ ਫਸਲਾਂ ਦੇ ਹੋਏ ਖ਼ਰਾਬੇ ਦਾ ਮੁਆਵਜ਼ਾ ਦੇਣ ਅਤੇ ਕਣਕ ਦੇ ਭਾਅ 'ਚ ਕੀਤੀ ਕਟੌਤੀ ਬੰਦ ਕਰਨ ਦੀ ਮੰਗ ਦੀ ਵੀ ਹਮਾਇਤ ਕੀਤੀ ਗਈ। ਸਮਾਗਮ ਦਾ ਮੰਚ-ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਕੌਮਾਂਤਰੀ ਸਿਹਤ ਦਿਵਸ ਮਨਾਇਆ ਗਿਆ





**ਬੰਗਾ, 13 ਅਪ੍ਰੈਲ-** ਇਲਾਕੇ ਦੇ ਪ੍ਰਸਿੱਧ ਨਰਸਿੰਗ ਵਿਦਿਆ ਅਦਾਰੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਕਮਿਊਨਿਟੀ ਹੈਲਥ ਨਰਸਿੰਗ ਵਿਭਾਗ ਵੱਲੋਂ ਅੱਜ ਕੌਮਾਂਤਰੀ ਸਿਹਤ ਦਿਵਸ (ਵਰਲਡ ਹੈਲਥ ਡੇਅ) ਮਨਾਇਆ ਗਿਆ। ਇਸ ਮੌਕੇ ਹੋਏ ਸਮਾਗਮ ਵਿਚ ਸ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਾਲ 2023 ਦੇ ਥੀਮ "ਹੈਲਥ ਫਾਰ ਆਲ "ਤਹਿਤ ਆਮ ਲੋਕਾਂ ਅਤੇ ਨਰਸਿੰਗ ਵਿਦਿਆਰਥੀਆਂ ਨੂੰ ਚੰਗੀ ਸਰੀਰਿਕ ਸਿਹਤ, ਮਾਨਸਿਕ ਸਿਹਤ ਅਤੇ ਵਾਤਾਵਰਣ ਨੂੰ ਸਾਫ-ਸੁਥਰਾ ਰੱਖਣਾ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਸਿਹਤਮੰਦ ਹੋਣ ਦਾ ਮਤਲਬ ਕੇਵਲ ਬਿਮਾਰੀਆਂ ਤੋਂ ਰਹਿਤ ਹੋਣਾ ਹੀ ਨਹੀ ਬਲਕਿ ਮਨੁੱਖ ਦਾ ਸ਼ਰੀਰਿਕ, ਮਾਨਸਿਕ ਅਤੇ ਸਮਾਜਿਕ ਤੌਰ ਤੇ ਵੀ ਸਿਹਤਮੰਦ ਹੋਣਾ ਹੈ। ਉਹਨਾਂ ਦੱਸਿਆ ਕਿ ਪੂਰੇ ਸੰਸਾਰ ਭਰ ਵਿਚ ਕੌਮਾਂਤਰੀ ਸਿਹਤ ਦਿਵਸ ਹਰ ਸਾਲ 7 ਅਪਰੈਲ ਨੂੰ ਮਨਾਇਆ ਜਾਂਦਾ ਹੈ ਤਾਂ ਦੁਨੀਆਂ ਭਰ ਦੇ ਲੋਕਾਂ ਸਿਹਤ ਪ੍ਰਤੀ ਜਾਗਰੁਕ ਕੀਤਾ ਜਾ ਸਕੇ।

ਕੌਮਾਂਤਰੀ ਸਿਹਤ ਦਿਵਸ ਨੂੰ ਸਮਰਪਿਤ ਇਸ ਸਮਾਗਮ ਵਿਚ ਬੀ ਐਸ ਸੀ ਨਰਸਿੰਗ ਦੇ ਵਿਦਿਆਰਥੀਆਂ ਵੱਲੋਂ ਪੇਸ਼ ਨਾਟਕ ਨੇ ਸਮੂਹ ਸਰੋਤਿਆ ਦਾ ਮਨ ਮੋਹ ਲਿਆ। ਨਰਸਿੰਗ ਵਿਦਿਆਰਥੀਆਂ ਵੱਲੋਂ ਪੋਸਟਰ ਪ੍ਰਦਰਸ਼ਨੀ ਲਗਾਈ ਗਈ। ਡਾ ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਧੰਨਵਾਦ ਕੀਤਾ ਅਤੇ ਕੌਮਾਂਤਰੀ ਸਿਹਤ ਵਿਦਸ ਬਾਰੇ ਚਾਨਣਾ ਪਾਇਆ। ਕੌਮਾਂਤਰੀ ਸਿਹਤ ਦਿਵਸ (ਵਰਲਡ ਹੈਲਥ ਡੇਅ) ਨੂੰ ਸਮਰਪਿਤ ਸਮਾਗਮ ਵਿਚ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਡਾ ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ, ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ, ਮੈਡਮ ਸੁਖਮਿੰਦਰ ਕੌਰ, ਮੈਡਮ ਸਰੋਜ ਬਾਲਾ, ਮੈਡਮ ਨਵਜੋਤ ਕੌਰ ਸਹੋਤਾ ਤੋਂ ਇਲਾਵਾ ਟਰੱਸਟ ਅਧੀਨ ਚੱਲਦੇ ਅਦਾਰਿਆਂ ਦੇ ਮੁੱਖੀ, ਸਮੂਹ ਨਰਸਿੰਗ ਅਧਿਆਪਕ ਅਤੇ ਨਰਸਿੰਗ ਵਿਦਿਆਰਥੀ ਵੀ ਹਾਜ਼ਰ ਸਨ।

# ਗ਼ਦਰ ਪਾਰਟੀ ਦਾ ਸਥਾਪਨਾ ਦਿਵਸ 21 ਅਪ੍ਰੈਲ ਨੂੰ ਮਨਾਇਆ ਜਾਵੇਗਾ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ ਸਮਰਾ ਤੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ 21 ਅਪ੍ਰੈਲ ਨੂੰ ਗ਼ਦਰ ਪਾਰਟੀ ਦਾ ਸਥਾਪਨਾ ਦਿਵਸ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿੱਚ ਉਸਰੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਦੇ ਮੁੱਖ ਬੁਲ-ਾਰੇ ਡਾਕਟਰ ਪਰਮਿੰਦਰ ਸਿੰਘ ਤੇ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ ਹੋਣਗੇ। ਆਗੂਆਂ ਨੇ ਕਿਹਾ ਗ਼ਦਰ ਪਾਰਟੀ ਦੀ ਬਦੌਲਤ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਪਰ ਅੱਜ ਮੋਦੀ ਦੀ ਫਾਸ਼ੀਵਾਦੀ ਹਕੂਮਤ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੀ ਗੁਲਾਮ ਬਣਾਉਣ ਦੇ ਰਾਹ ਤੁਰੀ ਹੈ। ਧੜਾ ਧੜ ਦੇਸ਼ ਦੀ ਯਾਇਦਾਦ ਵੇਚੀ ਜਾ ਰਹੀ ਹੈ। ਸਰਕਾਰੀ ਅਦਾਰੇ ਤਬਾਹ ਕਰ ਦਿੱਤੇ ਹਨ। ਬੇਰੁਜ਼ਗਾਰੀ ਦਾ ਦੈਂਤ ਦਨਦਨਾਉਂਦਾ ਫਿਰ ਰਿਹਾ। ਇਸ ਦੈਂਤ ਤੋਂ ਡਰਦੀ ਜਵਾਨੀ ਵਿਦੇਸ਼ਾਂ ਨੂੰ ਕੂਚ ਕਰੀ ਜਾ ਰਹੀ ਹੈ। ਗਦਰੀ ਬਾਬਿਆਂ ਦੀ ਸੋਚ ਤਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਬਰਾਬਰੀ ਤੇ ਭਾਈਚਾਰੇ ਦੀ ਏਕਤਾ ਵਾਲਾ ਰਾਜ ਪ੍ਰਬੰਧ ਕਰਨਾ ਸੀ। ਪਰ ਹੋ ਗਿਆ ਗ਼ਦਰੀਆਂ ਦੀ ਸੋਚ ਉਲਟ । ਲੋਕ ਗਰੀਬੀ ਦਾ ਸੰਤਾਪ ਭੋਗ ਰਹੇ ਹਨ। ਉਕਤ ਅਲਾਮਤਾਂ ਤੋਂ ਛੁਟਕਾਰਾ ਪਾ ਕੇ ਖੁਸ਼ਹਾਲ ਸਮਾਜ ਕਿਸ ਤਰ੍ਹਾਂ ਉਸਾਰਿਆ ਜਾ ਸਕਦਾ। ਅਜਿਹੇ ਪ੍ਰੋਗਰਾਮ ਵਿੱਚ ਅਜਿਹੀ ਵਿਚਾਰਚਰਚਾ ਹੋਵੇਗੀ। ਕਮੇਟੀ ਵੱਲੋਂ ਸੁਹਿਰਦ ਲੋਕਾਂ ਨੂੰ ਸੱਦਾ ਹੈ ਕਿ ਪ੍ਰੋਗਰਾਮ ਵਿੱਚ ਹੁੰਮਹੁਮਾ ਕੇ ਸ਼ਮੂਲੀਅਤ ਕਰਨ।

# ਪੁਲਿਸ ਹਿਰਾਸਤ ’ਚ ਅਤੀਕ ਤੇ ਅਸ਼ਰਫ਼ ਦੇ ਕਤਲ ਨੇ ਖੜੇ ਕੀਤੇ ਸੁਆਲ

**ਵਿਸ਼ੇਸ਼ ਰਿਪੋਰਟ ਜੇ ਸਿੰਘ ‘ਭੜਿਆਰ’**

ਮਾਫ਼ੀਆ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਅਹਿਮਦ ਦਾ ਬੀਤੀ ਰਾਤ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹ ਦੋਵੇਂ ਉਮੇਸ਼ ਕਤਲਕਾਂਡ ਦੇ ਦੋਸ਼ ਹੇਠ ਪੁਲਸ ਹਿਰਾਸਤ ਵਿਚ ਸਨ। ਦੋਵਾਂ ਨੂੰ ਕਾੱਲਵਿਨ ਹਸਪਤਾਲ ਵਿਚ ਮੈਡੀਕਲ ਟੈਸਟ ਲਈ ਲਿਜਾਂਦੇ ਸਮੇਂ ਤਿੰਨ ਹਮਲਾਵਰਾਂ ਨੇ ਗੋਲੀਆਂ ਮਾਰ ਦਿੱਤੀਆਂ। ਜਿਸ ਵਿਚ ਦੋਵਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਅਤੀਕ ਤੇ ਅਸ਼ਰਫ਼ ਦਾ ਕਤਲ ਕਰਨ ਵਾਲੇ ਹਮਲਾਵਰਾਂ ਨੇ ਪੁਲਸ ਮੂਹਰੇ ਸਰੰਡਰ ਕਰ ਦਿੱਤਾ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੰਨੀ, ਲਵਲੇਸ਼ ਤੇ ਅਰੁਣ ਵਜੋਂ ਦੱਸੀ ਜਾ ਰਹੀ ਹੈ।

### ਕਿੰਝ ਵਾਪਰੀ ਘਟਨਾ

ਅਤੀਕ ਅਤੇ ਅਸ਼ਰਫ ਨੂੰ ਜਦੋਂ ਗੋਲੀਆਂ ਮਾਰੀਆਂ ਗਈਆਂ, ਉਸ ਵੇਲੇ ਉਹ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਪੱਤਰਕਾਰਾਂ ਵੱਲੋਂ ਪੁੱਛੇ ਜਾ ਰਹੇ ਸਵਾਲਾਂ ਵਿਚਾਲੇ ਹਮਲਾਵਰਾਂ ਨੇ ਅਚਾਨਕ ਆ ਕੇ ਅਤੀਕ ਦੇ ਮੱਥੇ ’ਤੇ ਪਿਸਤੌਲ ਰੱਖ ਕੇ ਬਿਲਕੁੱਲ ਨੇੜਿਓਂ ਗੋਲੀ ਮਾਰ ਦਿੱਤੀ। ਫਿਰ ਦੋਵਾਂ ਭਰਾਵਾਂ ’ਤੇ ਇਕ ਤੋਂ ਬਾਅਦ ਇਕ ਕਈ ਰਾਊਂਡ ਫ਼ਾਇਰ ਕੀਤੇ ਗਏ। ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਲਗਾਤਾਰ ਵਾਇਰਲ ਹੋ ਰਹੀ ਹੈ। ਪੁਲਸ ਮੁਤਾਬਕ ਹਮਲਾਵਰ ਵੀ ਮੀਡੀਆ ਕਰਮੀਆਂ ਦੇ ਰੂਪ ਵਿਚ ਹੀ ਉੱਥੇ ਆਏ ਸਨ। ਇਸ ਕਤਲਕਾਂਡ ਦੌਰਾਨ ਇਕ ਕਾਂਸਟੇਬਲ ਨੂੰ ਵੀ ਗੋਲੀ ਲੱਗੀ ਹੈ। ਜ਼ਖ਼ਮੀ ਕਾਂਸਟੇਬਲ ਦੀ ਪਛਾਣ ਮਾਨ ਸਿੰਘ ਵਜੋਂ ਦੱਸੀ ਜਾ ਰਹੀ ਹੈ। ਉਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ।

### ਕੌਣ ਹੈ ਅਤੀਕ ਅਹਿਮਦ

ਅਤੀਕ ਦੇ ਸਿਆਸੀ ਸਬੰਧਾਂ ਤੋਂ ਹਰ ਕੋਈ ਜਾਣੂ ਸੀ। ਸਮਾਜਵਾਦੀ ਪਾਰਟੀ ਹੋਵੇ ਜਾਂ ਬਹੁਜਨ ਸਮਾਜ ਪਾਰਟੀ, ਹਰ ਸਿਆਸੀ ਪਾਰਟੀ ਨੇ ਯੂਪੀ ਦੇ ਇਸ ਬਾਹੂਬਲੀ ਦਾ ਪੂਰਾ ਫਾਇਦਾ ਚੁੱਕਿਆ। ਸਮਾਜਵਾਦੀ ਪਾਰਟੀ ਨੇ ਵੀ ਮੁਸਲਿਮ ਵੋਟ ਬੈਂਕ ਦੀ ਮਦਦ ਲਈ ਅਤੀਕ ਅਹਿਮਦ ਦਾ ਜ਼ਬਰਦਸਤ ਢੰਗ ਨਾਲ ਇਸਤੇਮਾਲ ਕੀਤਾ ਸੀ। ਅਤੀਕ ਅਤੇ ਮੁਲਾਇਮ ਦਾ ਰਿਸ਼ਤਾ ਵੀ ਕਿਸੇ ਤੋਂ ਲੁਕਿਆ ਨਹੀਂ ਸੀ। ਅਤੀਕ ਨੇ ਪ੍ਰਯਾਗਰਾਜ ’ਚ ਕਈ ਕਤਲਾਂ ਸਮੇਤ ਕਈ ਵੱਡੇ ਲੋਕਾਂ ’ਤੇ ਸਿੱਧੇ ਹਮਲੇ ਵੀ ਕੀਤੇ ਸਨ। ਇਸ ਸਭ ਦੇ ਵਿਚਕਾਰ ਅਤੀਕ ਦੇ ਸਿਆਸੀ ਸਬੰਧਾਂ ਦਾ ਉਸ ਨੂੰ ਫਾਇਦਾ ਹੁੰਦਾ ਰਿਹਾ। ਇਹੀ ਕਾਰਨ ਸੀ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2019 ਦੀਆਂ ਲੋਕ ਸਭਾ ਚੋਣਾਂ ਵਿਚ ਵਾਰਾਣਸੀ ਤੋਂ ਦੂਜੀ ਵਾਰ ਚੋਣ ਲੜ ਰਹੇ ਸਨ, ਤਾਂ ਅਤੀਕ ਅਹਿਮਦ ਨੇ ਬਨਾਰਸ ਤੋਂ ਚੋਣ ਲੜਨ ਦਾ ਐਲਾਨ ਕੀਤਾ ਸੀ।

ਵਾਰਾਣਸੀ ਲੋਕ ਸਭਾ ਚੋਣਾਂ 2019 ਦੌਰਾਨ, ਜਦੋਂ ਅਤੀਕ ਅਹਿਮਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਚੋਣ ਲੜਨ ਦਾ ਐਲਾਨ ਕੀਤਾ ਸੀ, ਤਾਂ ਅਤੀਕ ਨੂੰ ਯਕੀਨ ਸੀ ਕਿ ਉਸ ਨੂੰ ਕਿਸੇ ਵੱਡੀ ਸਿਆਸੀ ਪਾਰਟੀ ਵੱਲੋਂ ਸਮਰਥਨ ਦਿੱਤਾ ਜਾਵੇਗਾ, ਪਰ ਕਿਸੇ ਵੀ ਵੱਡੀ ਸਿਆਸੀ ਪਾਰਟੀ ਨੇ ਉਸ ਦਾ ਸਮਰਥਨ ਨਹੀਂ ਕੀਤਾ, ਨਾ ਹੀ ਉਸ ’ਤੇ ਅਪਣਾ ਹੱਥ ਰੱਖਿਆ। ਇਸ ਦੇ ਬਾਵਜੂਦ ਅਤੀਕ ਨੇ ਜੇਲ੍ਹ ਵਿੱਚ ਰਹਿੰਦਿਆਂ ਬਨਾਰਸ ਵਿੱਚ ਆਪਣੇ ਨੁਮਾਇੰਦੇ ਰਾਹੀਂ ਨਾਮਜ਼ਦਗੀ ਪੱਤਰ ਦਾਖਲ ਕਰਵਾਇਆ। ਇਸ ਨੂੰ ਸਵੀਕਾਰ ਕਰਨ ਤੋਂ ਬਾਅਦ ਉਸ ਨੂੰ ਟਰੱਕ ਦਾ ਨਿਸ਼ਾਨ ਵੀ ਅਲਾਟ ਕਰ ਦਿੱਤਾ ਗਿਆ।

ਚੋਣ ਨਿਸ਼ਾਨ ਈਵੀਐਮ ਵਿੱਚ ਫੀਡ ਵੀ ਦਿੱਤਾ ਗਿਆ। ਇਸ ਤੋਂ ਬਾਅਦ ਅਤੀਕ ਅਹਿਮਦ ਨੇ ਚੋਣ ਨਾ ਲੜਨ ਦਾ ਐਲਾਨ ਕਰਕੇ ਆਪਣਾ ਹੱਥ ਪਿੱਛੇ ਖਿੱਚ ਲਿਆ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਚੋਣਾਂ ਦੀ ਤਰੀਕ ਵੀ ਨੇੜੇ ਸੀ। ਅਤੀਕ ਵੱਲੋਂ ਚੋਣ ਨਾ ਲੜਨ ਦੇ ਐਲਾਨ ਤੋਂ ਬਾਅਦ ਵੀ ਵਾਰਾਣਸੀ ਵਿੱਚ ਪ੍ਰਧਾਨ ਮੰਤਰੀ ਮੋਦੀ ਖਿਲਾਫ਼ ਉਸ ਨੂੰ 855 ਵੋਟਾਂ ਮਿਲੀਆਂ, ਜੋ ਆਪਣੇ ਆਪ ਵਿੱਚ ਉਸ ਦੀ ਸਰਬਉੱਚਤਾ ਅਤੇ ਉਸ ਦੇ ਵੱਡੇ ਨਾਂ ਦੀ ਕਹਾਣੀ ਬਿਆਂ ਕਰਨ ਲਈ ਕਾਫੀ ਸੀ।

### 2 ਦਿਨ ਪਹਿਲਾਂ ਹੋਇਆ ਸੀ ਪੁੱਤ ਦਾ ਐਨਕਾਊਂਟਰ

13 ਅਪ੍ਰੈਲ ਨੂੰ ਉੱਤਰ ਪ੍ਰਦੇਸ਼ ਸਿਟ ਦੀ ਟੀਮ ਨੇ ਅਤੀਕ ਅਹਿਮਦ ਦੇ ਪੁੱਤਰ ਅਸਦ ਨੂੰ ਪੁਲਸ ਮੁਕਾਬਲੇ ਦੌਰਾਨ ਝਾਂਸੀ ’ਚ ਮਾਰ ਮੁਕਾਇਆ। ਉਸ ਤੋਂ ਇਲਾਵਾ ਇਕ ਹੋਰ ਬਦਮਾਸ਼ ਗੁਲਾਮ ਨੂੰ ਵੀ ਪੁਲਸ ਨੇ ਢੇਰ ਕਰ ਦਿੱਤਾ ਗਿਆ। ਦੋਵੇਂ ਪ੍ਰਯਾਗਰਾਜ ਦੇ ਉਮੇਸ਼ ਪਾਲ ਕਤਲਕਾਂਡ ਵਿਚ ਲੋੜੀਂਦੇ ਸਨ ਅਤੇ ਹਰੇਕ ’ਤੇ 5-5 ਲੱਖ ਰੁਪਏ ਦਾ ਇਨਾਮ ਸੀ। ਝਾਂਸੀ ਵਿਚ ਡੀ. ਐੱਸ. ਪੀ ਨਵੇਂਦੂ ਅਤੇ ਡੀ. ਐੱਸ. ਪੀ ਵਿਮਲ ਦੀ ਅਗਵਾਈ ’ਚ ਉੱਤਰ ਪ੍ਰਦੇਸ਼ ਸਿਟ ਟੀਮ ਨਾਲ ਮੁਕਾਬਲੇ ਦੌਰਾਨ ਦੋਵੇਂ ਮਾਰੇ ਗਏ ਸਨ ਤੇ ਉਨ੍ਹਾਂ ਤੋਂ ਵਿਦੇਸ਼ ’ਚ ਬਣੇ ਅਤਿ-ਆਧੁਨਿਕ ਹਥਿਆਰ ਵੀ ਬਰਾਮਦ ਕੀਤੇ ਗਏ ਸਨ।

### 2005 ’ਚ ਬਸਪਾ ਵਿਧਾਇਕ ਸਣੇ 4 ਵਿਅਕਤੀਆਂ ਦਾ ਕੀਤਾ ਸੀ ਕਤਲ

ਸਾਲ 2005 ’ਚ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਰਾਜੂ ਪਾਲ ਦੇ ਕਤਲ ਮਾਮਲੇ ਦੇ ਮੁੱਖ ਗਵਾਹ ਉਮੇਸ਼ ਪਾਲ ਅਤੇ ਉਸ ਦੇ ਦੋ ਸੁਰੱਖਿਆ ਗਾਰਡਾਂ ਦੀ ਇਸ ਸਾਲ 24 ਫਰਵਰੀ ਨੂੰ ਪ੍ਰਯਾਗਰਾਜ ਦੇ ਧੂਮਨਗੰਜ ਇਲਾਕੇ ਵਿਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਮੇਸ਼ ਪਾਲ ਦੀ ਪਤਨੀ ਜਯਾ ਪਾਲ ਦੀ ਸ਼ਿਕਾਇਤ ’ਤੇ 25 ਫਰਵਰੀ ਨੂੰ ਅਤੀਕ, ਉਸ ਦੇ ਛੋਟੇ ਭਰਾ ਅਸ਼ਰਫ, ਪਤਨੀ ਸ਼ਾਇਸਤਾ ਪਰਵੀਨ, ਦੋ ਪੁੱਤਾਂ, ਸਾਥੀ ਗੁੱਡੂ ਮੁਸਲਿਮ ਅਤੇ ਗੁਲਾਮ ਤੇ 9 ਹੋਰ ਲੋਕਾਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ।

### ਕਿਸ ਵਜ੍ਹਾ ਨਾਲ ਹੋਇਆ ਕਤਲ

ਪੁੱਛ-ਗਿੱਛ ਦੌਰਾਨ ਤਿੰਨਾਂ ਮੁਲਜ਼ਮਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਮਾਫੀਆ ਅਤੀਕ ਦਾ ਪਾਕਿਸਤਾਨ ਨਾਲ ਸਬੰਧ ਸੀ। ਉਸ ਨੇ ਅਤੇ ਉਸ ਦੇ ਗੈਂਗ ’ਚ ਸ਼ਾਮਲ ਮੈਂਬਰਾਂ ਨੇ ਤਮਾਮ ਬੇਕਸੂਰ ਲੋਕਾਂ ਦਾ ਕਤਲ ਕੀਤਾ ਸੀ। ਅਤੀਕ ਜ਼ਮੀਨ ਹੜਪਣ ਲਈ ਕਤਲ ਕਰਦਾ ਸੀ ਅਤੇ ਵਿਰੋਧ ’ਚ ਗਵਾਹੀ ਦੇਣ ਵਾਲਿਆਂ ਨੂੰ ਵੀ ਨਹੀਂ ਬਖ਼ਸ਼ਦਾ ਸੀ। ਉਸ ਦਾ ਭਰਾ ਅਸ਼ਰਫ ਵੀ ਅਜਿਹਾ ਕਰਦਾ ਸੀ, ਇਸ ਲਈ ਅਸੀਂ ਦੋਹਾਂ ਨੂੰ ਮਾਰ ਦਿੱਤਾ। ਮੁਲਜ਼ਮਾਂ ਨੇ ਪੁੱਛ-ਗਿੱਛ ਦੌਰਾਨ ਪੁਲਸ ਨੂੰ ਦੱਸਿਆ ਕਿ ਉਹ ਅਤੀਕ ਅਤੇ ਅਸ਼ਰਫ ਗਿਰੋਹ ਦਾ ਸਫ਼ਾਇਆ ਕਰ ਕੇ ਪ੍ਰਦੇਸ਼ ’ਚ ਆਪਣੇ ਨਾਂ ਦੀ ਪਛਾਣ ਬਣਾਉਣਾ ਚਾਹੁੰਦੇ ਸੀ।



ਦੱਸ ਦੇਈਏ ਕਿ ਉਮੇਸ਼ ਪਾਲ ਕਤਲਕਾਂਡ ਦੇ ਮੁਲਜ਼ਮਾਂ (ਅਤੀਕ ਦੇ ਪੁੱਤਰ) ਅਸਦ ਅਤੇ ਸ਼ੂਟਰ ਗੁਲਾਮ ਦੇ ਐਨਕਾਊਂਟਰ ਦੇ ਦੋ ਦਿਨ ਬਾਅਦ ਹੀ ਮਾਫੀਆ ਡਾਨ ਅਤੀਕ ਅਹਿਮਦ ਅਤੇ ਉਸ ਦਾ ਭਰਾ ਅਸ਼ਰਫ ਵੀ ਮਾਰਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਅਤੀਕ ਅਤੇ ਉਸ ਦੇ ਭਰਾ ਅਸ਼ਰਫ ਦਾ ਕਤਲ ਕਰਨ ਵਾਲੇ ਤਿੰਨੋਂ ਕਾਤਲ ਪਹਿਲਾਂ ਵੀ ਵੱਖ-ਵੱਖ ਮਾਮਲਿਆਂ ’ਚ ਜੇਲ੍ਹ ਜਾ ਚੁੱਕੇ ਹਨ। ਹੁਣ ਪੁਲਸ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨ ਵਿਚ ਲੱਗੀ ਹੋਈ ਹੈ। ਇਸ ਦੇ ਨਾਲ ਹੀ ਪੁਲਸ ਇਹ ਵੀ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਮੁਲਜ਼ਮ ਕਦੋਂ ਤੋਂ ਪ੍ਰਯਾਗਰਾਜ ’ਚ ਸਨ ਅਤੇ ਕਿਸ ਨੇ ਉਨ੍ਹਾਂ ਦੀ ਮਦਦ ਕੀਤੀ ਹੈ।

### ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੱਲੋਂ ਸਖ਼ਤ ਕਾਰਵਾਈ ਦੇ ਆਦੇਸ

ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਮਾਮਲੇ ਦੀ ਜਾਣਕਾਰੀ ਮਿਲਣ ਮਗਰੋਂ ਤੁਰੰਤ ਡੀ ਜੀ ਪੀ ਨੂੰ ਪ੍ਰਯਾਗਰਾਜ ਜਾਣ ਦਾ ਹੁਕਮ ਦਿੱਤਾ ਹੈ। ਜਾਣਕਾਰੀ ਮੁਤਾਬਕ ਅਤੀਕ-ਅਸ਼ਰਫ਼ ਦੇ ਕਤਲ ਮਗਰੋਂ ਪ੍ਰਯਾਗਰਾਜ ਵਿਚ ਪੁਲਸ ਨੇ ਹਾਈ ਅਲਰਟ ਕਰ ਦਿੱਤਾ ਹੈ। ਪ੍ਰਯਾਗਰਾਜ ਦੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਯੋਗੀ ਨੇ ਅਫ਼ਵਾਹ ਫੈਲਾਉਣ ਵਾਲਿਆਂ ਨੂੰ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੋ ਵੀ ਲੋਕ ਕਤਲ ਮਾਮਲੇ ਵਿਚ ਅਫ਼ਵਾਹ ਫੈਲਾ ਰਹੇ ਹਨ, ਉਨ੍ਹਾਂ ਖਿਲਾਫ਼ ਐਕਸ਼ਨ ਲਿਆ ਜਾਵੇਗਾ। ਮੁੱਖ ਮੰਤਰੀ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਧਾਰਾ-144 ਲਾਉਣ ਦਾ ਹੁਕਮ ਦਿੱਤਾ ਹੈ। ਮੁੱਖ ਮੰਤਰੀ ਨੇ ਸੰਵੇਦਨਸ਼ੀਲ ਇਲਾਕਿਆਂ ਵਿਚ ਪੁਲਸ ਨੂੰ ਫਲੈਗ ਮਾਰਚ ਕਰਨ ਨੂੰ ਵੀ ਕਿਹਾ ਹੈ। ਹਾਲਾਤ ਦੇ ਤਣਾਅਪੂਰਨ ਹੋਣ ਦੇ ਖ਼ਦਸ਼ਿਆਂ 5 ਆਈ। ਪੀ ਐਸ ਅਧਿਕਾਰੀਆਂ ਨੂੰ ਪ੍ਰਯਾਗਰਾਜ ਭੇਜਿਆ ਜਾ ਰਿਹਾ ਹੈ। ਉਨ੍ਹਾਂ ਨੂੰ ਕਾਨੂੰਨ ਵਿਵਸਥਾ ਬਣਾ ਕੇ ਰੱਖਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

### ਗ੍ਰਹਿ ਮੰਤਰਾਲਾ ਵੱਲੋਂ ਪੱਤਰਕਾਰਾਂ ਦੀ ਸੁਰੱਖਿਆ ਲਈ ਐਸਓਪੀ ਹੋਵੇਗਾ ਤਿਆਰ

ਕੇਂਦਰ ਸਰਕਾਰ ਨੇ ਗੈਂਗਸਟਰ ਤੋਂ ਨੇਤਾ ਬਣੇ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ਼ ਦਾ ਪ੍ਰਯਾਗਰਾਜ ’ਚ ਮੀਡੀਆ ਕਰਮੀ ਬਣ ਕੇ ਆਏ ਤਿੰਨ ਹਮਲਾਵਰਾਂ ਵਲੋਂ ਕਤਲ ਕੀਤੇ ਜਾਣ ਤੋਂ ਬਾਅ ਪੱਤਰਕਾਰਾਂ ਦੀ ਸੁਰੱਖਿਆ ਲਈ ਸਟੈਂਡਰਡ ਓਪਰੇਟਿੰਗ ਪ੍ਰਕਿਰਿਆ (ਐਸਓਪੀ) ਤਿਆਰ ਕਰਨ ਦਾ ਫ਼ੈਸਲਾ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ ਗ੍ਰਹਿ ਮੰਤਰਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਮਾਰਗਦਰਸ਼ਨ ’ਚ ਪੱਤਰਕਾਰਾਂ ਦੀ ਸੁਰੱਖਿਆ ਲਈ ਐਸਓਪੀ ਤਿਆਰ ਕਰੇਗਾ। ਉਨ੍ਹਾਂ ਦੱਸਿਆ ਕਿ ਪ੍ਰਯਾਗਰਾਜ ’ਚ ਪੱਤਰਕਾਰ ਬਣ ਕੇ ਆਏ ਤਿੰਨ ਹਮਲਾਵਰਾਂ ਵਲੋਂ ਅਤੀਕ ਅਤੇ ਉਸ ਦੇ ਭਰਾ ਅਸ਼ਰਫ ਦਾ ਕਤਲ ਕੀਤੇ ਜਾਣ ਤੋਂ ਬਾਅਦ ਇਹ ਕਦਮ ਚੁੱਕਿਆ ਜਾ ਰਿਹਾ ਹੈ। ਅਹਿਮਦ ਅਤੇ ਅਸ਼ਰਫ ਦਾ ਸ਼ਨੀਵਾਰ ਰਾਤ ਉਸ ਸਮੇਂ ਕਤਲ ਕਰ ਦਿੱਤਾ ਗਿਆ ਸੀ, ਜਦੋਂ ਉਹ ਪੱਤਰਕਾਰਾਂ ਨਾਲ ਗੱਲ ਕਰ ਰਹੇ ਸਨ। ਇਸ ਦੌਰਾਨ ਦੋਵੇਂ ਭਰਾਵਾਂ ਨੂੰ ਕਰੀਬ ਤੋਂ ਗੋਲੀ ਮਾਰ ਦਿੱਤੀ ਗਈ ਸੀ। ਇਹ ਘਟਨਾ ਉਦੋਂ ਵਾਪਰੀ, ਜਦੋਂ ਅਤੀਕ ਅਤੇ ਅਸ਼ਰਫ ਨੂੰ ਪੁਲਸ ਕਰਮੀ ਮੈਡੀਕਲ ਜਾਂਚ ਲਈ ਇਕ ਮੈਡੀਕਲ ਕਾਲਜ ਲੈ ਕੇ ਜਾ ਰਹੇ ਸਨ।

### ਉੱਤਰ ਪ੍ਰਦੇਸ਼ ’ਚ ਕਾਨੂੰਨ ਵਿਵਸਥਾ ਨਾਮ ਦੀ ਕੋਈ ਚੀਜ਼ ਨਹੀਂ-ਮਾਇਆਵਤੀ

ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਸ਼ਨੀਵਾਰ ਦੀ ਰਾਤ ਪ੍ਰਯਾਗਰਾਜ ਵਿੱਚ ਅਤੀਕ ਅਹਿਮਦ ਅਤੇ ਅਸ਼ਰਫ ਦੇ ਕਤਲ ’ਤੇ ਯੋਗੀ ਸਰਕਾਰ ਤੋਂ ਸਵਾਲ ਪੁੱਛੇ ਹਨ। ਮਾਇਆਵਤੀ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਵਿੱਚ ਕਾਨੂੰਨ ਵਿਵਸਥਾ ਨਾਮ ਦੀ ਕੋਈ ਚੀਜ਼ ਨਹੀਂ ਹੈ, ਅਪਰਾਧੀ ਬੇਲਗਾਮ ਹਨ, ਪੁਲਿਸ ਕਸਟੱਡੀ ਵਿੱਚ ਅਤੀਕ ਅਤੇ ਅਸ਼ਰਫ ਦੇ ਕਤਲ ਦੇ ਕਾਨੂੰਨ ਵਿਵਸਥਾ ਉਪਰ ਸਵਾਲ ਖੜ੍ਹੇ ਕਰ ਦਿੱਤੇ ਹਨ।

### ਕਾਨੂੰਨ ਮੁਤਾਬਕ ਅਪਰਾਧੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ-ਪ੍ਰਿਅੰਕਾ ਗਾਂਧੀ

ਮਾਫ਼ੀਆ ਅਤੇ ਸਾਬਕਾ ਸੰਸਦ ਮੈਂਬਰ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ਼ ਦੀ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ’ਚ ਗੋਲੀ ਮਾਰ ਕੇ ਕਤਲ ਕੀਤੇ ਜਾਣ ਦੇ ਇਕ ਦਿਨ ਬਾਅਦ ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਦੇਸ਼ ਦੇ ਕਾਨੂੰਨ ਦੇ ਅਧੀਨ ਅਪਰਾਧੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਸਿਆਸੀ ਮਕਸਦ ਨਾਲ ਕਾਨੂੰਨ ਦੇ ਰਾਜ ਅਤੇ ਨਿਆਇਕ ਪ੍ਰਕਿਰਿਆ ਨਾਲ ਖਿਲਵਾੜ ਕਰਨਾ ਲੋਕਤੰਤਰ ਲਈ ਸਹੀ ਨਹੀਂ ਹੈ। ਅਤੀਕ (60) ਅਤੇ ਉਸ ਦੇ ਭਰਾ ਅਸ਼ਰਫ਼ ਦਾ ਸ਼ਨੀਵਾਰ ਰਾਤ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਉਸ ਸਮੇਂ ਕਤਲ ਕਰ ਦਿੱਤਾ ਹੈ, ਜਦੋਂ ਪੁਲਸ ਦੋਹਾਂ ਨੂੰ ਮੈਡੀਕਲ ਜਾਂਚ ਲਈ ਮੈਡੀਕਲ ਕਾਲਜ ਲਿਜਾ ਰਹੀ ਸੀ। ਪੱਤਰਕਾਰਾਂ ਬਣ ਕੇ ਤਿੰਨੋਂ ਹਮਲਾਵਰਾਂ ਨੇ ਅਤੀਕ ਅਤੇ ਉਸ ਦੇ ਭਰਾ ਨੂੰ ਉਸ ਸਮੇਂ ਬਹੁਤ ਕਰੀਬ ਤੋਂ ਗੋਲੀ ਮਾਰ ਦਿੱਤੀ, ਜਦੋਂ ਉਹ ਮੀਡੀਆ ਕਰਮੀਆਂ ਨਾਲ ਗੱਲਬਾਤ ਕਰ ਰਹੇ ਸਨ, ਜਦੋਂ ਕਿ ਉਨ੍ਹਾਂ ਨੇ ਨੇੜੇ-ਤੇੜੇ ਪੁਲਸ ਕਰਮੀਆਂ ਦਾ ਪਹਿਰਾ ਸੀ। ਇਸ ਦੋਹਰੇ ਕਤਲਕਾਂਡ ਦਾ ਇਕ ਵੀਡੀਓ ਵਾਇਰਲ ਹੋ ਰਿਹਾ ਸੀ, ਜਿਸ ’ਚ ਤਿੰਨੋਂ ਹਮਲਾਵਰ ਦੋਵੇਂ ਭਰਾਵਾਂ ਨੂੰ ਗੋਲੀਆਂ ਮਾਰਦੇ ਨਜ਼ਰ ਆ ਰਹੇ ਹਨ ਅਤੇ ਗੋਲੀ ਲੱਗਦੇ ਹੀ ਦੋਵੇਂ ਜ਼ਮੀਨ ’ਤੇ ਡਿੱਗ ਗਏ ਸਨ।

### ਅਤੀਕ-ਅਸ਼ਰਫ ਕਤਲ ਕੇਸ ’ਤੇ ਕਮਲਨਾਥ ਨੇ ਕਿਹਾ, ਸੁਪਰੀਮ ਕੋਰਟ ਨੂੰ ਨੋਟਿਸ ਲੈਣਾ ਚਾਹੀਦਾ ਹੈ

**ਭੋਪਾਲ-** ਮਾਫ਼ੀਆ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਦੇ ਕਤਲ ਤੋਂ ਬਾਅਦ ਦੇਸ਼ ਦੀ ਰਾਜਨੀਤੀ ਗਰਮ ਹੋ ਗਈ ਹੈ। ਅਤੇ ਮੱਧ ਪ੍ਰਦੇਸ਼ ’ਚ ਕਾਂਗਰਸ ਦੇ ਸੂਬਾ ਪ੍ਰਧਾਨ ਕਮਲਨਾਥ ਨੇ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਦੇ ਕਤਲ ਨੂੰ ਲੈ ਕੇ ਬਿਆਨ ਦਿੱਤਾ ਹੈ। ਕਮਲਨਾਥ ਨੇ ਕਿਹਾ ਕਿ ਸੁਪਰੀਮ ਕੋਰਟ ਨੂੰ ਇਸ ਕਤਲੇਆਮ ਦਾ ਆਪਣੇ ਆਪ ਨੋਟਿਸ ਲੈਣਾ ਚਾਹੀਦਾ ਹੈ। ਇਸ ਘਟਨਾ ਬਾਰੇ ਕਮਲਨਾਥ ਨੇ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਯੂਪੀ ਵਿੱਚ ਸ਼ਰੇਆਮ ਕਤਲ ਹੋ ਰਹੇ ਹਨ। ਇਕ ਦਿਨ ਬੇਟੇ ਦਾ ਐਨਕਾਊਂਟਰ ਹੁੰਦਾ ਹੈ, ਅਗਲੇ ਦਿਨ ਪਿਤਾ ਮਾਰਿਆ ਜਾਂਦਾ ਹੈ। ਇਹ ਸਭ ਲਈ ਸੋਚਣ ਵਾਲੀ ਗੱਲ ਹੈ। ਇਹ ਮੇਰੇ ਲਈ ਹੀ ਨਹੀਂ, ਪੂਰੇ ਦੇਸ਼ ਅਤੇ ਸਮਾਜ ਲਈ ਸੋਚਣ ਵਾਲੀ ਗੱਲ ਹੈ। ਕਮਲਨਾਥ ਨੇ ਸਵਾਲ ਕੀਤਾ ਕਿ ਸਾਡੇ ਉੱਤਰ ਪ੍ਰਦੇਸ਼ ਅਤੇ ਦੇਸ਼ ਨੂੰ ਕਿੱਥੇ ਖਿੱਚਿਆ ਜਾ ਰਿਹਾ ਹੈ। ਇਹ ਘਟਨਾ ਉੱਤਰ ਪ੍ਰਦੇਸ਼ ਵਿੱਚ ਵਾਪਰੀ ਹੈ, ਜੋ ਕਿ ਸਭ ਤੋਂ ਵੱਡਾ ਸੂਬਾ ਹੈ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ। ਮੈਨੂੰ ਲੱਗਦਾ ਹੈ ਕਿ ਸੁਪਰੀਮ ਕੋਰਟ ਨੂੰ ਇਸ ਮਾਮਲੇ ਦਾ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

### ਜੇ ਕੋਈ ਜੇਲ੍ਹ ਗਿਆ ਤਾਂ ਕੀ ਤੁਸੀਂ ਉਸ ਨੂੰ ਸੜਕ ਵਿਚਕਾਰ ਮਾਰੋਗੇ: ਨਿਤੀਸ਼ ਕੁਮਾਰ

ਬਿਹਾਰ ਦੇ ਸੀਐਮ ਨਿਤੀਸ਼ ਕੁਮਾਰ ਨੇ ਉੱਤਰ ਪ੍ਰਦੇਸ਼ ਵਿੱਚ ਮਾਫੀਆ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਦੇ ਕਤਲ ’ਤੇ ਬਿਆਨ ਦਿੰਦੇ ਹੋਏ ਯੋਗੀ ਸਰਕਾਰ ’ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਘਟਨਾ ਦੁਖਦ ਹੈ। ਕੀ ਪ੍ਰੈੱਸ ਵਾਲੇ ਇਸ ਤਰ੍ਹਾਂ ਘਟਨਾ ਨੂੰ ਅੰਜਾਮ ਦੇ ਸਕਦੇ ਹਨ? ਸਭ ਝੂਠ ਬੋਲਿਆ ਗਿਆ ਹੈ।

ਅਜਿਹਾ ਦੇਸ਼ ਦੁਨੀਆਂ ਵਿੱਚ ਕਿਤੇ ਵੀ ਨਹੀਂ ਹੈ। ਕੋਈ ਜੇਲ੍ਹ ਵਿੱਚ ਹੁੰਦਾ ਹੈ ਅਤੇ ਉਸ ਨੂੰ ਇਲਾਜ ਲਈ ਜਾਂ ਕਿਸੇ ਹੋਰ ਕਾਰਨ ਪੁਲਿਸ ਵੱਲੋਂ ਬਾਹਰ ਲਿਜਾਇਆ ਜਾਂਦਾ ਹੈ ਪਰ ਬਹੁਤ ਦੁੱਖ ਹੁੰਦਾ ਹੈ ਕਿ ਉਹ ਰਸਤੇ ਵਿੱਚ ਹੀ ਮਾਰਿਆ ਜਾਂਦਾ ਹੈ।

ਸੀਐਮ ਨਿਤੀਸ਼ ਨੇ ਕਿਹਾ ਕਿ ਕੋਈ ਜੇਲ੍ਹ ਵਿੱਚ ਹੈ ਜਾਂ ਸਜ਼ਾ ਕੱਟ ਰਿਹਾ ਹੈ, ਇਹ ਵੱਖਰੀ ਗੱਲ ਹੈ। ਅਸੀਂ ਕਹਿੰਦੇ ਹਾਂ ਕਿ ਜੇ ਕੋਈ ਇਸ ਤਰ੍ਹਾਂ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ ਅਤੇ ਕਿਸੇ ਕਾਰਨ ਕਰਕੇ ਉਸ ਨੂੰ ਬਾਹਰ ਲਿਆਂਦਾ ਗਿਆ ਤਾਂ ਕੀ ਉਸ ਨੂੰ ਮਾਰਿਆ ਜਾਵੇਗਾ ? ਇਸ ਮਾਮਲੇ ਵਿੱਚ ਦੋਸ਼ੀਆਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਕਿਸੇ ਨੂੰ ਇਸ ਤਰ੍ਹਾਂ ਕਿਵੇਂ ਮਾਰਿਆ ਗਿਆ, ਪੁਲਿਸ ਨੂੰ ਦੇਖਣਾ ਚਾਹੀਦਾ ਸੀ।" ਕੋਈ ਜੇਲ੍ਹ, ਅਦਾਲਤ ਜਾਂ ਕਿਤੇ ਵੀ ਜਾਂਦਾ ਹੈ, ਉਸ ਦੀ ਸੁਰੱਖਿਆ ਲਈ ਸੁਰੱਖਿਆ ਮੁਲਾਜ਼ਮ ਤਾਇਨਾਤ ਹੁੰਦੇ ਹਨ। ਯੂਪੀ ਸਰਕਾਰ ਨੂੰ ਕਾਨੂੰਨ ਵਿਵਸਥਾ ਬਾਰੇ ਸੋਚਣਾ ਚਾਹੀਦਾ ਹੈ।

ਕੀ ਉਨ੍ਹਾਂ ਨੂੰ ਮਾਰ ਕੇ ਅਪਰਾਧੀਆਂ ਨੂੰ ਖਤਮ ਕੀਤਾ ਜਾਵੇਗਾ, ਕੀ ਇਹ ਕੋਈ ਤਰੀਕਾ ਹੈ। ਇਸ ਦਾ ਮਤਲਬ ਹੈ ਕਿ ਜੋ ਜਾਂਦਾ ਹੈ। ਉਹ ਜੇਲ੍ਹ ਵਿਚ ਮਾਰ ਦਿੱਤਾ ਜਾਵੇਗਾ। ਕੀ ਅਜਿਹਾ ਕੋਈ ਨਿਯਮ ਹੈ। ਕਿਸੇ ਨੂੰ ਮੌਤ ਦੀ ਸਜ਼ਾ ਜਾਂ ਇਕ ਸਾਲ ਦੀ ਸਜ਼ਾ ਦੇਣਾ ਅਦਾਲਤ ਦਾ ਫੈਸਲਾ ਹੈ ਪਰ ਜੇਕਰ ਕੋਈ ਬਿਮਾਰ ਹੋ ਗਿਆ ਅਤੇ ਹਸਪਤਾਲ ਲਿਜਾਉਣ ਦੇ ਨਾਂ ’ਤੇ ਅਜਿਹੀ ਘਟਨਾ ਵਾਪਰੇ। ਇਸਦੇ ਲਈ ਦੇਸ਼ ਵਿੱਚ ਸੰਵਿਧਾਨ ਬਣਾਇਆ ਗਿਆ ਹੈ।"

## ਹੋਰ ਵੀ ਕਈ ਬਦਨਾਮ ਅਪਰਾਧੀਆਂ ਦੇ ਪੁਲਿਸ ਦੇ ਸਾਹਮਣੇ ਹੋਏ ਕਤਲ

**ਲਖਨਊ-**ਉਮੇਸ਼ ਪਾਲ ਕਤਲ ਕਾਂਡ ਦਾ ਰਾਜ਼ ਖੋਲ੍ਹਣ ਲਈ ਰਿਮਾਂਡ ’ਤੇ ਲਏ ਗਏ ਮਾਫ਼ੀਆ ਅਤੀਕ ਅਹਿਮਦ ਅਤੇ ਅਸ਼ਰਫ਼ ਦੇ 35 ਸਾਲਾਂ ਦੇ ਡਰ ਅਤੇ ਅਪਰਾਧਿਕ ਸਾਮਰਾਜ ਨੂੰ ਤਿੰਨ ਲੜਕਿਆਂ ਨੇ ਸਿਰਫ਼ 15 ਸਕਿੰਟਾਂ ’ਚ ਹੀ ਖ਼ਤਮ ਕਰ ਦਿੱਤਾ। ਉਹ ਵੀ ਉਦੋਂ ਜਦੋਂ ਸੁਰੱਖਿਆ ਘੇਰੇ ਵਿੱਚ 18 ਹਥਿਆਰਬੰਦ ਪੁਲਿਸ ਮੁਲਾਜ਼ਮ ਮੌਜੂਦ ਸਨ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਪੁਲਿਸ ਦੇ ਸਾਹਮਣੇ ਕਿਸੇ ਮਾਫੀਆ ਅਤੇ ਅਪਰਾਧੀ ਦਾ ਕਤਲ ਹੋਇਆ ਹੋਵੇ। ਇਸ ਤੋਂ ਪਹਿਲਾਂ ਵੀ ਕਈ ਅਜਿਹੇ ਸਨ ਜੋ ਪੁਲਿਸ ਦੀਆਂ ਗੋਲੀਆਂ ਨਾਲ ਨਹੀਂ ਮਰੇ, ਪਰ ਜੇਲ੍ਹ ਵਿੱਚ ਅਪਰਾਧੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ।

ਅੰਨੂ ਤ੍ਰਿਪਾਠੀ ਨੂੰ ਉਸਦੇ ਆਪਣੇ ਚੇਲੇ ਨੇ ਜੇਲ੍ਹ ਵਿੱਚ ਮਾਰਿਆ ਸੀ: ਮਾਫੀਆ ਡੌਨ ਮੁਖਤਾਰ ਅੰਸਾਰੀ ਦੇ ਇੱਕ ਗੁੰਡੇ ਜਿਸਦਾ ਪੂਰਵਾਂਚਲ ਵਿੱਚ ਡਰ ਸੀ ਅਤੇ ਵਪਾਰੀ ਅਤੇ ਠੇਕੇਦਾਰ ਉਸਦੇ ਨਾਮ ਤੋਂ ਕੰਬਦੇ ਸਨ, 2 ਮਾਰਚ 2005 ਨੂੰ ਕੇਂਦਰੀ ਜੇਲ੍ਹ ਵਾਰਾਣਸੀ ਦੀ ਬੈਰਕ ਵਿੱਚ ਕਤਲ ਕਰ ਦਿੱਤਾ ਗਿਆ ਸੀ। ਮੁਖਤਾਰ ਦੇ ਗੁੰਡੇ ਅਨੁਰਾਗ ਉਰਫ ਅੰਨੂ ਤ੍ਰਿਪਾਠੀ ਦਾ ਕਤਲ ਉਸਦੇ ਕੈਦੀ ਚੇਲੇ ਸੰਤੋਸ਼ ਉਰਫ ਕਿੱਟੂ ਨੇ ਕੀਤਾ ਸੀ। ਅਚਾਨਕ ਉਹ ਅੰਨੂ ਦੀ ਬੈਰਕ ਵਿੱਚ ਦਾਖਲ ਹੋਇਆ ਅਤੇ ਉਸ ਨੂੰ ਗੋਲੀ ਮਾਰ ਦਿੱਤੀ। ਅੰਨੂ ਦੀ ਮੌਤ ਉਸੇ ਤਰ੍ਹਾਂ ਹੋਈ ਹੈ, ਜਿਸ ਤਰ੍ਹਾਂ ਉਸ ਨੇ ਆਪਣੀ ਮੌਤ ਤੋਂ ਇੱਕ ਸਾਲ ਪਹਿਲਾਂ 13 ਮਾਰਚ 2004 ਨੂੰ ਜੇਲ੍ਹ ਵਿਚ ਬੰਦ ਸਪਾ ਦੇ ਕਾਰਪੋਰੇਟਰ ਬੰਸ਼ੀ ਯਾਦਵ ਨੂੰ ਮਾਰਿਆ ਸੀ।

ਬਾਗਪਤ ਜੇਲ ’ਚ ਮਾਰਿਆ ਗਿਆ ਬਜਰੰਗੀ: ਪੁਲਸ ਦੀ ਗੋਲੀ ਲੱਗਣ ਤੋਂ ਬਾਅਦ ਵੀ ਮੌਤ ਦੀ ਕਗਾਰ ’ਚੋਂ ਪਰਤਣ ਵਾਲੇ ਮੁਖਤਾਰ ਅੰਸਾਰੀ ਦਾ ਸਭ ਤੋਂ ਖ਼ਾਸ ਸ਼ੂਟਰ ਮੁੰਨਾ ਬਜਰੰਗੀ ਜੇਲ ਦੇ ਅੰਦਰ ਹੀ ਮਾਰਿਆ ਗਿਆ। ਉਸ ਦਾ ਡਰ ਪੱਛਮੀ ਅਤੇ ਪੂਰਬੀ ਯੂ.ਪੀ. ਮੁੰਨਾ ਬਜਰੰਗੀ ਦਾ ਸਾਲ 2018 ’ਚ ਬਾਗਪਤ ਜੇਲ ’ਚ ਕਤਲ ਕਰ ਦਿੱਤਾ ਗਿਆ ਸੀ। 9 ਜੁਲਾਈ 2018 ਨੂੰ ਮੁੰਨਾ ਬਜਰੰਗੀ ਨੂੰ ਬਾਗਪਤ ਦੇ ਇੱਕ ਮਾਮਲੇ ਵਿੱਚ ਪੇਸ਼ੀ ਲਈ ਜੇਲ੍ਹ ਲਿਆਂਦਾ ਗਿਆ ਸੀ। ਜੇਲ੍ਹ ਵਿੱਚ ਮੁੰਨਾ ਦੀ ਕੁਝ ਕੈਦੀਆਂ ਨਾਲ ਲੜਾਈ ਹੋ ਗਈ। ਇਸ ’ਚ ਕੈਦੀਆਂ ਨੇ ਮੁੰਨਾ ’ਤੇ ਗੋਲੀਆਂ ਚਲਾ ਦਿੱਤੀਆਂ, ਜਿਸ ’ਚ ਉਸ ਦੀ ਮੌਤ ਹੋ ਗਈ। ਮੁੰਨਾ ਦੇ ਕਤਲ ਪਿੱਛੇ ਪੱਛਮੀ ਯੂਪੀ ਦੇ ਸਭ ਤੋਂ ਵੱਡੇ ਅਪਰਾਧੀ ਅਤੇ ਬਾਗਪਤ ਜੇਲ੍ਹ ਵਿੱਚ ਬੰਦ ਸੁਨੀਲ ਰਾਠੀ ਦਾ ਨਾਂ ਸਾਹਮਣੇ ਆਇਆ ਹੈ।

ਅਦਾਲਤ ’ਚ ਮਾਰਿਆ ਗਿਆ ਅਪਰਾਧੀ : ਸਾਲ 2015 ’ਚ ਪੱਛਮੀ ਯੂਪੀ ਦੇ ਅਪਰਾਧੀ ਯੋਗੇਂਦਰ ਸਿੰਘ ਉਰਫ ਭੂਰਾ ਨੂੰ ਮੁਰਾਦਾਬਾਦ ਅਦਾਲਤ ਦੇ ਕੰਪਲੈਕਸ ’ਚ ਪੇਸ਼ੀ ਲਈ ਲਿਆਂਦਾ ਗਿਆ ਸੀ। ਭੂਰਾ ਨੂੰ ਵੱਡੀ ਗਿਣਤੀ ’ਚ ਪੁਲਸ ਨੇ ਘੇਰ ਲਿਆ ਸੀ, ਫਿਰ ਵੀ ਕੁਝ ਲੋਕਾਂ ਨੇ ਉਸ ’ਤੇ ਗੋਲੀਆਂ ਚਲਾ ਦਿੱਤੀਆਂ, ਜਿਸ ’ਚ ਉਸ ਦੀ ਮੌਤ ਹੋ ਗਈ। ਇੰਨਾ ਹੀ ਨਹੀਂ, 17 ਦਸੰਬਰ 2019 ਨੂੰ ਅਪਰਾਧੀ ਸ਼ਾਹਨਵਾਜ਼ ਅਤੇ ਜੱਬਾਰ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਬਿਜਨੌਰ ਅਦਾਲਤ ਵਿੱਚ ਪੇਸ਼ੀ ਲਈ ਲਿਆਂਦਾ ਗਿਆ ਸੀ। ਜਿਵੇਂ ਹੀ ਪੁਲਸ ਦੋਵਾਂ ਦੋਸ਼ੀਆਂ ਨੂੰ ਜੱਜ ਦੇ ਸਾਹਮਣੇ ਲੈ ਗਈ ਤਾਂ ਭੀੜ ’ਚ ਮੌਜੂਦ ਤਿੰਨ ਲੋਕਾਂ ਨੇ ਗੋਲੀਆਂ ਚਲਾ ਦਿੱਤੀਆਂ ਅਤੇ ਸ਼ਾਹਨਵਾਜ਼ ਦੀ ਹੱਤਿਆ ਕਰ ਦਿੱਤੀ।

ਚਿਤਰਕੂਟ ਜੇਲ੍ਹ ਵਿੱਚ ਹੋਈ ਗੋਲੀਬਾਰੀ: 14 ਮਈ, 2021 ਨੂੰ ਚਿਤਰਕੂਟ ਜੇਲ੍ਹ ਵਿੱਚ, ਅੰਸ਼ੂ ਦੀਕਸ਼ਿਤ, ਜੋ ਕਿ ਰਾਏਬਰੇਲੀ ਜੇਲ੍ਹ ਤੋਂ ਤਬਦੀਲ ਕੀਤਾ ਗਿਆ ਸੀ, ਨੇ ਮੁਖਤਾਰ ਅੰਸਾਰੀ ਦੇ ਸਭ ਤੋਂ ਮਹੱਤਵਪੂਰਨ ਗੁੰਡੇ ਮੇਰਾਜ ਉੱਤੇ ਕਈ ਰਾਊਂਡ ਫਾਇਰ ਕੀਤੇ। ਇਸ ਗੋਲੀਬਾਰੀ ’ਚ ਮੇਰਾਜ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇੰਨਾ ਹੀ ਨਹੀਂ ਮੇਰਾਜ ਦਾ ਕਤਲ ਕਰਨ ਤੋਂ ਬਾਅਦ ਅੰਸ਼ੂ ਨੇ ਪੱਛਮੀ ਯੂਪੀ ਦੇ ਬਦਨਾਮ ਅਪਰਾਧੀ ਮੁਕੀਮ ਕਾਲਾ ਦਾ ਵੀ ਕਤਲ ਕਰ ਦਿੱਤਾ। ਹਾਲਾਂਕਿ ਇਸ ਤੋਂ ਬਾਅਦ ਅੰਸ਼ੂ ਦੀਕਸ਼ਿਤ ਨੂੰ ਵੀ ਪੁਲਿਸ ਨੇ ਇੱਕ ਮੁਕਾਬਲੇ ਵਿੱਚ ਮਾਰ ਦਿੱਤਾ ਸੀ।

# 104 ਸਾਲ ਪੂਰੇ ਹੋਣ ’ਤੇ ਵੀ ਨਹੀਂ ਮਿਲਿਆ ਜਲ੍ਹਿਆਂਵਾਲਾ ਬਾਗ ਨੂੰ ਸ਼ਹੀਦ ਦਾ ਦਰਜਾ

**ਅੰਮ੍ਰਿਤਸਰ–** ਸ਼ਹੀਦ ਦੇਸ਼ ਦਾ ਅਨਿੱਖੜਵਾਂ ਅੰਗ ਹਨ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਉਕਤ ਸਾਕੇ ਦੌਰਾਨ ਸ਼ਹੀਦ ਹੋਏ ਲੋਕਾਂ ਦੇ ਪਰਿਵਾਰਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ। ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ 104 ਸਾਲ ਪੂਰੇ ਹੋ ਗਏ ਹਨ ਪਰ ਕੀ ਅਜੇ ਤੱਕ ਸ਼ਹੀਦਾਂ ਦੇ ਸੁਫ਼ਨਿਆਂ ਵਰਗਾ ਭਾਰਤ ਬਣ ਸਕਿਆ ਹੈ। ਆਜ਼ਾਦ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰ ਕੇ ਦੇਸ਼ ਨੂੰ ਆਜ਼ਾਦ ਕਰਵਾਇਆ ਸੀ ਪਰ ਇੱਥੇ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਸ਼ਹੀਦਾਂ ਦਾ ਦਰਜਾ ਨਹੀਂ ਦਿੱਤਾ। ਇਸ ਦੇ ਨਾਲ ਹੀ ਜਿਨ੍ਹਾਂ ਲੋਕਾਂ ਨੇ ਆਜ਼ਾਦੀ ਸੰਗਰਾਮ ਵਿਚ ਉਨ੍ਹਾਂ ਦਾ ਖ਼ੂਬ ਸਾਥ ਦਿੱਤਾ, ਉਨ੍ਹਾਂ ਨੂੰ ਅਜੇ ਤੱਕ ਸਨਮਾਨਿਤ ਨਹੀਂ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਸ਼ਹੀਦ ਦੇਸ਼ ਦਾ ਅਨਿੱਖੜਵਾਂ ਅੰਗ ਹਨ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਉਕਤ ਸਾਕੇ ਦੌਰਾਨ ਸ਼ਹੀਦ ਹੋਏ ਲੋਕਾਂ ਦੇ ਪਰਿਵਾਰਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ। ਉਕਤ ਸ਼ਹੀਦਾਂ ਦੇ ਰਿਸ਼ਤੇਦਾਰ ਅੱਜ ਵੀ ਕਹਿੰਦੇ ਹਨ ਕਿ ਸਾਡੇ ਸ਼ਹੀਦਾਂ ਦਾ ਸੁਫ਼ਨਾ ਅਜੇ ਤੱਕ ਸਾਕਾਰ ਨਹੀਂ ਹੋਇਆ। ਅੱਗੇ ਜਾ ਕੇ ਉਨ੍ਹਾਂ ਦੇ ਸੁਫ਼ਨਿਆਂ ਨੂੰ ਕੌਣ ਪੂਰਾ ਕਰਦਾ ਹੈ, ਇਹ ਭਵਿੱਖ ਦੇ ਗਰਭ ਵਿੱਚ ਹੈ।

**ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ**

ਅੰਮ੍ਰਿਤਸਰ ਆਉਣ ਵਾਲੇ ਲੱਖਾਂ ਸੈਲਾਨੀਆਂ ਨੇ ਸ਼ਹੀਦੀ ਅਸਥਾਨ ਜਲ੍ਹਿਆਂਵਾਲਾ ਬਾਗ ਵਿਖੇ ਪਹੁੰਚ ਕੇ ਇਤਿਹਾਸਕ ਦਿਹਾੜੇ ਨੂੰ ਯਾਦ ਕਰਦਿਆਂ ਉੱਥੇ ਲਿਬਰਟੀ ਆਫ਼ ਫਲੇਮ ਵਿਖੇ ਜਾ ਕੇ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।




**ਜਨਰਲ ਡਾਇਰ ਨੇ ਦਿੱਤਾ ਸੀ**

**ਗੋਲੀ ਚਲਾਉਣ ਦਾ ਹੁਕਮ**

ਤੁਹਾਨੂੰ ਦੱਸ ਦੇਈਏ ਕਿ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਦਾ ਸਾਕਾ ਭਾਰਤੀ ਇਤਿਹਾਸ ਵਿਚ ਇਕ ਬਹੁਤ ਹੀ ਦਿਲ ਦਹਿਲਾਉਣ ਵਾਲੀ ਘਟਨਾ ਹੈ। ਜਦੋਂ ਹਜ਼ਾਰਾਂ ਲੋਕ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਚ ਵਿਸਾਖੀ ਨੂੰ ਸ਼ਾਂਤੀਪੂਰਵਕ ਮਨਾਉਣ ਅਤੇ ਉਸ ਸਮੇਂ ਦੇ ਆਗੂਆਂ ਦੇ ਭਾਸ਼ਣ ਸੁਣਨ ਲਈ ਇਕੱਠੇ ਹੋਏ ਸਨ ਤਾਂ ਅੰਗਰੇਜ਼ ਸਰਕਾਰ ਨੇ ਉਨ੍ਹਾਂ ’ਤੇ ਗੋਲੀ ਚਲਾ ਦਿੱਤੀ। ਜਨਰਲ ਡਾਇਰ ਨੇ ਬਾਗ ਵਿਚ ਆਪਣੇ ਬੰਦਿਆਂ ਨੂੰ ਹੁਕਮ ਦਿੱਤਾ ਸੀ ਕਿ ਉਹ ਭਾਸ਼ਣ ਸੁਣਨ ਲਈ ਉੱਥੇ ਇਕੱਠੇ ਹੋਏ ਨਿਰਦੋਸ਼ ਅਤੇ ਨਿਹੱਥੇ ਲੋਕਾਂ ’ਤੇ ਗੋਲ਼ੀਆਂ ਚਲਾ ਦੇਣ।

ਅੰਗਰੇਜ਼ਾਂ ਦੀਆਂ ਗੋਲ਼ੀਆਂ ਨਾਲ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਕਈ ਲੋਕਾਂ ਨੇ ਆਪਣੀ ਜਾਨ ਬਚਾਉਣ ਲਈ ਉੱਥੇ ਸਥਿਤ ਸ਼ਹੀਦੀ ਖੂਹ ਵਿਚ ਛਾਲ ਮਾਰ ਦਿੱਤੀ। ਇੱਥੋਂ ਤੱਕ ਕਿ ਜਿਨ੍ਹਾਂ ਲੋਕਾਂ ਨੇ ਕੰਧਾਂ ’ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੂੰ ਜਨਰਲ ਡਾਇਰ ਨੇ ਗੋਲ਼ੀ ਮਾਰ ਦਿੱਤੀ।

ਦੱਸ ਦਈਏ ਕਿ ਉਸ ਸਮੇਂ ਰੋਲਟ ਐਕਟ ਨੂੰ ਖ਼ਤਮ ਕਰਨ ਅਤੇ 10 ਅਪ੍ਰੈਲ ਨੂੰ ਹੋਈ ਗੋਲ਼ੀਬਾਰੀ ਦੀ ਨਿੰਦਾ ਸਬੰਧੀ ਦੋ ਮਤੇ ਪਾਸ ਕੀਤੇ ਗਏ ਸਨ ਪਰ ਜਨਰਲ ਡਾਇਰ ਨੇ ਸਰਕਾਰੀ ਹੁਕਮਾਂ ਦੀ ਅਣਦੇਖੀ ਕਰਦਿਆਂ ਬਿਨਾਂ ਕਿਸੇ ਅਗਾਊਂ ਚਿਤਾਵਨੀ ਦੇ ਉੱਥੇ ਇਕੱਠੇ ਹੋਏ ਹਜ਼ਾਰਾਂ ਲੋਕਾਂ ’ਤੇ ਸਿੱਧੀ ਗੋਲ਼ੀ ਚਲਾ ਦਿੱਤੀ।

**ਸ਼ਹੀਦ ਊਧਮ ਸਿੰਘ ਨੇ ਜਨਰਲ ਡਾਇਰ ਨੂੰ ਮਾਰ ਕੇ ਲਿਆ ਗੋਲ਼ੀਬਾਰੀ ਦਾ ਬਦਲਾ**

ਬ੍ਰਿਟਿਸ਼ ਸਰਕਾਰ ਦੇ ਇਸ ਬੇਰਹਿਮ ਜਬਰ ਕਾਰਨ ਲਗਭਗ 1000 ਲੋਕ ਮਾਰੇ ਗਏ ਸਨ। ਇਸ ਦੌਰਾਨ ਮਰਨ ਵਾਲਿਆਂ ਵਿਚ ਨੌਜਵਾਨ, ਔਰਤਾਂ, ਬਜ਼ੁਰਗ, ਬੱਚੇ ਹਰ ਉਮਰ ਦੇ ਲੋਕ ਸ਼ਾਮਲ ਸਨ। ਜਲ੍ਹਿਆਂਵਾਲਾ ਬਾਗ ਦੇ ਇਸ ਘਿਨੌਣੇ ਅਤੇ ਦਿਲ ਦਹਿਲਾ ਦੇਣ ਵਾਲੇ ਸਾਕੇ ਤੋਂ ਪੂਰਾ ਦੇਸ਼ ਹੈਰਾਨ ਸੀ। ਇਸ ਤੋਂ ਬਾਅਦ ਸ਼ਹੀਦ ਊਧਮ ਸਿੰਘ ਨੇ ਜਨਰਲ ਡਾਇਰ ਨੂੰ ਮਾਰ ਕੇ ਇਸ ਘਟਨਾ ਦਾ ਬਦਲਾ ਲਿਆ।

# ਗਿਆਨੀ ਜ਼ੈਲ ਸਿੰਘ ਦੀਆਂ ਯਾਦਗਾਰੀ ਵਸਤਾਂ ਚੋਰੀ

**ਫ਼ਰੀਦਕੋਟ–** ਫ਼ਰੀਦਕੋਟ ਦੀ ਇੱਕ ਸਦੀ ਤੋਂ ਵੱਧ ਪੁਰਾਣੀ ਜੇਲ੍ਹ ਦੀ ਇਮਾਰਤ ਜੋ ਹੁਣ ਬਾਬਾ ਫ਼ਰੀਦ ਯੂਨੀਵਰਸਿਟੀ ਦੀ ਮਾਲਕੀ ਅਧੀਨ ਹੈ, ਵਿਚਲੀ ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨਾਲ ਸਬੰਧਤ ਬੈਰਕ ਵਿੱਚੋਂ ਯਾਦਗਾਰੀ ਵਸਤਾਂ ਗਾਇਬ ਹੋ ਗਈਆਂ ਹਨ। ਦੇਸ਼ ਅੰਦਰ ਰਾਜਾਸ਼ਾਹੀ ਨੂੰ ਖ਼ਤਮ ਕਰਨ ਲਈ ਚੱਲੀ ਪਰਜਾ ਮੰਡਲ ਲਹਿਰ ਦੌਰਾਨ 1938 ਤੋਂ ਲੈ ਕੇ 1943 ਤੱਕ ਗਿਆਨੀ ਜ਼ੈਲ ਸਿੰਘ ਨੂੰ ਫ਼ਰੀਦਕੋਟ ਦੀ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ ਸੀ, ਜਿੱਥੇ ਉਹ 5 ਸਾਲ ਦੇ ਕਰੀਬ ਕੈਦ ਰਹੇ। ਬਾਅਦ ਵਿੱਚ ਪੰਜਾਬ ਸਰਕਾਰ ਨੇ ਇਸ ਬੈਰਕ ਨੂੰ ਵਿਰਾਸਤੀ ਦਰਜਾ ਦੇ ਕੇ ਸੁਰੱਖਿਅਤ ਕਰ ਦਿੱਤਾ ਸੀ। ਜਿਸ ਬੈਰਕ ਵਿੱਚ ਗਿਆਨੀ ਜ਼ੈਲ ਸਿੰਘ ਕੈਦ ਰਹੇ, ਉਸ ਬੈਰਕ ਵਿੱਚ ਉਰਦੂ ਦੀਆਂ ਕੁਝ ਲਿਖਤਾਂ, ਚੱਕੀ, ਬੇੜੀਆਂ, ਤਸਵੀਰਾਂ ਅਤੇ ਕੁਝ ਹੋਰ ਸਾਮਾਨ ਪਿਆ ਸੀ ਅਤੇ ਇਹ ਸਾਮਾਨ 2014 ਤੱਕ ਇੱਥੇ ਸੁਰੱਖਿਅਤ ਪਿਆ ਸੀ। ਪੰਜਾਬ ਸਰਕਾਰ ਨੇ ਫ਼ਰੀਦਕੋਟ ਜੇਲ੍ਹ ਨੂੰ ਤਬਦੀਲ ਕਰਕੇ ਫਰੀਦਕੋਟ ਦੇ ਬਾਹਰਵਾਰ ਤਲਵੰਡੀ ਰੋਡ ਉਪਰ ਨਵੀਂ ਜੇਲ੍ਹ ਬਣਾ ਦਿੱਤੀ ਸੀ ਅਤੇ ਪੁਰਾਣੀ ਜੇਲ੍ਹ ਦੀ ਇਮਾਰਤ ਬਾਬਾ



ਫਰੀਦ ਯੂਨੀਵਰਸਿਟੀ ਨੂੰ ਸੌਂਪ ਦਿੱਤੀ ਸੀ। ਬਾਬਾ ਫਰੀਦ ਯੂਨੀਵਰਸਿਟੀ ਨੇ ਇਸ ਪੁਰਾਣੀ ਜੇਲ੍ਹ ਦੀ ਮਾਲਕੀ ਮਿਲਣ ਤੋਂ 10 ਸਾਲ ਬਾਅਦ ਤੱਕ ਵੀ ਇਸ ਦੀ ਵਰਤੋਂ ਸ਼ੁਰੂ ਨਹੀਂ ਕੀਤੀ।

ਹੁਣ ਕੁਝ ਅਣਪਛਾਤੇ ਵਿਅਕਤੀਆਂ ਨੇ ਜੇਲ੍ਹ ਦੀ ਕੰਧ ਤੋੜ ਕੇ ਜੇਲ੍ਹ ਵਿੱਚ ਗਿਆਨੀ ਜ਼ੈਲ ਸਿੰਘ ਦੀ ਬੈਰਕ ਵਿਚਲਾ ਸਾਰਾ ਸਾਮਾਨ ਚੋਰੀ ਕਰ ਲਿਆ ਹੈ। ਮਾਮਲਾ ਧਿਆਨ ਵਿੱਚ ਆਉਣ ਤੋਂ ਬਾਅਦ ਬਾਬਾ ਫਰੀਦ ਯੂਨੀਵਰਸਿਟੀ ਨੇ ਜੇਲ੍ਹ ਦੀਆਂ ਉਨ੍ਹਾਂ ਕੰਧਾਂ ਦੀ ਮੁਰੰਮਤ ਸ਼ੁਰੂ ਕਰ ਦਿੱਤੀ ਹੈ ਜਿੱਥੋਂ ਕੰਧਾਂ ਤੋੜੀਆਂ ਗਈਆਂ ਸਨ। ਬਾਬਾ ਫਰੀਦ ਯੂਨੀਵਰਸਿਟੀ ਦੇ ਕਾਰਜਕਾਰੀ ਰਜਿਸਟਰਾਰ ਡਾ ਐੱਸਪੀ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਅਜੇ ਕੁਝ ਦਿਨ ਪਹਿਲਾਂ ਹੀ ਚਾਰਜ ਸੰਭਾਲਿਆ ਹੈ ਅਤੇ ਉਨ੍ਹਾਂ ਨੂੰ ਜੇਲ੍ਹ ਦੀਆਂ ਕੰਧਾਂ ਟੁੱਟਣ ਅਤੇ ਉੱਥੋਂ ਸਾਮਾਨ ਚੋਰੀ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਜੋ ਕਿ ਗਿਆਨੀ ਜ਼ੈਲ ਸਿੰਘ ਦੇ ਪੋਤਰੇ ਵੀ ਹਨ, ਨੇ ਕਿਹਾ ਕਿ ਗਿਆਨੀ ਜੀ ਦੀ ਬੈਰਕ ਵਿੱਚੋਂ ਸਾਮਾਨ ਚੋਰੀ ਹੋਣਾ ਬੇਹੱਦ ਮੰਦਭਾਗੀ ਘਟਨਾ ਹੈ ਅਤੇ ਉਹ ਇਸ ਬਾਰੇ ਤੁਰੰਤ ਬਾਬਾ ਫਰੀਦ ਯੂਨੀਵਰਸਿਟੀ ਤੋਂ ਰਿਪੋਰਟ ਮੰਗਣਗੇ ਅਤੇ ਕੋਸ਼ਿਸ਼ ਕਰਨਗੇ ਕਿ ਗਾਇਬ ਹੋਈਆਂ ਯਾਦਗਾਰੀ ਵਸਤਾਂ ਨੂੰ ਲੱਭਿਆ ਜਾ ਸਕੇ।

## ਨਫ਼ਰਤ ਫੈਲਾਉਣ ਵਾਲੀ ਪੋਸਟ ’ਚ ਭਾਜਪਾ ਦੇ 8 ਆਗੂਆਂ ਨੂੰ ਨੋਟਿਸ

**ਰਾਏਪੁਰ–**ਰਾਏਪੁਰ ਜ਼ਿਲੇ ਦੇ ਐੱਸ. ਐੱਸ. ਪੀ. ਪ੍ਰਸ਼ਾਂਤ ਅਗਰਵਾਲ ਨੇ ਦੱਸਿਆ ਕਿ ਛੱਤੀਸਗੜ੍ਹ ’ਚ ਰਾਏਪੁਰ ਜ਼ਿਲ੍ਹੇ ਦੀ ਪੁਲਸ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਨਫ਼ਰਤ ਫੈਲਾਉਣ ਵਾਲੀ ਸਮੱਗਰੀ ਪੋਸਟ ਕਰਨ ਦੇ ਦੋਸ਼ ’ਚ ਭਾਜਪਾ ਦੇ ਸੂਬਾ ਬੁਲਾਰੇ ਸਮੇਤ 8 ਆਗੂਆਂ ਨੂੰ ਨੋਟਿਸ ਜਾਰੀ ਕੀਤਾ ਹੈ। ਅਗਰਵਾਲ ਨੇ ਦੱਸਿਆ ਕਿ ਆਗੂਆਂ ਨੂੰ ਪੋਸਟ ਦੇ ਸਬੰਧ ’ਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਐੱਸਐੱਸਪੀ ਅਗਰਵਾਲ ਨੇ ਦੱਸਿਆ ਕਿ ਪੁਲਸ ਨੇ ਭਾਜਪਾ ਦੇ ਸੂਬਾ ਆਈ. ਟੀ. ਸੈੱਲ ਇੰਚਾਰਜ ਸੁਨੀਲ ਐੱਸ। ਪਿੱਲਈ, ਸੂਬਾਈ ਬੁਲਾਰੇ ਸੰਜੇ ਸ੍ਰੀਵਾਸਤਵ, ਖਜ਼ਾਨਚੀ ਨੰਦਨ ਜੈਨ, ਭਾਜਪਾ ਵਪਾਰ ਸੈੱਲ ਦੇ ਪ੍ਰਧਾਨ ਕੇਦਾਰਨਾਥ ਗੁਪਤਾ, ਭਾਜਪਾ ਯੁਵਾ ਮੋਰਚਾ ਮੰਡਲ ਪ੍ਰਧਾਨ ਯੋਗੀ ਸਾਹੂ, ਯੁਵਾ ਮੋਰਚਾ ਵਿਭਾਗ ਦੇ ਕੋਆਰਡੀਨੇਟਰ ਕਮਲ ਸ਼ਰਮਾ, ਡੀ ਡੀ ਨਗਰ ਯੁਵਾ ਮੋਰਚਾ ਦੇ ਪ੍ਰਧਾਨ ਸ਼ੁਭੰਕਰ ਅਤੇ ਭਾਜਪਾ ਵਰਕਰ ਬਿੱਟੂ ਪਾਣਿਗ੍ਰਹੀ ਨੂੰ ਨਫ਼ਰਤ ਫੈਲਾਉਣ ਵਾਲੀ ਸਮੱਗਰੀ ਪੋਸਟ ਕਰਨ ਦੇ ਮਾਮਲੇ ’ਚ ਨੋਟਿਸ ਜਾਰੀ ਕੀਤਾ ਹੈ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ 12 ਅਪ੍ਰੈਲ ਨੂੰ ਛੱਤੀਸਗੜ੍ਹ ਸੂਬਾ ਕਾਂਗਰਸ ਕਮੇਟੀ ਦੇ ਆਗੂਆਂ ਨੇ ਰਾਏਪੁਰ ਜ਼ਿਲ੍ਹੇ ’ਚ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਕਿ ਭਾਜਪਾ ਆਗੂਆਂ ਨੇ ਬੀਰਨਪੁਰ ਹਿੰਸਾ ਨਾਲ ਸਬੰਧਤ ਪੋਸਟ ਕੀਤੀ ਸੀ, ਜਿਸ ’ਚ ਉਨ੍ਹਾਂ ਨੇ ਮੁੱਖ ਮੰਤਰੀ ਭੁਪੇਸ਼ ਬਘੇਲ ਖਿਲਾਫ–‘ਭੁਪੇਸ਼ ਦਾ ਜਿਹਾਦਗੜ੍ਹ’, ‘ਤਾਲਿਬਾਨੀ ਰੁਕੂਮਤ’ ਅਤੇ ਇਸ ਤਰ੍ਹਾਂ ਹੋਰ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕੀਤੀ ਸੀ। ਅਗਰਵਾਲ ਨੇ ਦੱਸਿਆ ਕਿ ਆਗੂਆਂ ਨੂੰ ਪੋਸਟ ਦੇ ਸਬੰਧ ’ਚ ਪੇਸ਼ ਹੋਣ ਲਈ ਕਿਹਾ ਗਿਆ ਹੈ।

# ਉਸਾਰੂ ਭਾਵਨਾ ਹਵਾਵਾਂ ਦੀ ਦਿਸ਼ਾ ਬਦਲਣ ਦੀ ਸ਼ਕਤੀ ਹੈ!




ਉਦੇਸ਼ ਭਰੀ ਸੋਚ ਅਤੇ ਅਗਾਂਹ-ਵਧੂ ਸਮਾਜ ਸਿਰਜਣ ਦੀ ਇੱਛਾ ਸਮਾਜ ਦੇ ਦੁੱਖ-ਸੁੱਖ ਵਿੱਚ ਹਿੱਸਾ ਬਰਦਾਰ ਹੋਣ ਦੀ ਚਾਹਿਤ ਪੈਦਾ ਕਰਦੀ ਹੈ। ਹਰੇਕ ਮਨੁੱਖ ਦਾ ਵਿਸ਼ਵਾਸ ਬੱਝਣਾ ਚਾਹੀਦਾ ਹੈ ਕਿ ਉਹ ਸਮਾਜ ਦੀ ਖ਼ੁਸ਼ਹਾਲੀ ਲਈ ਆਪਣਾ ਯੋਗਦਾਨ ਪਾ ਸਕਦਾ ਹੈ।

ਆਜ਼ਾਦੀ-ਏ-ਹਿੰਦੋਸਤਾਨ ਜਾਂ ਧਰਤੀ ਉੱਤੇ ਵੱਸਦੇ ਜਿਸ ਵੀ ਦੇਸ਼ ਨੇ ਆਜ਼ਾਦੀ ਲਈ ਸੰਘਰਸ਼ ਕੀਤਾ, ਉੱਥੋਂ ਦੇ ਆਜ਼ਾਦੀ ਸੂਰਮਿਆਂ ਨੇ ਇਤਿਹਾਸ ਦੇ ਪੰਨਿਆਂ ਉੱਤੇ ਰਹਿੰਦੀ ਦੁਨੀਆਂ ਤੱਕ ਰਹਿਣਾ ਹੈ।

ਬਰਤਾਨਵੀ ਬੱਸਤੀਵਾਦੀਆਂ ਨੇ ਸਾਰੀ ਦੁਨੀਆਂ ਉੱਤੇ ਰਾਜ ਕੀਤਾ, ਇਤਿਹਾਸ ਦੇ ਪੰਨਿਆਂ ਉੱਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਰਾਜ ਕਾਲ ਵਿੱਚ ਸੂਰਜ ਛੁੱਪਦਾ ਨਹੀਂ ਸੀ ਭਾਵ ਇੱਕ ਥਾਂ ਸੂਰਜ ਛੁੱਪਦਾ ਸੀ ਅਤੇ ਦੂਜੀ ਥਾਂ ਸੂਰਜ ਉਦੇ ਹੁੰਦਾ ਸੀ। ਹਿੰਦੋਸਤਾਨੀ ਇਨ-ਕਲਾਬੀਆਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾ ਆਪਣਾ ਤਨ-ਮੰਨ -ਧੰਨ ਨਿਸ਼ਾਵਰ ਕਰਕੇ ਮਾਂ-ਭੂਮੀ ਦਾ ਰਿਣ ਚੁਕਾਉਣ ਲਈ ਆਜ਼ਾਦੀ ਦੇ ਹਵਨ-ਕੁੰਡ ਪ੍ਰਚੰਡ ਨੂੰ ਕੀਤਾ ਸੀ । ਸ਼ਹੀਦਾਂ ਦੀ ਮਾਲਾ ਦੇ ਮਣਕੇ ਬਣੇ ਅਤੇ ਹੱਕ ਸੱਚ ਲਈ ਕੁਰਬਾਨੀ ਦੀ ਪਾਲ ਵੱਡੀ ਕੀਤੀ।

ਮਨੁੱਖ ਨੂੰ ਹਰ ਸਮੇਂ ਸਮਾਜ ਦੀ ਬੇਹਤਰੀ ਲਈ ਸੋਚਣਾ ਚਾਹੀਦਾ ਹੈ । ਸੰਗਰਾਮੀਆਂ ਅਤੇ ਸ਼ਹੀਦਾਂ ਨੂੰ ਸਦਾ ਯਾਦ ਰੱਖਕੇ ਮਾਣਮੱਤੇ ਵਿਰਸੇ ਵਾਰੇ ਅਗਲੀ ਪੀੜ੍ਹੀ ਨੂੰ ਜਾਣਕਾਰੀ ਪ੍ਰਦਾਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਹ ਸਿਲਸਿਲਾ ਕਿਰਤੀ ਦੀ ਅਗਵਾਈ ਵਾਲੇ ਰਾਜ ਦੀ ਉਸਾਰੀ ਅਤੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖਤਮ ਹੋਣ ਤੱਕ ਚੱਲਦਾ ਰਹਿਣਾ ਚਾਹੀਦਾ ਹੈ।

“ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ ਯੇਹ ਹੀ ਬਾਕੀ ਨਿਸ਼ਾਂ ਹੋਗਾ"

92 ਸਾਲ ਪਹਿਲਾਂ 23 ਮਾਰਚ 1931 ਨੂੰ ਸ ਭਗਤ ਸਿੰਘ , ਸ ਰਾਜਗੁਰੂ ਅਤੇ ਸ। ਸੁਖਦੇਵ ਨੂੰ ਬਰਤਾਨਵੀ ਸਾਮਰਾਜ ਨੇ ਲਹੌਰ ਜੇਲ੍ਹ ਵਿੱਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦਾ ਕਸੂਰ ਕੀ ਸੀ ਕਿ ਉਹ ਆਪਣੀ ਮਾਤ-ਭੂਮੀ ਨੂੰ ਆਜ਼ਾਦ ਦੇਖਣਾ ਚਾਹੁੰਦੇ ਸਨ ਅਤੇ ਬੱਸਤੀਵਾਦੀਆਂ ਨੂੰ ਹਿੰਦੋਸਤਾਨ ਤੋਂ ਚਲੇ ਜਾਣ ਨੂੰ ਕਹਿੰਦੇ ਸਨ। ਸ਼ਹੀਦ ਕਦੀ ਵੀ ਮਰਦੇ ਨਹੀਂ, ਸਗੋਂ ਸਦਾ ਜੀਉਂਦੇ ਰਹਿੰਦੇ ਹਨ। ਬਹਾਦਰ ਆਦਮੀ ਸਦਾ ਜੀਉਂਦੇ ਰਹਿੰਦੇ ਹਨ। ਅਮਰ ਸ਼ਹੀਦਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੇ ਸੁਪਨਿਆਂ ਦੇ ਰਹਿ ਗਏ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਯੋਗਦਾਨ ਪਾਉਣਾ ਸੱਚੀ ਸ਼ਰਧਾਂਜਲੀ ਹੋਵੇਗੀ । ਅਸੀਂ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ।

**ਵੱਲੋਂ– ਇੰਡੋ–ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ**
**ਮਨਮੋਹਨ ਪੂਨੀ (ਨਿਊਯਾਰਕ)**

# ਇੰਡੋ–ਅਮੈਰੀਕਨ ਹੈਰੀਟੇਜ ਫਾਊਡੇਸ਼ਨ ਨਿਊਯਾਰਕ ਮਨਮੋਹਨ ਪੂਨੀ (ਨਿਊਯਾਰਕ)

ਹਿੰਦੋਸਤਾਨ ਸਮੇਤ ਪੰਜਾਬ ਵਿੱਚ ਵਿਸਾਖੀ ਦਾ ਦਿਨ ਸਦੀਆਂ ਤੋਂ ਮਨਾਇਆ ਜਾਂਦਾ ਹੈ ਅਤੇ ਇਹ ਬਜ਼ੁਰਗਾਂ ਦੀ ਪਾਈ ਹੋਈ ਪਿਰਤ ਅੱਜ ਵੀ ਚੱਲ ਰਹੀ ਹੈ । ਪਹਿਲੇ ਸਮਿਆਂ ਵੱਲ ਧਿਆਨ ਫੇਰੀਏ ਕਿ ਦੇਸ਼ ਬਦੇਸ਼ ਵਿੱਚ ਜਦੋਂ ਕਿਸਾਨ ਅਤੇ ਖੇਤ ਮਜ਼ਦੂਰ ਫਸਲ ਨੂੰ ਸਾਂਭ ਸਮੇਟ ਕੇ ਵਿਹਲੇ ਹੁੰਦੇ ਸਨ ਤਾਂ ਅਗਲੀ ਫਸਲ ਬੀਜਣ ਲਈ ਸਮਾਂ ( ਵਕਫ਼ਾ ) ਪਾਇਆ ਜਾਂਦਾ ਸੀ । ਰਾਜ਼ੀ ਖ਼ੁਸ਼ੀ ਫਸਲਾਂ ਦਾ ਘਰ ਪਹੁੰਚਣਾ , ਵਿਹਲ ਦਾ ਲੁੱਤਫ ਲੈਣ ਲਈ ਅਤੇ ਇੱਕ ਤੋਂ ਵੱਧ ਮਿੱਤਰਾਂ ਨੂੰ ਦੇਰ ਬਾਅਦ ਮਿਲਣ ਲਈ ਇੱਕ ਤਿਉਹਾਰ (ਮੇਲੇ) ਦੀ ਸਿਰਜਣਾ ਹੋਈ । ਪੰਜਾਬ ਵਿੱਚ ਇੱਕ ਤੋਂ ਵੱਧ ਮੇਲੇ ਲੱਗਦੇ ਹਨ ਪਰ ਵਿਸਾਖੀ ਦੀ ਵਿਲੱਖਣਤਾ ਇਸ ਕਰਕੇ ਵੀ ਹੈ ਕਿਉਂਕਿ ਸਿੱਖ ਪੰਥ ਵਿੱਚ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ 13 ਵਿਸਾਖ 1699 ਵਾਲੇ ਦਿਨ ਪੰਜ ਪਿਆਰੇ ਸਾਜ ਕੇ ਖ਼ਾਲਸਾ ਰੂਪਾਂਤਰ ਕੀਤਾ ਦੂਜਾ ਪੰਜਾਬ ਦੇ ਅੱਣਖੀ ਕ੍ਰਾਂਤੀਕਾਰੀਆਂ ਵੱਲੋਂ ਰੌਲਟ ਐਕਟ ਵਿਰੁੱਧ ਕੀਤੇ ਸ਼ਾਂਤਮਈ ਇਕੱਠ ਉੱਤੇ ਕਾਇਰ ਬਰਤਾਨਵੀ ਸਾਮਰਾਜੀਆਂ ਨੇ ਗੋਲੀਆਂ ਦੀ ਬੁਛਾੜ ਕਰਦਿਆਂ ਜੱਲ੍ਹਿਆਂਵਾਲਾ ਦਾ ਖ਼ੂਨੀ ਸਾਕਾ ਕੀਤਾ ਜਿਸ ਵਿੱਚ ਸੈਂਕੜੇ ਨਿਹੱਥੇ ਮੁਜ਼ਾਹਰਾਕਾਰੀ ਸ਼ਹੀਦ ਹੋ ਗਏ ਅਤੇ ਹਜ਼ਾਰਾਂ ਬੇਦੋਸ਼ਿਆਂ ਦਾ ਖ਼ੂਨ ਡੁੱਲਿਆ।

ਅੱਜ ਦਾ ਸਮਾਂ ਦੇਸ਼ ਬਦੇਸ਼ ‘ਚ ਵੱਸਦੇ ਹਿੰਦੋਸਤਾਨੀਆਂ ਅਤੇ ਪੰਜਾਬੀਆਂ ਨੂੰ ਬੀਤੇ ਦੀ ਯਾਦ ਕਰਾਉਂਦਾ ਹੈ ਅਤੇ ਸਵਾਲ ਪਾਉਂਦਾ ਹੈ ਕਿ ਗੁਰੂ ਸਾਹਿਬ ਵੱਲੋਂ ਪੰਜ ਪਿਆਰਿਆਂ ਨੂੰ ਜਿਸ ਕਰਕੇ ਸਾਜਿਆ ਸੀ ਅਤੇ ਜੱਲ੍ਹਿਆਂਵਾਲਾ ਬਾਗ਼ ਦੇ ਸਾਕੇ ਦਾ ਵਿੱਢਿਆ ਹੋਇਆ ਉਦੇਸ਼ ਪੂਰਾ ਹੋ ਗਿਆ ਹੈ? ਜੇਕਰ ਅਸੀਂ ਸਾਰੇ ਸੱਚ ਵੱਲ ਝਾਤ ਮਾਰਦੇ ਹੋਏ ਆਪਣੇ ਦਿਲ ਦਿਮਾਗ਼ ਦਾ ਨਜ਼ਰੀਆ ਦੇਖਾਂਗੇ ਤਾਂ ਸੌ ਪ੍ਰਤੀਸ਼ਤ ਸਭ ਕੁਝ ਅਧੂਰਾ ਲੱਗੇਗਾ। ਇਸ ਅਧੂਰਾਪਣ ਨੂੰ ਦੂਰ ਕੀਤਾ ਜਾ ਸਕਦਾ ਹੈ।

ਸਾਹਿਬ -ਏ-ਕਮਾਲ ਸਰਬੰਸ-ਦਾਨੀ ਨੇ ਜਾਤ-ਪਾਤ ਅਤੇ ਊਚ-ਨੀਚ ਦੇ ਮੰਨੂਵਾਦੀ ਚਿੱਕੜ ਨੂੰ ਸਮਾਜ ਵਿੱਚੋਂ ਦੂਰ ਕਰਨ ਲਈ ਕਿਰਤੀ ਵਰਗ ਦੇ ਸਿਰਲੱਥਾਂ ਨੂੰ ਪੰਜ ਪਿਆਰੇ ਸਾਜਦੇ ਹੋਏ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਉਨ੍ਹਾਂ ਕੋਲ਼ੋਂ ਆਪ ਛੱਕਿਆਂ। ਚਾਲਬਾਜ਼ਾਂ ਦੀਆਂ ਚਾਲਾਂ ਨੂੰ ਤਲਾਂਜ਼ਲੀ ਅਤੇ ਮਨੁੱਖ ਦੀਆਂ ਮਨੁੱਖ ਤੋਂ ਦੂਰੀਆਂ ਮਿਟਾਉਣ ਦੇ ਯਤਨ ਕੀਤੇ ਸਨ। ਜਿਵੇਂ ਹਿੰਦੋਸਤਾਨ ਦੇ ਅਗਾਂਹ-ਵਧੂ ਦੇਸ਼ ਹਿਤੈਸ਼ੀਆਂ ਨੇ ਅੰਗਰੇਜ਼ ਸਾਮਰਾਜ ਨੂੰ ਦੇਸ਼ ਚੋਂ ਕੱਢਕੇ ਆਪ ਰਾਜ ਕਰਨ ਦੀ ਠਾਣੀ ਹੋਈ ਸੀ । ਦੋਵੇਂ ਉਦੇਸ਼ ਅਧੂਰੇ ਹਨ ਜਿੰਨਾ ਨੂੰ ਪੂਰੇ ਕਰਨ ਲਈ ਕਿਸਾਨ , ਮਜ਼ਦੂਰ , ਮੁਲਾਜ਼ਮ ਅਤੇ ਸਧਾਰਨ ਜਨ ਨੂੰ ਇਕੱਠੇ ਹੋ ਕੇ “ਏਕੇ“ ਦਾ ਪਲੇਟ ਫ਼ਾਰਮ ਬਣਾਉਣਾ ਚਾਹੀਦਾ ਹੈ ਅਤੇ ਪਲੇਟ ਫ਼ਾਰਮ ਤੋਂ “ਮਰਨ ਨਾਲ਼ੋਂ ਜਿਉਣਾਂ ਜ਼ਰੂਰੀ“ ਦਾ ਨਾਹਰਾ ਬੁਲੰਦ ਕਰਨਾ ਚਾਹੀਦਾ ਹੈ।

“ਦੇਸ਼ ਲਈ ਮਰਨਾ ਓਨਾ ਔਖਾ ਨਹੀਂ , ਜਿੰਨਾ ਦੇਸ਼ ਲਈ ਜੀਉਣਾ“

**( ਸੰਤ ਰਾਮ ਬੀਏ)**

ਵਿਸਾਖੀ ਦੇ ਇਤਿਹਾਸਿਕ ਦਿਨ ਦੀ ਸਾਰਿਆਂ ਨੂੰ ਵਧਾਈ ਹੋਵੇ ਅਤੇ ਦੇਸ਼ ਦੀ ਆਜ਼ਾਦੀ ਲਈ ਜੱਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦੇ ਸ਼ਹੀਦਾਂ ਅਤੇ ਸੰਗਰਾਮੀਆਂ ਨੂੰ ਸਲਾਮ!

**ਵੱਲੋਂ– ਇੰਡੋ–ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ**
**ਮਨਮੋਹਨ ਪੂਨੀ (ਨਿਊਯਾਰਕ)**

# ਬਸਪਾ ਆਗੂਆਂ ਨੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਸੰਵਿਧਾਨ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਵਸ

**ਫਗਵਾੜਾ 15 ਅਪ੍ਰੈਲ (ਬੀ.ਕੇ.ਰੱਤੂ)** ਬਹੁਜਨ ਸਮਾਜ ਪਾਰਟੀ ਵਿਧਾਨਸਭਾ ਹਲਕਾ ਫਗਵਾੜਾ ਦੀ ਤਰਫੋਂ ਸੰਵਿਧਾਨ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਵਸ ਹਲਕਾ ਪ੍ਰਧਾਨ ਚਿਰੰਜੀ ਲਾਲ ਕਾਲਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਇਸ ਦੌਰਾਨ ਅੱਜ ਸਵੇਰੇ ਡਾ: ਬੀ.ਆਰ. ਅੰਬੇਡਕਰ ਪਾਰਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਸਥਾਪਿਤ ਡਾ: ਅੰਬੇਡਕਰ ਦੇ ਬੁੱਤ 'ਤੇ ਫੁੱਲ ਮਾਲਾਵਾਂ ਪਾ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਦੌਰਾਨ ਬਸਪਾ ਪੰਜਾਬ ਦੇ ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ ਅਤੇ ਲੇਖਰਾਜ ਜਮਾਲਪੁਰ ਨੇ ਬਾਬਾ ਸਾਹਿਬ ਦੇ ਜਨਮ ਦਿਵਸ 'ਤੇ ਸਭ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ, ਔਰਤਾਂ ਦੇ ਮੁਕਤੀਦਾਤਾ ਵਿਸ਼ਵਰਤਨ ਬਾਬਾ ਸਾਹਿਬ ਨੇ ਸਦੀਆਂ ਤੋਂ ਦਬਾਏ ਗਏ ਸਮਾਜ ਨੂੰ ਆਜਾਦ ਭਾਰਤ ਦੇ ਸੰਵਿਧਾਨ ਵਿੱਚ ਬਰਾਬਰਤਾ ਦਾ ਅਧਿਕਾਰ ਲੈ ਕੇ ਦਿੱਤਾ ਜਿਸਦੇ ਲਈ ਸਮੁੱਚਾ ਸਮਾਜ ਉਹਨਾਂ ਦਾ ਰਿਣੀ ਹੈ। ਉਨ੍ਹਾਂ ਕਿਹਾ ਕਿ



ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਨ੍ਹਾਂ ਦੀ ਵਿਚਾਰਧਾਰਾ ਘਰੋਂ-ਘਰੀਂ ਲੋਕਾਂ ਤੱਕ ਪਹੁੰਚਾਉਣਾ ਬਹੁਤ ਜ਼ਰੂਰੀ ਹੈ। ਚਿਰੰਜੀ ਲਾਲ ਕਾਲਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ: ਅੰਬੇਡਕਰ ਦੀ ਵਿਚਾਰਧਾਰਾ ਨੂੰ ਅਪਣਾ ਕੇ ਹੀ ਦੇਸ਼ ਨੂੰ ਤਰੱਕੀ ਅਤੇ ਖੁਸ਼ਹਾਲੀ ਵੱਲ ਲਿਜਾਇਆ ਜਾ ਸਕਦਾ ਹੈ। ਉਨ੍ਹਾਂ ਸਮੂਹ ਬਸਪਾ ਵਰਕਰਾਂ ਅਤੇ ਸਮਰਥਕਾਂ ਨੂੰ ਬਾਬਾ ਸਾਹਿਬ ਦੇ ਮਿਸ਼ਨ ਦੀ ਪੂਰਤੀ ਲਈ ਦਿਨ ਰਾਤ ਮਿਹਨਤ ਕਰਨ ਦਾ ਸੱਦਾ ਵੀ ਦਿੱਤਾ। ਇਸ ਦੌਰਾਨ ਡਾ: ਅੰਬੇਡਕਰ ਦੇ ਜਨਮ ਦਿਵਸ ਦੀ ਖੁਸ਼ੀ 'ਚ ਲੱਡੂ ਵੀ ਵੰਡੇ ਗਏ। ਇਸ ਮੌਕੇ ਅਮਰਜੀਤ ਖੁੱਤਣ, ਰਾਮਮੂਰਤੀ ਖੇੜਾ, ਸੁਰਜੀਤ ਭੁੱਲਾਰਾਈ, ਪਰਮਜੀਤ ਖਲਵਾੜਾ, ਗੋਰਾ ਬੰਗੜ, ਰਤਨ ਕੈਲੇ, ਨਰਿੰਦਰ ਗੁਲਾਬਗੜ੍ਹ, ਹੈਪੀ ਕੌਲ, ਜਸਵੀਰ ਸਰੋਏ, ਵਿਜੇ ਪੀਪਾਰੰਗੀ, ਮਨੋਜ ਚਾਚੋਕੀ, ਮੇਜਰ ਰਾਮ, ਸੋਨੂੰ ਚਾਚੋਕੀ, ਕਮਲ ਲੱਖਪੁਰ, ਕੁਲਵਿੰਦਰ ਕਿੰਦਾ, ਜਸਵੀਰ ਬੰਗਾ, ਕੁਲਦੀਪ ਕੁਮਾਰ ਆਦਿ ਹਾਜ਼ਰ ਸਨ।

# ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਨ ਪ੍ਰਸਪਿੰਦਰ ਕੌਰ ਅਠੋਲੀ ਦੀ ਅਗਵਾਈ 'ਚ ਮਨਾਇਆ

**ਫਗਵਾੜਾ 15 ਅਪ੍ਰੈਲ (ਬੀ.ਕੇ.ਰੱਤੂ)** ਭਾਰਤੀ ਸੰਵਿਧਾਨ ਦੇ ਨਿਰਮਾਤਾ, ਨਾਰੀ ਜਾਤੀ ਦੇ ਮੁਕਤੀਦਾਤਾ, ਵਿਸ਼ਵ ਰਤਨ ਬਾਬਾ



ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 132ਵਾ ਜਨਮਦਿਨ ਪਿੰਡ ਅਠੋਲੀ ਵਿਖੇ ਮੈਡਮ ਪ੍ਰਸਪਿੰਦਰ ਕੌਰ ਇੰਚਾਰਜ ਬਸਪਾ ਮਹਿਲਾ ਵਿੰਗ ਦੀ ਅਗਵਾਈ ਹੇਠ ਬੜੀ ਹੀ ਸਰਧਾ ਭਾਵਨਾ ਨਾਲ ਮਨਾਇਆ ਗਿਆ ਅਤੇ ਨੌਜਵਾਨਾਂ ਅਤੇ ਸਮੂਹ ਨਗਰ ਨਿਵਾਸੀਆ ਵੱਲੋ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀ ਖੁਸ਼ੀ 'ਚ ਕੇਕ ਕੱਟਿਆ।

ਇਸ ਮੌਕੇ ਪ੍ਰਸਪਿੰਦਰ ਕੌਰ ਅਠੋਲੀ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਜੀ ਦੇ ਮਿਸ਼ਨ ਤੇ ਵਿਚਾਰਧਾਰਾ ਨੂੰ ਜਨ ਜਨ ਤੱਕ ਲੈ ਕੇ ਜਾਣਾ ਚਾਹੀਦਾ ਹੈ ਤਾਂ ਜੋ ਬਾਬਾ ਸਾਹਿਬ ਜੀ ਦੇ ਸੁਪਨਿਆਂ ਦੇ ਭਾਰਤ ਦੀ ਸਿਰਜਣਾ ਹੋ ਸਕੇ। ਇਸ ਮੌਕੇ ਨੌਜਵਾਨ ਆਗੂ ਹਨੀ ਅਠੋਲੀ, ਰਾਕੇਸ਼ ਕੁਮਾਰ, ਪਰਮਜੀਤ ਨਿਗਾਹ, ਸੁਰਜੀਤ ਨਿਗਾਹ, ਹਿਤੇਸ਼ ਨਿਗਾਹ, ਲਵਪ੍ਰੀਤ ਨਿਗਾਹ, ਲਖਵਿੰਦਰ ਰਾਮ, ਬਲਵਿੰਦਰ ਨਿਗਾਹ, ਮੰਗਤ ਰਾਮ, ਸੁਨੀਲ ਨਿਗਾਹ ਤੋਂ ਇਲਾਵਾ ਬੀਬੀਆਂ ਨੇ ਵੀ ਵੱਧ ਤੋਂ ਵੱਧ ਹਿੱਸਾ ਲਿਆ। ਜਿਸ ਵਿਚ ਪ੍ਰਸਪਿੰਦਰ ਕੌਰ, ਗੁਰਬਕਸ਼ ਕੌਰ, ਰਾਜਿੰਦਰ, ਸਰਬਜੀਤ, ਜਗਦੀਸ਼ ਕੌਰ, ਸੋਮਾ ਰਾਣੀ, ਸੁੱਖਵਿੰਦਰ ਕੌਰ ਹਾਜ਼ਰ ਸਨ।

# ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕੋਠੀ ਪੰਡਿਤਾਂ ਅੰਦਰ ਨਗਰ ਵਣ ਦਾ ਕੀਤਾ ਉਦਘਾਟਨ

**ਪਠਾਨਕੋਟ, 15 ਅਪ੍ਰੈਲ (ਰਾਜਿੰਦਰ ਸਿੰਘ ਰਾਜਨ)** ਸਭ ਤੋਂ ਪਹਿਲਾ ਜਿਲ੍ਹਾ ਪਠਾਨਕੋਟ ਦੇ ਨਿਵਾਸੀਆਂ ਨੂੰ ਹਾਰਦਿਕ ਸੁਭਕਾਮਨਾਵਾਂ ਦਿੰਦਾ ਹਾਂ ਕਿ ਅੱਜ ਜਿਲ੍ਹਾ ਪਠਾਨਕੋਟ ਨੂੰ ਬਹੁਤ ਹੀ ਖੂਬਸੂਰਤ ਨਗਰ ਵਣ ਜੋ ਕਿ ਪਿੰਡ ਕੋਠੀ ਪੰਡਿਤਾਂ ਅੰਦਰ ਸਥਿਤ ਹੈ ਨੂੰ ਸਮਰਪਿਤ ਕੀਤਾ ਗਿਆ ਹੈ ਜਨਤਾ ਨੂੰ ਸਮਰਪਿਤ ਇਹ ਨਗਰ ਵਣ ਲੋਕਾਂ ਦੀ ਸਿਹਤ ਲਈ ਬਹੁਤ ਲਾਹੇਮੰਦ ਸਿੱਧ ਹੋਵੇਗਾ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਜਿਲ੍ਹਾ ਪਠਾਨਕੋਟ ਦੇ ਨਾਲ ਲਗਦੇ ਪਿੰਡ ਕੋਠੀ ਪੰਡਿਤਾਂ ਅੰਦਰ ਸਥਿਤ ਜੰਗਲਾਤ ਵਿਭਾਗ ਦੇ ਨਗਰ ਵਣ ਦਾ ਉਦਘਾਟਣ ਕਰਨ ਮਗਰੋਂ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਵਿਜੈ ਕੁਮਾਰ ਕਟਾਰੂਚੱਕ ਜਿਲ੍ਹਾ ਮੀਡਿਆ ਕੋਆਰਡੀਨੇਟਰ ਪਠਾਨਕੋਟ, ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਜੰਗਲਾਤ, ਉੱਤਰੀ ਸਰਕਲ ਦੇ





ਕਨਜ਼ਰਵੇਟਰ ਸੰਜੀਵ ਤਿਵਾੜੀ , ਵਣ ਮੰਡਲ ਅਫਸਰ ਧਰਮਵੀਰ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਕਰਮਚਾਰੀ ਹਾਜਰ ਸਨ। ਜਿਕਰਯੋਗ ਹੈ ਕਿ ਅੱਜ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪਠਾਨਕੋਟ ਵਿੱਚ ਦੋ ਅਹਿਮ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਜਿਸ ਵਿੱਚ ਕੋਠੀ ਪੰਡਿਤਾਂ ਅੰਦਰ ਨਗਰ ਵਣ ਦਾ ਉਦਘਾਟਨ ਕੀਤਾ ਅਤੇ ਸੇਰੀਕਲਚਰ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ ਗਿਆ।

ਇਸ ਮੌਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਦਾ ਜੀਵਨ ਵਿਅਕਤੀ ਦਾ ਬਹੁਤ ਹੀ ਪ੍ਰੇਸਾਨੀਆਂ ਨਾਲ ਭਰਿਆ ਹੈ ਅਗਰ ਅਸੀਂ ਸਰੀਰਿਕ ਤੋਰ ਤੇ ਤੰਦਰੁਸਤ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਅਪਨੀ ਸਿਹਤ ਪ੍ਰਤੀ ਜਾਗਰੁਕ ਰਹਿਣਾ ਪਵੇਗਾ। ਉਨ੍ਹਾਂ ਕਿਹਾ ਕਿ ਵਣ ਵਿਭਾਗ ਦੇ ਅਜਿਹੇ ਉਪਰਾਲੇ ਲੋਕਾਂ ਨੂੰ ਚੰਗੀ ਸਿਹਤ ਪ੍ਰਦਾਨ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪਿੰਡ ਕੋਠੀ ਪੰਡਿਤਾ ਵਿਖੇ 1.6 ਕਰੋੜ ਦੀ ਲਾਗਤ ਨਾਲ ਬਣਾਇਆ ਗਿਆ ਇਹ ਨਗਰ ਵਣ ਪਠਾਨਕੋਟ ਵਾਸੀਆਂ ਲਈ ਵਰਦਾਨ ਸਾਬਤ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਵਿੱਚ 5 ਕਿਲੋਮੀਟਰ ਟ੍ਰੈਕ ਜੋ ਕਿ ਪੂਰੀ ਤਰ੍ਹਾਂ ਨਾਲ ਕੁਦਰਤ ਦੀ ਸੈਰ ਦਾ ਅਨੰਦ ਦਿੰਦਾ ਹੈ, ਵਾਟਰ ਹੋਲ, ਲਾਅਨ, ਇੱਕ ਸਾਈਕਲ ਟਰੈਕ, ਕੰਟੀਨ, ਜਨਤਕ ਸਹੂਲਤਾਂ ਆਦਿ ਸਾਮਲ ਹਨ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਅੱਜ 3.74 ਕਰੋੜ ਦੀ ਲਾਗਤ ਵਾਲੇ ਸੇਰੀਕਲਚਰ ਪ੍ਰੋਜੈਕਟ ਦਾ ਵੀ ਨੀਂਹ ਪੱਥਰ ਰੱਖਿਆ ਗਿਆ ਹੈ, ਜਿਸ ਲਈ ਪੰਜਾਬ ਦੇ ਜੰਗਲਾਤ ਵਿਭਾਗ ਨੂੰ 27 ਫਰਵਰੀ 2023 ਨੂੰ ਕੇਂਦਰੀ ਸਿਲਕ ਬੋਰਡ ਬੰਗਲੋਰ ਤੋਂ ਮਨਜ਼ੂਰੀ ਮਿਲ ਗਈ ਹੈ ਤਾਂ ਜੋ ਪਠਾਨਕੋਟ ਵਿੱਚ ਸ਼ਹਿਤੂਤ ਦੇ ਬੂਟੇ ਦੀ ਸ਼ੁਰੂਆਤ ਨਾਲ ਪੰਜਾਬ ਦੇ ਇੱਕ ਸਮੇਂ ਦੇ ਹੋਨਹਾਰ ਉਦਯੋਗ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਵਿੱਚ ਬੁਨਿਆਦੀ ਢਾਂਚਾ, ਰੇਸ਼ਮ ਕੀੜੇ ਰੋਗ ਵਿਗਿਆਨ ਅਤੇ ਮਾਰਕੀਟਿੰਗ ਸਮੇਤ ਹੋਰ ਸਹੂਲਤਾਂ ਪ੍ਰਦਾਨ ਕੀਤਾ ਜਾਣਾ ਵੀ ਸਾਮਲ ਹੈ।

ਇਸ ਮੌਕੇ ਤੇ ਜੰਗਲਾਤ, ਉੱਤਰੀ ਸਰਕਲ ਦੇ ਕਨਜ਼ਰਵੇਟਰ ਸੰਜੀਵ ਤਿਵਾੜੀ ਨੇ ਦੱਸਿਆ ਕਿ ਵਿਭਾਗ ਵੱਲੋਂ ਪਠਾਨਕੋਟ ਜ਼ਿਲ੍ਹੇ ਦੇ ਨੀਮ ਪਹਾੜੀ ਖੇਤਰ ਧਾਰ ਬਲਾਕਾਂ ਦੇ 6 ਪਿੰਡਾਂ ਵਿੱਚ ਫੈਲੇ 125 ਏਕੜ ਰਕਬੇ ਵਿੱਚ ਤੂਤ ਦੀ ਬਿਜਾਈ ਕੀਤੀ ਗਈ ਹੈ। ਮਲਬੇਰੀ ਰੇਸ਼ਮ ਦੇ ਕੀੜਿਆਂ ਦਾ ਮੁੱਖ ਭੋਜਨ ਸਰੋਤ ਹੈ। ਪਠਾਨਕੋਟ ਦੇ ਧਾਰ ਬਲਾਕ ਦੇ ਅਧੀਨ ਆਉਂਦੇ ਪਿੰਡ ਦੁਰੰਗ ਖੱਡ, ਫੰਗਤੋਲੀ, ਭਾਦਣ, ਸਮਾਣੂ, ਜੁੰਗਥ ਅਤੇ ਭੱਬਰ ਆਦਿ ਰੇਸ਼ਮ ਦੀ ਖੇਤੀ ਲਈ ਸ਼ਨਾਖਤ ਕੀਤੇ ਗਏ ਹਨ। ਤਿਵਾੜੀ ਨੇ ਦੱਸਿਆ ਕਿ ਇਸ ਸਥਾਨ ਤੇ 37500 ਤੋਂ ਵੱਧ ਸ਼ਹਿਤੂਤ ਦੇ ਬੂਟੇ ਲਗਾਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 116 ਲਾਭਪਾਤਰੀਆਂ ਦੀ ਸ਼ਨਾਖਤ ਕੀਤੀ ਹੈ ਜਿਨ੍ਹਾਂ ਨੂੰ ਕਮਿਊਨਿਟੀ ਰਿਅਰਿੰਗ ਹਾਊਸ ਮੁਹੱਈਆ ਕਰਵਾਏ ਜਾਣਗੇ।

ਪਠਾਨਕੋਟ ਦੇ ਡਿਵੀਜ਼ਨਲ ਫਾਰੈਸਟ ਅਫਸਰ ਧਰਮਵੀਰ ਧੀਰੂ ਨੇ ਕਿਹਾ ਕਿ ਨਗਰ ਵਣ ਜਾਂ ਸਿਟੀ ਜੰਗਲ ਪਠਾਨਕੋਟ ਦੇ ਨਾਗਰਿਕਾਂ ਲਈ ਵਰਦਾਨ ਸਾਬਤ ਹੋਣਗੇ ਕਿਉਂਕਿ ਇਸ ਵਿੱਚ ਵਾਤਾਵਰਣ ਸੈਰ-ਸਪਾਟੇ ਦੀਆਂ ਸਾਰੀਆਂ ਸਹੂਲਤਾਂ ਮੌਜੂਦ ਹਨ। ਰੇਸ਼ਮ ਦੀ ਖੇਤੀ ਦੇ ਮਾਰਕੀਟਿੰਗ ਹਿੱਸੇ ਬਾਰੇ ਗੱਲ ਕਰਦਿਆਂ, ਡਾ: ਸੰਜੀਵ ਤਿਵਾੜੀ ਨੇ ਕਿਹਾ ਕਿ ਉਹ ਰੇਸ਼ਮ ਉਦਯੋਗ ਦੀ ਸਪਲਾਈ ਲੜੀ ਨੂੰ ਜੋੜਨ ਲਈ ਮੋਬਾਈਲ ਐਪਲੀਕੇਸ਼ਨਾਂ ਵਰਗੀਆਂ ਡਿਜੀਟਲ ਤਕਨੀਕ ਵੀ ਲਿਆਂਦੀ ਜਾਵੇਗੀ ਤਾਂ ਜੋ ਰੇਸ਼ਮ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦ ਲਈ ਵਧੀਆ ਕੀਮਤਾਂ ਮਿਲ ਸਕਣ ਅਤੇ ਕੋਕੂਨ ਅਤੇ ਪੋਸਟ ਕੋਕੂਨ ਸੈਕਟਰ ਦੀ ਗੁਣਵੱਤਾ ਨੂੰ ਯਕੀਨੀ ਬਣਾਇਆ ਜਾ ਸਕੇ।

ਜੰਗਲਾਤ ਮੰਤਰੀ ਨੇ ਕਿਹਾ ਕਿ ਇਹ ਬਿਲਕੁਲ ਨਵੇਂ ਪ੍ਰੋਜੈਕਟ ਹਨ ਅਤੇ ਪਠਾਨਕੋਟ ਵਿਖੇ ਵਾਤਾਵਰਣ ਸੈਰ-ਸਪਾਟੇ ਨੂੰ ਨਵਾਂ ਹੁਲਾਰਾ ਦੇਣ ਅਤੇ ਰੇਸ਼ਮ ਪਾਲਣ ਦੇ ਵਿਕਾਸ ਦੀ ਉਮੀਦ ਕਰਦੇ ਹਨ ਜਿੱਥੇ ਵਿਸ਼ਾਲ ਖਾਲੀ ਜੰਗਲੀ ਖੇਤਰਾਂ ਨੂੰ ਰੇਸ਼ਮ ਦੀ ਖੇਤੀ ਦੀਆਂ ਗਤੀਵਿਧੀਆਂ ਨਾਲ ਜੋੜਿਆ ਜਾ ਸਕਦਾ ਹੈ ਅਤੇ ਬੇਜ਼ਮੀਨੇ ਅਤੇ ਸੀਮਾਂਤ ਕਿਸਾਨਾਂ ਨੂੰ ਆਪਣੀ ਆਮਦਨ ਵਿੱਚ ਵਾਧਾ ਕਰਨ ਲਈ ਵਾਧੂ ਆਮਦਨ ਦਾ ਮੌਕਾ ਵੀ ਪੈਦਾ ਕੀਤਾ ਜਾ ਸਕਦਾ ਹੈ।

# ਨਵੇਂ ਵਿੱਦਿਅਕ ਸੈਸ਼ਨ ਅਤੇ ਦਾਖ਼ਲਾ ਮੁਹਿੰਮ ਨੂੰ ਲੈਕੇ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਬਲਾਕ ਧਾਰ-2 ਦੇ ਸਕੂਲ ਮੁਖੀਆਂ ਨਾਲ ਮੀਟਿੰਗ ਆਯੋਜਿਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)-** ਜ਼ਿਲ੍ਹਾ ਪਠਾਨਕੋਟ ਵਿੱਖੇ ਬੀਪੀਈਓ ਦਫ਼ਤਰ ਧਾਰ-1 ਵਿਖੇ ਬੀਪੀਈਓ ਸ੍ਰੀ ਰਾਕੇਸ਼ ਠਾਕੁਰ ਦੀ ਅਗਵਾਈ ਹੇਠ ਸਮੂਹ ਸਕੂਲ ਮੁਖੀਆਂ ਨਾਲ ਨਵੇਂ ਵਿੱਦਿਅਕ ਸੈਸ਼ਨ ਅਤੇ ਨਵੇਂ ਦਾਖ਼ਲੇ ਨੂੰ ਲੈਕੇ ਮੀਟਿੰਗ ਕੀਤੀ ਗਈ। ਜਿਸ ਵਿੱਚ ਜ਼ਿਲ੍ਹਾ ਦਾਖ਼ਲਾ ਕਮੇਟੀ ਚੇਅਰਮੈਨ ਕਮ ਜ਼ਿਲ੍ਹਾ




ਸਿੱਖਿਆ ਅਫ਼ਸਰ (ਐ ਸਿ) ਸ੍ਰੀਮਤੀ ਕਮਲਦੀਪ ਕੌਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ ਸਿ) ਸ੍ਰੀ ਡੀਜੀ ਸਿੰਘ ਨੇ ਮੁੱਖ ਤੌਰ ਤੇ ਸ਼ਾਮਿਲ ਹੋ ਕੇ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ। ਮੀਟਿੰਗ ਦੌਰਾਨ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਵਿਸਤਾਰ ਨਾਲ ਦਾਖ਼ਲਾ ਮੁਹਿੰਮ ਦੇ ਹਰ ਪੱਖ ਦਾ ਰਿਵਿਊ ਕੀਤਾ ਗਿਆ ਅਤੇ ਸਕੂਲ ਮੁਖੀਆਂ ਨੂੰ ਦਾਖ਼ਲ ਹੋਏ ਸਾਰੇ ਵਿਦਿਆਰਥੀਆਂ ਨੂੰ ਨਾਲ ਦੀ ਨਾਲ ਕਿਤਾਬਾਂ ਜਾਰੀ ਕਰਨ, ਸਕੂਲ ਨੂੰ ਸਾਫ਼ ਸੁਥਰਾ ਰੱਖਣ, ਮਿਡ ਡੇ ਮੀਲ ਮੀਨੂੰ ਅਨੁਸਾਰ ਬਣਾਉਣ ਅਤੇ ਸਮੁੱਚਾ ਰਿਕਾਰਡ ਵਿਭਾਗ ਦੇ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮ ਦਾਖ਼ਲਾ ਕਮੇਟੀ ਚੇਅਰਮੈਨ ਸ੍ਰੀਮਤੀ ਕਮਲਦੀਪ ਕੌਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਦੱਸਿਆ ਕਿ ਸਮੂਹ ਸਕੂਲ ਮੁਖੀਆਂ ਨਾਲ ਨਵੇਂ ਵਿੱਦਿਅਕ ਸੈਸ਼ਨ ਅਤੇ ਦਾਖ਼ਲਾ ਮੁਹਿੰਮ ਨੂੰ ਲੈਕੇ ਮੀਟਿੰਗ ਆਯੋਜਿਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਲਈ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ, ਜਿਸ ਵਿੱਚ ਸਿੱਖਿਆ ਅਧਿਕਾਰੀ, ਅਧਿਆਪਕ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਰਾਹੀਂ ਘਰ ਘਰ ਤੱਕ ਪਹੁੰਚ ਬਣਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਲਿਆਂਦਾ ਗਿਆ ਹੈ। ਇਸ ਸਾਲ ਦਾਖ਼ਲੇ ਦੇ 10 ਫੀਸਦੀ ਵਾਧੇ ਦੇ ਟੀਚੇ ਨੂੰ ਹਾਸਿਲ ਕਰਨ ਲਈ ਸਾਰੇ ਬਲਾਕਾਂ ਵਿੱਚ ਪੜਾਅਵਾਰ ਪ੍ਰੇਰਨਾਦਾਇਕ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਉਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿਦਿਆਰਥੀ ਸਮੇਂ ਦੇ ਹਾਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿਲਦੀਆਂ ਸਹੂਲਤਾਂ ਦੀ ਜਾਣਕਾਰੀ ਇਸ ਮੁਹਿੰਮ ਦੌਰਾਨ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਹੁਣ ਲੋਕ ਆਪਣੇ ਬੱਚਿਆਂ ਨੂੰ ਮੁੜ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ ਵਿਚ ਰੁਚੀ ਲੈ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਦਾਖਲੇ ਲਈ ਨੇੜੇ ਦੇ ਸਕੂਲ ਦੇ ਨਾਲ-ਨਾਲ ਹੁਣ ਆਨਲਾਈਨ ਪੋਰਟਲ ਤੇ ਵੀ ਰਜਿਸਟਰ ਕਰਵਾਇਆ ਜਾ ਸਕਦਾ ਹੈ।

ਬੀਪੀਈਓ ਸ੍ਰੀ ਰਾਕੇਸ਼ ਕੁਮਾਰ ਨੇ ਕਿਹਾ ਕਿ ਇਸ ਦਾਖ਼ਲਾ ਅਭਿਆਨ ਦੌਰਾਨ ਅਧਿਆਪਕ ਸਮਾਜ ਵਿੱਚ ਰਾਬਤਾ ਕਾਇਮ ਕਰਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਬਾਰੇ ਜਾਣਕਾਰੀ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਗਲੀ ਕਲਾਸ ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਮੁੜ ਸਰਕਾਰੀ ਸਕੂਲਾਂ ਵਿੱਚ ਦਾਖਲੇ ਦੇ ਨਾਲ-ਨਾਲ ਸਕੂਲਾਂ ਤੋਂ ਵਾਂਝੇ ਵਿਦਿਆਰਥੀਆਂ ਨੂੰ ਵੀ ਸਕੂਲਾਂ ਵਿਚ ਦਾਖਲ ਕੀਤਾ ਜਾ ਰਿਹਾ ਹੈ। ਇਸ ਮੌਕੇ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਕੋਆਰਡੀਨੇਟਰ ਵਨੀਤ ਮਹਾਜਨ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਸਮੇਤ ਸਮੂਹ ਸਕੂਲ ਮੁਖੀ ਹਾਜ਼ਰ ਸਨ।

# ਡਾ ਅੰਬੇਡਕਰ ਦੇ ਮਾਰਗ ’ਤੇ ਚੱਲਦਿਆਂ ਸਰਕਾਰ ਕਰ ਰਹੀ ਹੈ ਵਿਕਾਸ ਅਤੇ ਭਲਾਈ ਲਈ ਕਾਰਜ : ਬ੍ਰਹਮ ਸ਼ੰਕਰ ਜਿੰਪਾ

## ਬਾਬਾ ਸਾਹਿਬ ਨੇ ਸੰਵਿਧਾਨ ਰਾਹੀਂ ਦੇਸ਼ ਦੇ ਸਾਰੇ ਵਰਗਾਂ ਨੂੰ ਸਨਮਾਨ ਨਾਲ ਦਿੱਤੇ ਉਨ੍ਹਾਂ ਦੇ ਅਧਿਕਾਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੰਵਿਧਾਨ ਨਿਰਮਾਤਾ ਡਾ ਬੀ ਆਰ ਅੰਬੇਡਕਰ ਦੇ ਦਰਸਾਏ ਮਾਰਗ ’ਤੇ ਚੱਲਦਿਆਂ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਅਤੇ ਤਰੱਕੀ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਰਤਨ ਡਾ।ਅੰਬੇਡਕਰ ਨੇ ਦੇਸ਼ ਨੂੰ ਇਸ ਤਰ੍ਹਾਂ ਦਾ ਸੰਵਿਧਾਨ ਦਿੱਤਾ, ਜਿਸ ਨਾਲ ਭਾਰਤ ਨੇ ਇਕ ਮਜ਼ਬੂਤ ਲੋਕਤੰਤਰ ਵਜੋਂ ਸਥਾਪਿਤ ਹੋ ਕੇ ਪੂਰੇ ਵਿਸ਼ਵ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਉਨ੍ਹਾਂ ਸੰਵਿਧਾਨ ਰਾਹੀਂ ਦੇਸ਼ ਦੇ ਸਾਰੇ ਵਰਗਾਂ ਨੂੰ ਸਨਮਾਨ-ਪੂਰਵਕ ਅਧਿਕਾਰ ਦਿੱਤੇ ਹਨ। ਉਹ ਅੱਜ ਭਾਰਤ ਰਤਨ ਡਾ ਬੀ।ਆਰ।ਅੰਬੇਡਕਰ ਜੀ ਦੇ ਜਨਮ ਦਿਵਸ ’ਤੇ ਬੱਸ ਸਟੈਂਡ ਚੌਕ ’ਤੇ ਸਥਾਪਿਤ ਉਨ੍ਹਾਂ ਦੇ ਬੁੱਤ 'ਤੇ ਸ਼ਰਧਾ ਸੁਮਨ ਅਰਪਿਤ ਕਰਨ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।



ਕੈਬਨਿਟ ਮੰਤਰੀ ਨੇ ਕਿਹਾ ਕਿ ਸਾਰਿਆਂ ਲਈ ਇਹ ਮਾਣ ਦਾ ਮੌਕਾ ਹੈ ਕਿ ਅਸੀਂ ਸਾਰੇ ਅੱਜ ਭਾਰਤੀ ਸੰਵਿਧਾਨ ਦੇ ਪਿਤਾਮਾ ਡਾ। ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਮੌਕੇ ਉਨ੍ਹਾਂ ਦੇ ਦੇਸ਼ ਪ੍ਰਤੀ ਕਾਰਜ ਅਤੇ ਪ੍ਰਾਪਤੀਆਂ ਨੂੰ ਯਾਦ ਕਰ ਰਹੇ ਹਾਂ ਅਤੇ ਸ਼ਰਧਾ ਦੇ ਫੁੱਲ ਅਰਪਿਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਨਵੇਂ ਭਾਰਤ ਦੇ ਨਿਰਮਾਣ ਤੇ ਦੇਸ਼ ਦੀ ਆਜ਼ਾਦੀ ਵਿਚ ਬਾਬਾ ਸਾਹਿਬ ਦਾ ਯੋਗਦਾਨ ਸਭ ਤੋਂ ਅੱਗੇ ਰਿਹਾ। ਉਨ੍ਹਾਂ ਕਿਹਾ ਕਿ ਡਾ ਭੀਮ ਰਾਓ ਅੰਬੇਡਕਰ ਇਕ ਮਹਾਨ ਵਿਦਵਾਨ, ਨਿਆਂਵਾਦੀ, ਅਰਥਸ਼ਾਸਤਰੀ ਅਤੇ ਸਮਾਜ ਸੁਧਾਰਕ ਸਨ।

ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਅੱਜ ਸੰਵਿਧਾਨ ਨਿਰਮਾਤਾ ਡਾ। ਭੀਮ ਰਾਓ ਅੰਬੇਡਕਰ ਦੀਆਂ ਸਿੱਖਿਆਵਾਂ ’ਤੇ ਚੱਲਣਾ ਸਮੇਂ ਦੀ ਮੰਗ ਹੈ। ਇਸ ਲਈ ਸਾਰੇ ਸੰਕਲਪ ਕਰਨ ਕਿ ਉਹ ਅੱਤਿਆਚਾਰ ਅਤੇ ਨਸ਼ਾ ਮੁਕਤ ਸਮਾਜ ਲਈ ਆਪਣੀ ਆਵਾਜ਼ ਉਠਾਉਣਗੇ। ਉਨ੍ਹਾਂ ਕਿਹਾ ਕਿ ਦੇਸ਼ ਦੀ ਇਸ ਮਹਾਨ ਸ਼ਖਸੀਅਤ ਨੂੰ ਸਾਨੂੰ ਆਪਣੇ ਆਦਰਸ਼ ਦੇ ਤੌਰ ’ਤੇ ਲੈਂਦੇ ਹੋਏ ਹਮੇਸ਼ਾ ਸਮਾਜਿਕ ਬਰਾਬਰੀ ਲਈ ਕੰਮ ਕਰਨਾ ਚਾਹੀਦਾ ਹੈ।

# ਇਤਿਹਾਸਕ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਵਿਖੇ ਨਤਮਸਤਕ ਹੋਏ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ

**ਫਗਵਾੜਾ 19 ਅਪ੍ਰੈਲ (ਬੀ.ਕੇ.ਰੱਤੂ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਇਤਿਹਾਸਿਕ ਅਸਥਾਨ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਜੀ. ਟੀ. ਰੋਡ



ਚੱਕ ਹਕੀਮ ਵਿਖੇ ਸ. ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਗੁਰੂ ਘਰ ਨਤਮਸਤਕ ਹੋਣ ਲਈ ਪਹੁੰਚੇ।ਉਨ੍ਹਾਂ ਨੇ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਕੇ ਹਾਜਰੀ ਲਗਵਾਈ। ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਸ. ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਪੰਜਾਬ ਦੇ ਅਹੁਦੇ ਤੇ ਹੁੰਦੇ ਹੋਏ ਉਨ੍ਹਾਂ ਵਲੋਂ ਗੁਰੂ ਘਰ ਨੂੰ ਉਸਾਰੀ ਕਾਰਜਾਂ ਲਈ ਇਕਵੰਜਾ ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਸੀ । ਸ. ਚਰਨਜੀਤ ਸਿੰਘ ਚੰਨੀ ਨੇ ਗੁਰੂ ਘਰ ਚੱਲ ਰਹੇ ਉਸਾਰੀ ਕਾਰਜਾਂ ਨੂੰ ਦੇਖ ਕੇ ਬਹੁਤ ਖੁਸ਼ੀ ਦਾ ਪ੍ਰਗਟਾਵਾ ਕੀਤਾ ।ਇਸ ਮੌਕੇ ਉਹਨਾਂ ਨੇ ਕਿਹਾ ਕੇ ਸਾਨੂੰ ਸਭ ਨੂੰ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਦਰਸਾਏ ਮਾਰਗ ਤੇ ਚੱਲਦੇ ਹੋਏ ਮਾਨਵਤਾ ਦੇ ਭਲੇ ਲਈ ਕੰਮ ਕਰਨੇ ਚਾਹੀਦੇ ਹਨ ।ਸ੍ਰੋਮਣੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਰਜਿ. ਪੰਜਾਬ ਵੱਲੋ ਸਰਦਾਰ ਚਰਨਜੀਤ ਸਿੰਘ ਚੰਨੀ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਦਵਿੰਦਰ ਕੁਲਥਮ, ਸਰਪ੍ਰਸਤ ਐਡਵੋਕੇਟ ਸ਼ਰਧਾ ਰਾਮ, ਵਾਈਸ ਪ੍ਰਧਾਨ ਯਸ਼ ਬਰਨਾ, ਪ੍ਰਚਾਰਕ ਸਕੱਤਰ ਸੀਟੂ ਬਾਈ, ਸਕੱਤਰ ਬਲਦੇਵ ਰਾਜ ਕੋਮਲ, ਮਕਬੂਲ, ਕਮਲਜੀਤ ਬੰਗਾ, ਅਸ਼ੋਕ ਸੱਲਣ ਮੈਂਬਰਾਂ ਤੋਂ ਇਲਾਵਾ ਨੱਛਤਰ ਕਲਸੀ, ਸ਼ੋਰਵ ਸ਼ਰਮਾ, ਬਲਵੀਰ ਅਬਾਦੀ, ਮਨਜੀਤ ਸਿੰਘ ਬਰਨਾ, ਗਿਆਨੀ ਜਸਬੀਰ ਸਿੰਘ ਜੱਸਲ, ਪੀਟਰ ਪਲਾਹੀ, ਪ੍ਰੇਮ ਮੇਹਲੀ, ਕਰਨ ਬੰਗਾ, ਸੁੱਖ ਵਿਰਦੀ, ਕੁਲਵੰਤ ਦੜੋਚ, ਲਾਡੀ ਕਾਂਸੀ ਨਗਰ, ਮਨਜੀਤ ਮਹਿਮੀ, ਰਾਮ ਰਤਨ ਆਦਿ ਹਾਜ਼ਰ ਸਨ।

# ਮਾਣਹਾਨੀ ਮਾਮਲੇ ’ਚ ਦੋਸ਼ੀ ਕਰਾਰ ਦਿੱਤੇ ਰਾਹੁਲ ਦੀ ਸਜ਼ਾ ’ਤੇ ਰੋਕ ਲਾਉਣ ਵਾਲੀ ਪਟੀਸ਼ਨ ਰੱਦ ਕੀਤੀ

ਅਹਿਮਦਾਬਾਦ- ਗੁਜਰਾਤ ਦੇ ਸੂਰਤ ਦੀ ਸੈਸ਼ਨ ਅਦਾਲਤ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ ‘ਮੋਦੀ ਗੋਤ’ ’ਤੇ ਟਿੱਪਣੀ ਲਈ ਦੋਸ਼ੀ




ਠਹਿਰਾਏ ਜਾਣ ’ਤੇ ਰੋਕ ਲਗਾਉਣ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਵਧੀਕ ਸੈਸ਼ਨ ਜੱਜ ਆਰਪੀ ਮੋਗੇਰਾ ਅਦਾਲਤ ਨੇ ਅੱਜ ਰਾਹੁਲ ਨੂੰ ਅਪਰਾਧਿਕ ਮਾਣਹਾਨੀ ਦੇ ਕੇਸ ਵਿੱਚ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਏ ਜਾਣ ਦੇ ਹੇਠਲੀ ਅਦਾਲਤ ਦੇ ਫੈਸਲੇ ਵਿਰੁੱਧ ਅਪੀਲ ਨੂੰ ਖਾਰਜ ਕਰ ਦਿੱਤਾ। ਹਾਲਾਂਕਿ ਸੈਸ਼ਨ ਕੋਰਟ ਹੇਠਲੀ ਅਦਾਲਤ ਦੇ ਹੁਕਮਾਂ ਵਿਰੁੱਧ ਗਾਂਧੀ ਦੀ ਮੁੱਖ ਪਟੀਸ਼ਨ 'ਤੇ ਸੁਣਵਾਈ ਜਾਰੀ ਰੱਖੇਗੀ।

**ਗਾਂਧੀ ਪਰਿਵਾਰ ਦੇ ਹੰਕਾਰ ’ਤੇ ਥੱਪੜ: ਭਾਜਪਾ**

ਭਾਜਪਾ ਨੇ ਕਿਹਾ ਹੈ ਕਿ ਫੌਜਦਾਰੀ ਮਾਣਹਾਨੀ ਦੇ ਮਾਮਲੇ 'ਚ ਰਾਹੁਲ ਗਾਂਧੀ ਦੀ ਪਟੀਸ਼ਨ 'ਤੇ ਸੂਰਤ ਅਦਾਲਤ ਦਾ ਫੈਸਲਾ ਸਾਬਤ ਕਰਦਾ ਹੈ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੈ।ਭਾਜਪਾ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਪਟੀਸ਼ਨ ’ਤੇ ਸੂਰਤ ਦੀ ਅਦਾਲਤ ਦਾ ਫੈਸਲਾ ‘ਗਾਂਧੀ ਪਰਿਵਾਰ ਦੇ ਹੰਕਾਰ ਉੱਤੇ ਥੱਪੜ ਹੈ। ਇਹ ਫ਼ੈਸਲਾ ਆਮ ਜਨਤਾ ਤੇ ਨਿਆਂਪਾਲਿਕਾ ਦੀ ਜਿੱਤ ਹੈ।

****

# ਦੇਸ਼ ਨੂੰ ਏਕਤਾ ਦੇ ਸੂਤਰ ਵਿਚ ਪਿਰੋਣ ’ਚ ਡਾ ਭੀਮ ਰਾਓ ਅੰਬੇਦਕਰ ਦੀ ਵਿਸ਼ੇਸ਼ ਭੂਮਿਕਾ- ਕੋਮਲ ਮਿੱਤਲ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵਲੋਂ ਅੱਜ ਬਹੁਤ ਹੀ ਸ਼ਰਧਾ ਨਾਲ ਭਾਰਤ ਰਤਨ



ਡਾ। ਬੀ।ਆਰ। ਅੰਬੇਦਕਰ ਜੀ ਦਾ ਜਨਮ ਦਿਵਸ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਚ ਮਨਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਸਭ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੇ ਭਾਰਤ ਰਤਨ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਦਕਰ ਦੇ 132ਵੇਂ ਜਨਮ ਦਿਵਸ ’ਤੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਡਾ ਭੀਮ ਰਾਓ ਅੰਬੇਦਕਰ ਦੇ ਜਨਮ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਡਾ। ਭੀਮ ਰਾਓ ਅੰਬੇਦਕਰ ਭਾਰਤੀ ਸੰਵਿਧਾਨ ਦੇ ਨਿਰਮ-ਾਤਾ ਸਨ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਏਕਤਾ ਦੇ ਸੂਤਰ ਵਿਚ ਪਿਰੋਣ ਦਾ ਜੋ ਕੰਮ ਬਾਬਾ ਸਾਹਿਬ ਨੇ ਕੀਤਾ ਹੈ, ਉਸ ਨੂੰ ਦੇਸ਼ ਕਦੇ ਭੁਲਾ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਸਾਰਿਆਂ ਨੂੰ ਬਰਾਬਰ ਅਧਿਕਾਰ ਦੇਣ ਲਈ ਇਕਜੁੱਟਤਾ ਨਾਲ ਕੰਮ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਅਤੇ ਉਸ ਸਮੇਂ ਦੌਰਾਨ ਸਮਾਜ ਵਿਚ ਫੈਲੀਆਂ ਸਮਾਜਿਕ ਬੁਰਾਈਆਂ ਨੂੰ ਦੂਰ ਕੀਤਾ।

ਕੋਮਲ ਮਿੱਤਲ ਨੇ ਕਿਹਾ ਕਿ ਬਾਬਾ ਸਾਹਿਬ ਇਕ ਮਹਾਨ ਸ਼ਖਸੀਅਤ ਸਨ। ਉਨ੍ਹਾਂ ਕਿਹਾ ਕਿ ਦੇਸ਼ ਤੇ ਸਮਾਜ ਲਈ ਉਨ੍ਹਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ । ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੰਵਿਧਾਨ ਨਿਰਮਾਤਾ ਡਾ। ਅੰਬੇਦਕਰ ਜੀ ਦੇ ਦਰਸਾਏ ਰਸਤੇ ’ਤੇ ਚੱਲ ਕੇ ਦੇਸ਼ ਤੇ ਸਮਾਜ ਦੀ ਸੇਵਾ ਲਈ ਅੱਗੇ ਆਉਣ।

# ਕੈਬਨਿਟ ਮੰਤਰੀ ਪੰਜਾਬ ਸ਼੍ਰੀ ਲਾਲ ਚੰਦ ਕਟਾਰੂਚੱਕ ਬਾਬਾ ਸਾਹਿਬ ਡਾ ਬੀਆਰ ਅੰਬੇਦਕਰ ਜੀ ਦੀ ਪ੍ਰਤਿਮਾ ਅੱਗੇ ਹੋਏ ਨਤਮਸਤਕ

**ਪਠਾਨਕੋਟ, 14 ਅਪ੍ਰੈਲ (ਰਾਜਿੰਦਰ ਸਿੰਘ ਰਾਜਨ)** ਅੱਜ ਬਾਬਾ ਸਾਹਿਬ ਡਾ ਬੀਆਰ ਅੰਬੇਦਕਰ ਜੀ ਦੇ ਦੇ 132 ਵਾਂ ਜਨਮ ਦਿਹਾੜਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਦੇ ਉਪਰਾਲਿਆਂ ਸਦਕਾ ਦਲਿਤ ਵਰਗਾਂ ਨੂੰ ਉਪਰ



ਉਪਰਾਲਿਆਂ ਸਦਕਾ ਜੋ ਸਾਨੂੰ ਅਧਿਕਾਰ ਮਿਲੇ ਹਨ ਉਨ੍ਹਾਂ ਨੇ ਸਾਡੇ ਜੀਵਨ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਸਾਨੂੰ ਸਾਡੇ ਅਧਿਕਾਰਾਂ ਦੇ ਨਾਲ-ਨਾਲ ਕਰਤਵਿਆਂ ਦੀ ਵੀ ਪਾਲਣਾ ਕਰਨੀ ਚਾਹੀਂਦੀ ਹੈ। ਇਹ ਪ੍ਰਗਟਾਵਾ ਸ਼੍ਰੀ ਲਾਲ ਚੰਦ ਕਟ-ਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿੱਚ ਸਥਿਤ ਬਾਬਾ ਸਾਹਿਬ ਜੀ ਦੀ ਮੂਰਤੀ ਤੇ ਉਨ੍ਹਾਂ ਦੇ 132ਵੇਂ ਜਨਮ ਦਿਹਾੜੇ ਤੇ ਫੁੱਲ ਮਾਲਾਵਾਂ ਭੇਂਟ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਉਨ੍ਹਾਂ ਤੋਂ ਇਲਾਵਾ ਨਾਇਬ ਤਹਿਸੀਲਦਾਰ ਰਾਜ ਕੁਮਾਰ ਅਤੇ ਹੋਰ ਪਾਰਟੀ ਵਰਕਰ ਹਾਜਰ ਸਨ। ਇਸ ਮੌਕੇ ਤੇ ਸੰਬੋਧਨ ਕਰਦਿਆਂ ਸ਼੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਉਠ ਕੇ ਜਿੰਦਗੀ ਜੀਉਣ ਦਾ ਅਧਿਕਾਰ ਮਿਲਿਆ। ਉਨ੍ਹਾਂ ਵੱਲੋਂ ਸਵਿਧਾਨ ਦੀ ਰਚਨਾ ਕੀਤੀ ਗਈ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਹੀ ਆਮ ਆਦਮੀ ਨੂੰ ਜਿੰਦਗੀ ਜੀਉਣ ਦਾ ਅਧਿਕਾਰ ਮਿਲਿਆ। ਬਾਬਾ ਸਾਹਿਬ ਹਿੰਦੁਸਤਾਨ ਦੇ ਸਭ ਤੋਂ ਜਿਆਦਾ ਸਿੱਖਿਅਤ ਹੋਏ ਜਿਨ੍ਹਾਂ ਨੂੰ ਉਨ੍ਹਾਂ ਵੱਲੋਂ ਕੀਤੇ ਗਏ ਕੰਮਾਂ ਕਰਦੇ ਭਾਰਤ ਰਤਨ ਦੀ ਉਪਾਦੀ ਨਾਲ ਨਿਵਾਜਿਆ ਗਿਆ ਅਤੇ ਅੱਜ ਅਸੀਂ ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚਲਦੇ ਹੋਏ ਪੰਜਾਬ ਸਰਕਾਰ ਵੱਲੋਂ ਰੰਗਲਾ ਪੰਜਾਬ ਸਿਰਜਨ ਦੀ ਜੋ ਨੀਂਹ ਰੱਖੀ ਗਈ ਹੈ ਆਓ ਸਾਰੇ ਮਿਲ ਕੇ ਉਸ ਨੂੰ ਸਫਲ ਬਨਾਉਣ ਵਿੱਚ ਸਹਿਯੋਗ ਕਰੀਏ। ਅੰਤ ਵਿੱਚ ਉਨ੍ਹਾਂ ਸ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਆਪਣੇ ਵੱਲੋਂ ਬਾਬਾ ਸਾਹਿਬ ਜੀ ਦੇ ਜਨਮ ਦਿਹਾੜੇ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਕੈਬਨਿਟ ਮੰਤਰੀ ਨੇ ਦਾਣਾ ਮੰਡੀ ਹੁਸ਼ਿਆਰਪੁਰ ਤੋਂ ਜ਼ਿਲ੍ਹੇ 'ਚ ਕਣਕ ਦੀ ਖਰੀਦ ਦੀ ਕਰਵਾਈ ਸ਼ੁਰੂਆਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਖੜ੍ਹੀ ਹੈ ਅਤੇ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਹ ਅੱਜ ਵਿਸਾਖੀ ਦੇ ਸ਼ੁਭ ਮੌਕੇ ਦਾਣਾ ਮੰਡੀ ਹੁਸ਼ਿਆਰਪੁਰ ਤੋਂ ਜ਼ਿਲ੍ਹੇ ਵਿਚ ਕਣਕ ਦੀ ਖਰੀਦ ਦੀ ਸ਼ੁਰੂਆਤ ਕਰਵਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਸੰਯੋਗਿਤਾ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਭਾਰੀ ਬਾਰਸ਼ ਕਾਰਨ ਕਿਸਾਨਾਂ ਦੀ ਫ਼ਸਲਾਂ ਦੇ ਹੋਏ ਨੁਕਸਾਨ ਦੇ ਮੁਆਵਜੇ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ 450 ਕਰੋੜ ਰੁਪਏ ਜਾਰੀ ਕੀਤੇ ਹਨ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੁਣ ਤੱਕ 3 ਕਰੋੜ ਰੁਪਏ ਡਿਪਟੀ ਕਮਿਸ਼ਨਰ ਕੋਲ ਪਹੁੰਚ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ



ਭਗਵੰਤ ਮਾਨ ਨੇ ਕਿਸਾਨਾਂ ਦਾ ਹੱਥ ਫੜਿਆ ਅਤੇ ਰਿਕਾਰਡ ਦਿਨਾਂ ਵਿਚ ਗਿਰਦਾਵਰੀ ਕਰਵਾ ਕੇ ਕਿਸਾਨਾਂ ਨੂੰ ਮੁਆਵਜ਼ਾ ਵੰਡਣ ਦੀ ਪ੍ਰਕ੍ਰਿਆ ਵੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁਸ਼ਕਲ ਦੀ ਇਸ ਘੜੀ ਵਿਚ ਕਿਸਾਨਾਂ ਨੂੰ ਰਾਹਤ ਦੇਣ ਲਈ ਆਪ ਦੀ ਸਰਕਾਰ ਦ੍ਰਿੜ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਿਚ ਪਹਿਲਾਂ ਕੇਵਲ ਖੋਖਲੇ ਦਾਅਵੇ ਹੀ ਹੁੰਦੇ ਸਨ ਅਤੇ ਜ਼ਮੀਨੀ ਪੱਧਰ 'ਤੇ ਕਿਸਾਨਾਂ ਦੀ ਕੋਈ ਸੁਧ ਨਹੀਂ ਲੈਂਦਾ ਸੀ।

ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਜ਼ਿਲ੍ਹੇ ਦੀਆਂ 73 ਮੰਡੀਆਂ ਵਿਚ ਕਣਕ ਦੀ ਖਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਮੰਡੀਆਂ ਵਿਚ 3,75,687 ਮੀਟ੍ਰਿਕ ਟਨ ਕਣਕ ਦੀ ਖਰੀਦ ਦੀ ਆਸ ਹੈ, ਜਦਕਿ ਪਿਛਲੇ ਸਾਲ 2022-23 ਦੌਰਾਨ ਮੰਡੀਆਂ ਤੋਂ 2,71,163 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਸੀ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਕਿਸਾਨਾਂ ਦੀ ਫ਼ਸਲ ਦਾ ਇਕ-ਇਕ ਦਾਣਾ ਸਰਕਾਰ ਵਲੋਂ ਖਰੀਦਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਮੰਡੀਆ ਵਿਚ ਕਣਕ ਦੀ ਖਰੀਦ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪ੍ਰਬੰਧ ਪੂਰੇ ਕੀਤੇ ਗਏ ਹਨ, ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿਚ ਫ਼ਸਲ ਵੇਚਣ ਦੌਰਾਨ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਕਿਹਾ ਕਿ ਇਸ ਸਾਲ ਸਰਕਾਰ ਵਲੋਂ ਕਣਕ ਦਾ ਐਮਐਸਪੀ 2125 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਪੂਰੀ ਤਰ੍ਹਾਂ ਨਾਲ ਸੁਕੀ ਤੇ ਸਾਫ਼-ਸੁਥਰੀ ਫ਼ਸਲ ਮੰਡੀਆਂ ਵਿਚ ਲਿਆਉਣ ਦੀ ਅਪੀਲ ਕੀਤੀ, ਤਾਂ ਜੋ ਕਿਸਾਨਾਂ ਨੂੰ ਫ਼ਸਲ ਦੇ ਮੰਡੀਕਰਨ ਵਿਚ ਕੋਈ ਦਿੱਕਤ ਨਾ ਆਵੇ।

# ਡੀਟੀਐੱਫ ਵਲੋਂ ਲੋਕ ਚੇਤਨਾ ਸੈਮੀਨਾਰ ਕਰਵਾ ਕੇ ਮਨਾਇਆ ਡਾ ਬੀ ਆਰ ਅੰਬੇਦਕਰ ਜੀ ਦਾ ਜਨਮ ਦਿਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਇਕਾਈ ਹੁਸ਼ਿਆਰਪੁਰ ਵਲੋਂ ਅੱਜ ਗੜ੍ਹਸ਼ੰਕਰ ਵਿਖੇ ਭਾਰਤ ਸ਼ੋਸ਼ਿਤ ਸਮਾਜ ਦੀ ਮੁਕਤੀ ਲਈ ਪੂਰਾ ਜੀਵਨ ਲਾਉਣ ਵਾਲੇ ਡਾ।ਬੀ ਆਰ ਅੰਬੇਦਕਰ ਜੀ ਦਾ ਜਨਮ ਦਿਨ ਲੋਕ ਚੇਤਨਾ ਸੈਮੀਨਾਰ ਕਰਕੇ ਮਨਾਇਆ ਇਸ ਸੈਮੀਨਾਰ ਦੀ ਪ੍ਰਧਾਨਗੀ ਮੁਕੇਸ਼ ਕੁਮਾਰ, ਮੈਡਮ ਇੰਦਰਜੀਤ ਕੌਰ, ਮੈਡਮ ਖੁਸ਼ਵਿੰਦਰ ਕੌਰ ਨੇ ਕੀਤੀ। ਸੈਮੀਨਾਰ ਵਿੱਚ ਬੋਲਦਿਆਂ ਮੁੱਖ ਬੁਲਾਰੇ ਉੱਘੇ ਲੇਖਕ ਅਜਮੇਰ ਸਿੱਧੂ ਨੇ ਕਿਹਾ ਕਿ ਡਾ ਅੰਬੇਦਕਰ ਜੀ ਦੀ ਜੀਵਣ ਘਾਲਣਾ ਨੂੰ ਅੱਖੋ ਪਰੋਖੇ ਨਹੀ ਕੀਤਾ ਜਾ ਸਕਦਾ ਉਹਨਾਂ ਦੀ ਸਿੱਖਿਆ ਕਿਸੇ ਇੱਕ ਵਰਗ ਨੂੰ ਸਗੋ ਪੂਰੇ ਸਮਾਜ ਦੇ ਸ਼ੋਸ਼ਿਤ ਵਰਗ ਲਈ ਹੈ। ਉਹਨਾਂ ਭਾਰਤੀ ਲੋਕਾਂ ਦੇ ਮੁੱਖ ਦੁਸ਼ਮਣਾ ਪੂੰਜੀਵਾਦ ਅਤੇ ਮਨੂਵਾਦ ਵਾਰੇ ਗੱਲ ਕਰਦਿਆਂ ਇਸ ਸਮੇ ਇਹਨਾਂ ਖਿਲਾਫ ਸ਼ੰਘਰਸ਼ ਕਰਨ ਦਾ ਸੱਦਾ ਦਿੱਤਾ ਅਤੇ ਸਾਂਝੀ ਲੜਾਈ ਲੜ ਕੇ ਹੀ ਜਾਤ ਪਾਤ ਰਹਿਤ ਸਮਾਜ ਸਿਰਜਿਆ ਜਾ ਸਕਦਾ ਹੈ। ਇਸ ਸਮੇਂ ਡੀ ਟੀ ਐੱਫ ਦੇ ਬਲਵੀਰ ਖਾਨਪੁਰੀ, ਮੈਡਮ ਇੰਦਰਜੀਤ ਕੌਰ ਖੁਸ਼ਵਿੰਦਰ ਕੌਰ ਡੀ ਪੀ ਈ, ਮਜ਼ਦੂਰ ਆਗੂ ਸੋਢੀ ਰਾਮ ਤੇ ਬਲਰਾਮ ਬਾਲਾ, ਨਰੰਜਣ ਸਿੰਘ ਚਾਂਦਪੁਰ ਰੁੜਕੀ, ਜਰਨੈਲ ਸਿੰਘ ਨੇ ਕਿਹਾ ਕਿ ਅਜੋਕੇ ਸਮੇ ਵਿੱਚ ਮਨੁੱਖ ਲਈ ਸਿੱਖਿਆ ਤੇ ਸਿਹਤ ਮੁੱਖ ਮੁੱਦੇ ਨੇ ਜਿਸਨੂੰ ਸਮੇ ਦੇ ਹਾਕਮ ਮਹਿੰਗੀ ਕਰਕੇ ਆਮ ਲੋਕਾਂ ਤੋ ਇਹਨਾਂ ਅਧਿਕਾਰਾ ਨੂੰ ਖੋਹ ਰਹੀ ਹੈ ਜਿਵੇ ਪੁਰਾਤਨ ਸਮੇ ਵਿੱਚ ਵਿਦਿਆ ਸੁਣਨ ਤੋ ਰੋਕਣ ਲਈ ਕੰਨਾਂ ਵਿੱਚ ਸਿੱਕਾ ਢਾਲਣਾ ਦੇ ਸਮਾਨ ਹੈ।



ਇਸ ਸਮੇ ਸੈਮੀਨਾਰ ਚਰਚਾ ਵਿੱਚ ਹੰਸ ਰਾਜ ਗੜ੍ਹਸ਼ੰਕਰ , ਰਮੇਸ਼ ਕੁਮਾਰ ਮਲਕੋਵਾਲ, ਸੱਤਪਾਲ ਕਲੇਰ, ਮਨਜੀਤ ਸਿੰਘ ਬਾਬਾ, ਜਗਦੀਪ ਸਿੰਘ, ਅਮਰਜੀਤ ਸਿੰਘ ਬੰਗੜ, ਸੰਜੀਵ ਕੁਮਾਰ, ਵਿਪਨ ਭੱਮੀਆਂ, ਤਰਕਸ਼ੀਲ ਆਗੂ ਡਾ ਰਾਮ ਲਾਲ, ਤਰਲੋਕ ਸਿੰਘ ਮਿੱਟੂ ਕਾਲੇਵਾਲ ਲੱਲੀਆਂ, ਕਿਰਨਜੀਤ ਸਿੰਘ ਹੈਪੀ ਕਾਲੇਵਾਲ ਅਤੇ ਸੰਨੀ ਕੁਮਾਰ, ਜੀਵਨ ਜਾਗ੍ਰਿਤੀ ਮੰਚ ਤੋ ਸੇਵਾਮੁਕਤ ਚੀਫ ਮੈਨੇਜਰ ਹਰਦੇਵ ਰਾਏ, ਹਰੀ ਲਾਲ ਨਫਰੀ ਰਿਟਾਇਰਡ ਤਹਿਸੀਲਦਾਰ, ਡਾ।ਬੀ ਆਰ ਅੰਬੇਦਕਰ ਮਿਸ਼ਨ ਟਰੱਸਟ ਵਲੋ ਰਜਿੰਦਰ ਸਿੰਘ ਤੇ ਪੀਤੰਬਰ ਲਾਲ ਸੂਦ ਨੇ ਵੀ ਭਾਗ ਲਿਆ। ਅੰਤ ਵਿੱਚ ਸੁਖਦੇਵ ਡਾਨਸੀਵਾਲ ਨੇ ਸੈਮੀਨਾਰ ਵਿੱਚ ਆਏ ਸਭ ਸਾਥੀਆਂ ਦਾ ਧੰਨਵਾਦ ਕੀਤਾ।

# ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਵੱਲੋਂ 32,18 ਕੁਇੰਟਲ ਗੰਨੇ ਦੀ ਪਿੜਾਈ ਬਾਅਦ ਸੀਜ਼ਨ ਸੰਪੂਰਨ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਨਵਾਂਸ਼ਹਿਰ ਸਹਿਕਾਰੀ ਖੰਡ ਮਿੱਲ ਨੇ ਆਪਣਾ 55ਵਾਂ ਪਿੜਾਈ ਸੀਜ਼ਨ 2022-23 ਸਫ਼ਲਤਾ ਪੂਰਵਕ ਸੰਪੂਰਨ ਕੀਤਾ। ਬੋਰਡ ਆਫ ਡਾਇਰੈਕਟਰਜ਼ ਅਤੇ ਮਿੱਲ ਮੈਨੇਜਮੈਂਟ ਵੱਲੋਂ ਪਿੜਾਈ ਸੀਜ਼ਨ ਦੇ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਨ 'ਤੇ ਗੰਨਾ ਕਿਸਾਨਾਂ ਅਤੇ ਮਿੱਲ ਵਰਕਰਾਂ ਦਾ ਸਮੂਹਿਕ ਧੰਨਵਾਦ ਕਰਦੇ ਹੋਏ, ਸ਼ੁਕਰਾਨੇ ਵਜੋਂ ਮਿੱਲ ਦੇ ਗੁਰਦੁਆਰਾ ਸਾਹਿਬ ਵਿਖੇ ਅੱਜ ਸ਼੍ਰੀ



ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ।

ਮਿੱਲ ਦੇ ਜਨਰਲ ਮੈਨੇਜਰ ਸੁਰਿੰਦਰ ਪਾਲ ਨੇ ਦੱਸਿਆ ਕਿ ਮਿੱਲ ਵੱਲੋਂ ਇਸ ਸੀਜਨ ਦੌਰਾਨ ਲੱਗਭੱਗ 32।18 ਲੱਖ ਕੁਇੰਟਲ ਗੰਨੇ ਦੀ ਪਿੜਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸੀਜ਼ਨ ਦੌਰਾਨ ਖਰੀਦ ਕੀਤੇ ਗੰਨੇ ਦੀ ਮਿਤੀ 21।03।2023 ਤੱਕ ਦੀ ਬਣਦੀ ਅਦਾਇਗੀ ਆਪਣੇ ਵਸੀਲਿਆਂ ਅਤੇ ਪੰਜਾਬ ਸਰਕਾਰ ਤੋਂ ਪ੍ਰਾਪਤ ਵਿੱਤੀ ਸਹਾਇਤਾ ਨਾਲ ਕੀਤੀ ਜਾ ਚੁੱਕੀ ਹੈ। ਇਸ ਮੌਕੇ 'ਤੇ ਸਮੁੱਚੇ ਬੋਰਡ ਆਫ ਡਾਇਰੈਕਟਰਜ਼ ਅਤੇ ਮਿੱਲ ਮੈਨੇਜਮੈਂਟ ਵੱਲੋਂ ਕਿਸਾਨ ਭਰਾਵਾਂ, ਸਥਾਨਕ ਲੀਡਰਸ਼ਿੱਪ, ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਮਿੱਲ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਦਿੱਤੇ ਗਏ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮਿੱਲ ਵੱਲੋਂ ਇਲਾਕੇ ਦੇ ਜਿਮੀਂਦਾਰਾਂ ਦੇ ਸਹਿਯੋਗ ਨਾਲ ਮਿੱਲ ਏਰੀਏ ਦਾ ਸਾਰਾ ਬੌਂਡ ਕੀਤਾ ਗਿਆ ਗੰਨਾ ਪੀੜਿਆ ਗਿਆ।

ਉਨ੍ਹਾਂ ਦੱਸਿਆ ਕਿ ਮਿੱਲ ਵਿੱਚ ਲੱਗੇ ਕੋ-ਜੈਨਰੇਸ਼ਨ ਪਲਾਂਟ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਪਲਾਂਟ ਦੇ ਬੁਆਇਲਰ 'ਤੇ ਲੱਗਣ ਵਾਲੇ ਵੈੱਟ ਸਕਰੱਬਰ ਦੇ ਕੰਮ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਵਾਇਆ ਜਾਵੇ ਅਤੇ ਇਸ ਉਪਰੰਤ ਹੀ ਪਲਾਂਟ ਚਲਾਇਆ ਜਾਵੇ ਤਾਂ ਜੋ ਸ਼ਹਿਰ ਵਾਸੀਆਂ ਨੂੰ ਕੋਈ ਸਮੱਸਿਆ ਪੇਸ਼ ਨਾ ਆਵੇ।

ਇਸ ਮੌਕੇ ਡਾਇਰੈਕਟਰਾਂ 'ਚ ਚਰਨਜੀਤ ਸਿੰਘ ਮੁਬਾਰਕਪੁਰ, ਕਸ਼ਮੀਰ ਸਿੰਘ ਬੀਰੋਵਾਲ, ਜਗਤਾਰ ਸਿੰਘ, ਬੀਬੀ ਸੁਰਿੰਦਰ ਕੌਰ, ਹਰੀਪਾਲ ਸਿੰਘ ਜਾਡਲੀ, ਸਰਤਾਜ ਸਿੰਘ ਭੰਗਲ, ਸੋਹਣ ਸਿੰਘ ਉੱਪਲ, ਮੋਹਿੰਦਰ ਸਿੰਘ ਲੰਗੜੋਆ, ਗੁਰਸੇਵਕ ਸਿੰਘ ਲਿੱਧੜ, ਸ਼੍ਰੀਮਤੀ ਹਰਿੰਦਰ ਕੌਰ ਅਤੇ ਦੋਆਬਾ ਕਿਸਾਨ ਯੂਨੀਅਨ ਤੋਂ ਕੁਲਦੀਪ ਸਿੰਘ ਬਜੀਦਪੁਰ (ਪ੍ਰਧਾਨ), ਅਮਰਜੀਤ ਸਿੰਘ ਬੁਰਜ (ਜਨਰਲ ਸਕੱਤਰ), ਦਲਜੀਤ ਸਿੰਘ (ਮੁੱਖ ਇੰਜੀਨੀਅਰ), ਪਵਿੱਤਰ ਸਿੰਘ (ਗੰਨਾ ਵਿਕਾਸ ਅਫਸਰ), ਜੀ।ਡੀ। ਸ਼ਰਮਾ (ਲੇਖਾ ਅਫਸਰ), ਅਨੁਰਾਗ ਕਵਾਤਰਾ (ਲੈਬ ਇੰਚਾਰਜ), ਸ਼ਾਮ ਸੁੰਦਰ (ਕਿਰਤ ਭਲਾਈ ਅਫਸਰ), ਹਰਦੀਪ ਸਿੰਘ (ਪ੍ਰਧਾਨ ਮਿੱਲ ਵਰਕਰ ਯੂਨੀਅਨ), ਦਲਜੀਤ ਸਿੰਘ, ਅਗਾਂਹਵਧੂ ਗੰਨਾ ਕਾਸ਼ਤਕਾਰ, ਅਵਤਾਰ ਸਿੰਘ ਸਾਧੜਾ (ਕਿਸਾਨ ਆਗੂ) ਆਦਿ ਹਾਜ਼ਰ ਸਨ।

# ਐਸ.ਸੀ.ਬੀ.ਸੀ. ਫੈਡਰੇਸ਼ਨ ਨੇ ਮਨਾਈ ਡਾ. ਅੰਬੇਡਕਰ ਜਯੰਤੀ

**ਪਟਿਆਲਾ** – ਅੱਜ ਮਿੰਨੀ ਸੈਕਟਰੀਏਟ ਪਟਿਆਲਾ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 132ਵਾਂ ਜਨਮ ਉਤਸਵ ਬੜੀ ਸ਼ਰਧਾ / ਸਤਿਕਾਰ ਸਹਿਤ ਮਨ-ਾਇਆ ਗਿਆ। ਅੱਜ ਵਿਸ਼ੇਸ਼ ਤੌਰ ਤੇ ਮੈਡਮ ਸਾਕਸ਼ੀ ਸਾਹਨੀ, ਡਿਪਟੀ ਕਮਿਸ਼ਨਰ ਪਟਿਆਲਾ ਅਤੇ ਜ਼ਿਲ੍ਹਾ ਭਲਾਈ ਅਫ਼ਸਰ ਪਟਿਆਲਾ ਨੇ ਬਾਬਾ ਸਾਹਿਬ ਦੀ ਪ੍ਰਤਿਮਾ ਤੇ ਫੁੱਲ ਮਾਲਾ ਅਰਪਣ ਕੀਤੀ। ਜਸਵਿੰਦਰ ਸਿੰਘ ਚਪੜ੍ਹ - ਸੂਬਾ ਪ੍ਰਧਾਨ ਨੇ ਬੋਲਦਿਆਂ ਕਿਹਾ ਕਿ ਦੁਨੀਆਂ ਦੇ ਸੱਭ ਤੋਂ ਵੱਧ ਪੜ੍ਹੇ ਲਿਖੇ ਮਹਾਨ ਰਹਿਬਰ ਨੇ ਸੰਵਿਧਾਨ ਰਚ ਕੇ ਗਰੀਬਾਂ/ ਕਿਸਾਨਾਂ/ ਔਰਤਾਂ / ਵਿਦਿਆਰਥੀਆਂ/ ਕਰਮਚਾਰੀਆਂ ਸਮੇਤ ਭਾਰਤੀਆਂ ਨੂੰ ਬਣਦੇ ਹੱਕ ਲੈ ਕੇ ਦਿੱਤੇ। ਸ। ਸ਼ਿਵਚਰਨ ਸਿੰਘ ਪਟਿਆਲਾ ਪ੍ਰਧਾਨ ਨੇ ਕਿਹਾ ਕਿ ਸਾਨੂੰ ਸੱਭ ਨੂੰ ਮਿਲ ਕੇ ਸੰਵਿਧਾਨਿਕ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ। ਪਹੁੰਚੇ ਹੋਏ ਸਾਥੀਆਂ ਨੇ ਫੁੱਲ ਮਾਲਾਵਾਂ ਅਰਪਣ ਕੀਤੀਆਂ ਅਤੇ ਉਪਰੰਤ ਵਿਚਾਰ ਵਿਮਰਸ਼ ਤੋਂ ਬਾਅਦ ਲੇਖਕ ਸਤਨਾਮ ਸਿੰਘ ਮੱਟੂ ਨੇ ਆਪਣਾ ਲਿਖਿਆ ਗੀਤ ਗਾਇਆ ਅਤੇ ਜੱਸੀ ਧਾਲੀਵਾਲ ਨੇ ਬੁਲੰਦ ਆਵਾਜ਼ ਵਿਚ ਬਾਬਾ ਸਾਹਿਬ ਤੇ ਗਾਣਾ ਗਾ ਕੇ ਲੋਕਾਂ ਦਾ ਮਨ ਮੋਹ ਲਿਆ। ਇਸ ਮੌਕੇ ਲੇਖਕ ਸਤਨਾਮ ਸਿੰਘ ਮੱਟੂ ਅਤੇ ਹੈਪੀ ਲੋਹਣ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸ਼੍ਰੀ ਅਨਿਲ ਕੁਮਾਰ - ਵਿੱਤ ਸਕੱਤਰ, ਜਤਿੰਦਰ ਕਾਲਾ ਪੰਜਾਬੀ ਯੂਨੀ ਪ੍ਰਧਾਨ, ਇੰਜੀ: ਆਰ ਐਸ ਸਿਆਣ, ਕੁਲਵਿੰਦਰ ਸਿੰਘ, ਹੈਪੀ ਲੋਹਟ, ਡਾ ਬੇਅੰਤ ਸਿੰਘ, ਕੋਚ ਗੁਰਪਾਲ ਸੋਨੀ, ਕੋਚ ਇੰਦਰਜੀਤ ਰਾਜ, ਪਰਮਜੀਤ ਸਿੰਘ, ਇੰਜੀ ਮੇਹਰ ਸਿੰਘ, ਸੋਨੀ ਗਿੱਲ, ਪ੍ਰਭੂ ਕੁਮਾਰ,ਗੁਰਜੰਟ ਸਿੰਘ, ਐਡਵੋਕੇਟ ਰੋਹਿਤ ਹੰਸ, ਲਖਵੀਰ ਸਿੰਘ ਭੱਟੀ, ਅਵਤਾਰ ਸਿੰਘ, ਚਰਨਜੀਤ ਸਿੰਘ ਨੈਣਾ, ਨਰਿੰਦਰ ਸਿੱਧੂ, ਅਮਰੀਕ ਫੌਜੀ ਪ੍ਰਧਾਨ, ਹਰਜੀਤ ਸਿੰਘ, ਅਜੈ ਕੁਮਾਰ, ਜੱਸੀ ਧਾਲੀਵਾਲ ਗਾਇਕ, ਤਰਲੋਚਨ ਸਿੰਘ, ਪਰਗਟ ਸਿੰਘ, ਬਲਬੀਰ ਸਿੰਘ, ਦਰਸ਼ਨ ਸਿੰਘ, ਮੋਤੀ ਲਾਲ, ਬੀਰਬਲ ਕੁਮਾਰ, ਮੈਡਮ ਪਰਮਿੰਦਰ ਕੌਰ, ਸੁਖਵਿੰਦਰ ਕੌਰ, ਅਮਰਜੀਤ ਕੌਰ, ਕਵਲਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਰਮਚਾਰੀ ਹਾਜ਼ਰ ਸਨ।



# ਐਸ ਸੀ/ਬੀ ਸੀ ਅਧਿਆਪਕ ਯੂਨੀਅਨ ਵਲੋਂ ਡਾਕਟਰ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਕਰੋੜਾਂ ਲੋਕਾਂ ਦੇ ਦਿਲਾਂ ਦੀ ਧੜਕਣ, ਨਾਰੀ ਮੁਕਤੀ ਦਾਤਾ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਦੇ ਪਹਿਲੇ ਕਾਨੂੰਨ ਮੰਤਰੀ, ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਤੇ ਨਵਾਂਸ਼ਹਿਰ ਵਿਖੇ ਫੁੱਲ ਮਾਲਾ ਪਹਿਨਾਉਣ ਉਪਰੰਤ ਲੱਡੂ ਵੰਡ ਕੇ 132 ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਦੇਸ਼ ਰਾਜ ਨੌਰਦ ਸੀਨੀਅਰ ਮੀਤ ਪ੍ਰਧਾਨ ਐਸ ਸੀ/ ਬੀ ਸੀ ਯੂਨੀਅਨ ਸ਼ਹੀਦ ਭਗਤ ਸਿੰਘ ਨਗਰ ਨੇ ਇਸ ਦਿਨ ਦੀ ਲੱਖ-ਲੱਖ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਪੂਰੇ ਦੇਸ਼ ਅਤੇ ਵਿਦੇਸ਼ ਵਿੱਚ ਸਾਨੂੰ ਫੈਲਾਉਣ ਲਈ ਵੱਡੇ



ਪੱਧਰ ਤੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ ਨੌਰਦ ਜੀ ਨੇ ਕਿਹਾ ਕਿ ਅੱਜ ਵਿਸਾਖੀ ਦਾ ਦਿਹਾੜਾ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਜਾਤ-ਪਾਤ ਖਤਮ ਕਰਕੇ ਮਨੁੱਖਤਾ ਨੂੰ ਨਵੀਂ ਸੇਧ ਵੀ ਦਿੱਤੀ। ਇਸ ਦਿਨ ਦੀਆਂ ਵੀ ਸਮੂਹ ਸੰਗਤਾਂ ਨੂੰ ਬਹੁਤ ਬਹੁਤ ਮੁਬਾਰਕਾ ਹੋਣ। ਇਸ ਮੌਕੇ ਰਿਟਾਇਰਡ ਪ੍ਰਿੰਸੀਪਲ ਧਰਮ ਪਾਲ, ਰਿਟਾਇਰਡ ਪ੍ਰਿੰਸੀਪਲ ਰਾਵਲ ਸਿੰਘ, ਲੈਕਚਰਾਰ ਨਰੇਸ਼ ਭੱਟੀ, ਕੁਲਵਿੰਦਰ ਲਾਲ ਭੱਟੀ, ਅਰਸ਼ਦੀਪ ਭੱਟੀ, ਧੰਨਾ ਰਾਮ, ਓਮ ਪ੍ਰਕਾਸ਼, ਸੁਖਵਿੰਦਰ ਲਾਲ, ਅਸ਼ੋਕ ਕੁਮਾਰ ਅਤੇ ਹੋਰ ਸਾਥੀਆਂ ਵਿੱਚ ਰੇਸ਼ਮ ਸੁਨਿਆਰਾ ਮੂਸਾਪੁਰ ਤੇ ਦੇਸ਼ ਰਾਜ ਰਾਹੋਂ ਵੀ ਮੌਜੂਦ ਸਨ।

# ਡਾ: ਬੀ. ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਪ੍ਰੀਤ ਨਗਰ ਨੇ ਮਨਾਇਆ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਜਨਮ ਦਿਵਸ

## ਅਜ਼ਾਦ ਰੰਗ ਮੰਚ ਕਲਾਂ ਭਵਨ ਫਗਵਾੜੇ ਦੀ ਟੀਮ ਵਲੋਂ ਪੇਸ਼ " ਦਾ ਗ੍ਰੇਟ ਅੰਬੇਡਕਰ " ਨਾਟਕ ਰਿਹਾ ਖਿੱਚ ਦਾ ਕੇਂਦਰ

**ਫਗਵਾੜਾ 16 (ਬੀ. ਕੇ. ਰੱਤੂ)–** ਮਾਨਵਤਾ ਦੇ ਮਸੀਹਾ ਭਾਰਤ ਰਤਨ ਡਾ: ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਦਾ ਆਯੋਜਨ ਡਾ: ਬੀ।ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਵਲੋਂ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਪ੍ਰੀਤ ਨਗਰ ਫਗਵਾੜਾ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਸਮੇਂ ਸ੍ਰੀ ਹਰਮੇਸ਼ ਲਾਲ ਯੂ.ਐਸ.ਏ ਬਤੌਰ ਮੁੱਖ-ਮਹਿਮਾਨ ਅਤੇ ਸ੍ਰੀ ਸਤਪਾਲ ਦਾਦਰਾ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਡਾ: ਬੀ. ਆਰ ਅੰਬੇਡਕਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸ।ਹਰੀ ਸਿੰਘ ਅਤੇ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ। ਗੁਰਮੀਤ ਸਿੰਘ ਨੇ ਸਾਝੇਂ ਤੌਰ ਤੇ ਕੀਤੀ। ਸ. ਸਾਧੂ ਸਿੰਘ ਜੱਸਲ ਦੀ ਨਿਰਦੇਸ਼ਨਾ ਅਧੀਨ ਪ੍ਰੀਤ ਕਲਾ ਕੇਂਦਰ ਫਗਵਾੜਾ ਦੀ ਬਾਲ ਕਲਾਕਾਰ ਟੀਮ ਨੇ 'ਧੀ 'ਅਤੇ 'ਆਪਣਾ ਪੰਜਾਬ' ਕੋਰੀਓਗਰਾਫੀਆਂ ਦੀਆਂ ਬੇਹਤਰੀਨ ਪੇਸ਼ਕਾਰੀਆਂ ਨਾਲ ਪੰਡਾਲ ਕੀਲ ਕੇ ਰੱਖ ਦਿੱਤਾ। ਅਜ਼ਾਦ ਰੰਗ ਮੰਚ (ਰਜਿ) ਕਲਾਂ ਭਵਨ ਫਗਵਾੜੇ ਦੀ ਟੀਮ ਨੇ 'ਦਾ ਗ੍ਰੇਟ ਅੰਬੇਡਕਰ' ਨਾਟਕ ਖੇਡ ਕੇ ਪ੍ਰੋਗਰਾਮ ਨੂੰ ਸਿਖਰਾਂ ਤੱਕ ਪਹੁੰਚਾਇਆ। ਸਮੁੱਚੇ







ਪ੍ਰੋਗਰਾਮ ਦੌਰਾਨ ਡਾਕਟਰ ਸਾਹਿਬ ਜੀ ਦੀ ਜੀਵਨੀ, ਕਾਰਜ਼ਸ਼ੈਲੀ ਤੇ ਵਿਚਾਰਧਾਰਾ ਤੇ ਪੜਾਅਵਾਰ ਚਾਨਣਾ ਪਾਇਆ। ਉਨ੍ਹਾ ਵਲੋਂ ਮਨੱਖਤਾ ਦੇ ਭਲੇ ਲਈ ਪੜੋ-ਜੁੜੋ-ਸੰਘਰਸ਼ ਕਰੋ ਦੇ ਦਿੱਤੇ ਨਾਹਰੇ ਨੂੰ ਸਕਾਰ ਕਰਨ ਲਈ ਸਮੂਹਕ ਰੂਪ ਵਿਚ ਡੱਟਣ ਦਾ ਹੋਕਾ ਦਿੱਤਾ ਤਾਂ ਜੋ ਸਮਾਨਤਾ, ਸਤੰਤਰਤਾ, ਅੰਧਵਿਸ਼ਵਾਸ਼ ਤੋ ਮੁਕਤ, ਜਾਤ-ਪਾਤ ਤੋ ਰਹਿਤ, ਕਿਰਤੀ ਲੋਕਾਂ ਦੀ ਪ੍ਰਗਤ ਵਾਲਾ ਸਮਾਜ ਸਿਰਜਿਆ ਜਾ ਸਕੇ।

ਮੰਚ ਸੰਚਾਲਨਾ ਸੁਸਾਇਟੀ ਦੇ ਸਕੱਤਰ ਵਿਜੈ ਕੁਮਾਰ ਵਲੋਂ ਬਾ- ਖੂਬੀ ਨਿਭਾਈ। ਅੰਤ ਵਿੱਚ ਆਏ ਮਹਿਮਾਨਾ ਦਾ ਸਨਮਾਨ ਕੀਤਾ ਗਿਆ। ਬਾਲ ਕਲਾਕਾਰਾਂ ਅਤੇ ਲਿਖਤੀ ਟੈਸਟ ਵਿਚੋ ਚੰਗੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਜੱਥੇਦਾਰ ਪ੍ਰੀਤਮ ਸਿੰਘ, ਇਸ ਸਮੇਂ ਸਾਬਕਾ ਕੌਂਸਲਰ ਮੈਡਮ ਸਰਬਜੀਤ ਕੌਰ, ਸਾਬਕਾ ਕੌਂਸਲਰ ਮੈਡਮ ਪਰਮਜੀਤ ਕੌਰ, ਸਮਾਜ ਸੇਵਿਕਾ ਮੈਡਮ ਪ੍ਰਿਤਪਾਲ ਕੌਰ ਤੁੱਲੀ, ਹਰਚਰਨ ਭਾਰਤੀ, ਗੁਰਚਰਨ ਗੁਰੁ, ਦੌਲਤ ਰਾਮ, ਭੁਪਿੰਦਰ ਸਿੰਘ ਮਾਹੀ, ਰਵਿੰਦਰ ਸਿੰਘ ਬੰਗਾ, ਦਵਿੰਦਰ ਕੌਰ, ਸਵਰਨ ਕੌਰ ਸਾਬਕਾ ਬੀ.ਪੀ.ਈ.ਓ, ਵਰਿੰਦਰ ਸਿੰਘ ਕੰਬੋਜ਼, ਜਸਵਿੰਦਰ ਸਿੰਘ ਭਗਤਪੁਰਾ, ਬਖਸ਼ੀਸ਼ ਜੱਸੀ, ਪਲਮਿੰਦਰ ਸਿੰਘ, ਜਸਦੀਪ ਬੈਂਸ, ਮੋਹਿਤ ਬੱਧਨ, ਕਰਨਪ੍ਰੀਤ, ਗੋਰਵ ਬੱਧਨ, ਚੰਨਪ੍ਰੀਤ ਸਿੰਘ, ਓਮ ਪ੍ਰਕਾਸ਼ ਜੱਖੂ, ਕੁਲਦੀਪ ਜੱਖੂ, ਜਸਕਰਨ ਬੈਂਸ, ਕੈਪਟਨ ਦਿਆਲ ਚੰਦ , ਗੁਰਦੀਪ ਸਿੰਘ ਤੁੱਲੀ ਆਦਿ ਹਾਜ਼ਰ ਸਨ।

# ਸਰਕਾਰ ਮੰਡੀਆਂ 'ਚ ਕਿਸਾਨਾਂ ਨੂੰ ਕੋਈ ਵੀ ਮੁਸ਼ਕਿਲ ਨਾ ਆਉਣ ਦੇਣ ਲਈ ਵਚਨਬੱਧ-ਐਮ ਐਲ ਏ ਸੰਤੋਸ਼ ਕਟਾਰੀਆ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੀ ਭਗਵੰਤ ਮਾਨ ਸਰਕਾਰ ਮੰਡੀਆਂ 'ਚ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਾ ਆਉਣ ਦੇਣ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਅੱਜ ਬਲਾਚੌਰ ਹਲਕੇ ਦੀਆਂ ਵੱਖ-ਵੱਖ ਮੰਡੀਆਂ 'ਚ ਕਣਕ ਦੀ ਰਸਮੀ ਖਰੀਦ ਦੀ ਸ਼ੁਰੂਆਤ ਕਰਵਾਉਣ ਮੌਕੇ ਕੀਤਾ।



ਬਲਾਚੌਰ, ਕਾਠਗੜ੍ਹ, ਕਰਾਵਰ/ਮਜਾਰੀ, ਸੜੋਆ ਤੇ ਸਾਹਿਬਾ ਮੰਡੀਆਂ 'ਚ ਖਰੀਦ ਸ਼ੁਰੂ ਕਰਵਾਉਣ ਪੁੱਜੇ ਵਿਧਾਇਕ ਸ੍ਰੀਮਤੀ ਕਟਾਰੀਆ ਨੇ ਆਖਿਆ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਹਰ ਮੁਸ਼ਕਿਲ ਸਮੇਂ ਬਾਂਹ ਫੜੀ ਹੈ। ਚਾਹੇ ਉਹ ਖਰਾਬੇ ਦੀ ਵਿਸ਼ੇਸ਼ ਗਿਰਦਾਵਰੀ ਦਾ ਸਮਾਂ ਹੋਵੇ ਜਾਂ ਫ਼ਿਰ ਮੰਡੀਆਂ 'ਚ ਵਿਕਣ ਆਈ ਜਿਣਸ 'ਤੇ ਕੇਂਦਰ ਸਰਕਾਰ ਵੱਲੋਂ ਲਾਏ 'ਵੈਲਿਊ ਕੱਟ' ਦਾ ਮੁੱਦਾ ਹੋਵੇ। ਉਨ੍ਹਾਂ ਕਿਹਾ ਕਿ ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੇ ਕੁਦਰਤੀ ਆਫ਼ਤ ਕਾਰਨ ਹੋਏ ਖਰਾਬੇ ਦੇ ਮੁਆਵਜ਼ੇ 'ਚ ਇਕੱਠਾ 25 ਫ਼ੀਸਦੀ ਦਾ ਵਾਧਾ ਕੀਤਾ ਹੋਵੇ। ਉਨ੍ਹਾਂ ਕਿਹਾ ਕਿ ਮੁਸੀਬਤ ਦੀ ਘੜੀ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਹਮੇਸ਼ਾਂ ਕਿਸਾਨਾਂ ਨਾਲ ਖੜ੍ਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ 'ਚ ਸ਼ਨੀਵਾਰ ਸ਼ਾਮ ਤੱਕ 10 ਹਜ਼ਾਰ ਮੀਟ੍ਰਿਕ ਟਨ ਦੇ ਕਰੀਬ ਖਰੀਦ ਹੋ ਚੁੱਕੀ ਹੈ, ਜਿਸ 'ਚੋਂ ਇਕੱਲੀ 6 ਹਜ਼ਾਰ ਮੀਟ੍ਰਿਕ ਟਨ ਦੀ ਆਮਦ ਅਤੇ ਖਰੀਦ ਅੱਜ ਦਰਜ ਕੀਤੀ ਗਈ। ਉਨ੍ਹਾਂ ਦੱਸਿਆ ਕਿ ਖਰੀਦ ਕੀਤੀ ਗਈ ਜਿਣਸ ਅਦਾਇਗੀ ਅਗਲੇ ਦਿਨ ਤੱਕ ਨਾਲੋ-ਨਾਲ ਕਰਨ ਦੀ ਹਦਾਇਤ ਕੀਤੀ ਗਈ ਹੈ ਤਾਂ ਜੋ ਕਿਸਾਨਾਂ ਦੀਆਂ ਨਵੀਂ ਫ਼ਸਲ ਦੇ ਆਉਣ ਨਾਲ ਲਾਈਆਂ ਆਸਾਂ ਪੂਰੀਆਂ ਹੋ ਸਕਣ। ਵਿਧਾਇਕਾ ਕਟਾਰੀਆ ਨੇ ਦੱਸਿਆ ਕਿ ਜ਼ਿਲ੍ਹੇ 'ਚ 90 ਫ਼ੀਸਦੀ ਤੋਂ ਵਧੇਰੇ ਰਕਬੇ ਦੀ ਖਰਾਬੇ ਦੀ ਗਿਰਦਾਵਰੀ ਕੀਤੀ ਜਾ ਚੁੱਕੀ ਹੈ, ਜਿਸ ਦਾ ਅਗਲੇ ਦਿਨਾਂ 'ਚ ਮੁਆਵਜ਼ਾ ਵੀ ਜਾਰੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਵੇਂ ਜ਼ਿਲ੍ਹੇ 'ਚ ਮਾਲ ਪਟਵਾਰੀਆਂ ਦੀਆਂ ਅਸਾਮੀਆਂ ਖਾਲੀ ਹਨ ਪਰ ਤਾਂ ਵੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਖ ਕੇ, ਨਵੇਂ ਭਰਤੀ ਪਟਵਾਰੀਆਂ ਨੂੰ ਇਸ ਕੰਮ 'ਚ ਨਾਲ ਲਾਇਆ ਗਿਆ ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਾ ਆਵੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਜੋ ਕਹਿੰਦੀ ਹੈ, ਉਸ 'ਤੇ ਹਮੇਸ਼ਾਂ ਪੂਰਾ ਉਤਰਦੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਦੇ 600 ਯੂਨਿਟ ਤੱਕ ਦਾ ਜ਼ੀਰੋ ਬਿੱਲ ਆਮ ਲੋਕਾਂ ਲਈ ਵੱਡੀ ਰਾਹਤ ਹੈ। ਇਸ ਦੌਰੇ ਮੌਕੇ ਉਨ੍ਹਾਂ ਨਾਲ ਕਾਠਗੜ੍ਹ ਮੰਡੀ 'ਚ ਮੌਜੂਦ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੀ ਡਗਮਗਾਈ ਆਰਥਿਕ ਹਾਲਤ ਨੂੰ ਆਪਣੀ ਇਮਾਨਦਾਰੀ ਅਤੇ ਨੇਕਨੀਅਤੀ ਨਾਲ ਉੱਪਰ ਚੁੱਕਿਆ ਹੈ।

ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਨਾਲ ਆਪ ਆਗੂ ਅਸ਼ੋਕ ਕਟਾਰੀਆ, ਚੰਦਰ ਮੋਹਨ ਜੇ ਡੀ, ਹਨੀ ਡੱਬ, ਪ੍ਰਵੀਨ ਪੱਪਾ ਪੁਰੀ, ਜੌਲੀ ਬੈਂਸ, ਬਲਦੇਵ ਰਾਜ, ਗੁਰਚੈਨ ਬੇਗਮਪੁਰ, ਸਤਨਾਮ ਸਹੂੰਗੜਾ, ਕੁਲਦੀਪ ਕੁਮਾਰ ਤੇ ਰਣਜੀਤ ਸਿੰਘ ਕਾਕਾ ਆਦਿ ਮੌਜੂਦ ਸਨ।

# ਖ਼ਾਲਸ ਕਾਲਜ ਦੇ ਵਿਦਿਆਰਥੀਆਂ ਨੇ ਮਧੂ ਮੱਖੀ ਪਾਲਣ ਤੇ ਅਨਾਜ਼ ਭੰਡਾਰਨ ਸਬੰਧੀ ਦੌਰਾ ਕੀਤਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਲਾਈਫ਼ ਸਾਇੰਸ ਵਿਭਾਗ ਦੇ ਵਿਦਿਆਰਥੀਆਂ ਵਲੋਂ ਮਧੂ ਮੱਖੀ ਪਾਲਣ ਸਬੰਧੀ ਜਾਣਕਾਰੀ ਹਾਸਿਲ ਕਰਨ ਲਈ ਖੇਤਾਂ ਦਾ ਦੌਰਾ ਕੀਤਾ ਗਿਆ ਤੇ ਅਨਾਜ਼ ਭੰਡਾਰਨ ਸਬੰਧੀ ਜਾਣਕਾਰੀ ਹਾਸਿਲ ਕਰਨ ਲਈ ਐਫਸੀਆਈ ਗੁਦਾਮ ਗੜ੍ਹਸ਼ੰਕਰ ਦਾ ਦੌਰਾ ਕੀਤਾ ਗਿਆ। ਵਿਭਾਗ ਮੁੱਖੀ ਡਾ ਮਨਬੀਰ ਕੌਰ ਦੀ ਅਗਵਾਈ ਹੇਠ ਬੀਐਸਸੀ ਅਤੇ ਬੀਐਸਸੀ-ਬੀਐਡ ਛੇਵੇਂ ਸਮੈਸਟਰ ਦੇ ਵਿਦਿਆਰਥੀਆਂ ਨੇ ਪਹਿਲਾ ਪਿੰਡ ਹਾਜੀਪੁਰ ਵਿਖੇ ਮਧੂ ਮੱਖੀ ਪਾਲਕ ਸਾਹਿਲ ਪਾਸੋਂ ਮਧੂ ਮੱਖੀ ਪਾਲਣ ਸਬੰਧੀ ਜਾਣਕਾਰੀ ਹਾਸਿਲ ਕੀਤੀ। ਇਸ ਮੌਕੇ ਸਾਹਿਲ ਨੇ ਆਪਣੇ ਮਧੂ ਮੱਖੀ ਪਾਲਣ ਦੇ ਕਈ ਸਾਲਾਂ ਦੇ ਤਜ਼ਰਬੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਐਫਸੀਆਈ ਗੁਦਾਮ ਗੜ੍ਹਸ਼ੰਕਰ ਦੇ ਦੌਰੇ ਦੌਰਾਨ ਮੈਨੇਜਰ ਸੰਜੇ ਤਨੇਜਾ ਅਤੇ ਤਕਨੀਕੀ ਸਹਾਇਕ ਵੈਬੂਆ ਗਰਗ ਨੇ ਵਿਦਿਆਰਥੀਆਂ ਨੂੰ ਅਨਾਜ਼ ਭੰਡਾਰਣ ਦੇ ਤਰੀਕੇ ਅਤੇ ਅਨਾਜ਼ ਦੀ ਸਾਂਭ-ਸੰਭਾਲ ਦੇ ਢੰਗ ਅਤੇ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਪ੍ਰੋ ਅਸ਼ਵਨੀ ਕੁਮਾਰ, ਪ੍ਰੋ ਜਸਪ੍ਰੀਤ ਕੌਰ, ਜਸਪਾਲ ਸਿੰਘ ਤੇ ਹਰਦੀਪ ਸਿੰਘ।

# ਡਾ ਅੰਬੇਡਕਰ ਦਾ 132ਵਾਂ ਜਨਮ ਦਿਵਸ ਮਨਾਇਆ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ

## ਬਾਬਾ ਸਾਹਿਬ ਦੀ ਵਿਚਾਰਧਾਰਾ ਹੀ ਦੇਸ਼ ਨੂੰ ਅੱਗੇ ਲਿਜਾ ਸਕਦੀ ਹੈ – ਪ੍ਰੋਫੈਸਰ ਰਤਨ ਸਿੰਘ









**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ) ਵੱਲੋਂ ਅੰਬੇਡਕਰ ਭਵਨ ਟਰੱਸਟ ਜਲੰਧਰ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਦੇ ਸਹਿਯੋਗ ਨਾਲ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦਾ 132ਵਾਂ ਜਨਮ ਦਿਵਸ ਅੰਬੇਡਕਰ ਭਵਨ ਵਿਖੇ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਅੰਬੇਡਕਰ ਭਵਨ ਬਾਬਾ ਸਾਹਿਬ ਦੀ ਚਰਨਛੋਹ ਪ੍ਰਾਪਤ ਧਰਤੀ ਹੈ। ਇਸੇ ਧਰਤੀ ਤੇ 27 ਅਕਤੂਬਰ, 1951 ਨੂੰ ਬਾਬਾ ਸਾਹਿਬ ਡਾ। ਅੰਬੇਡਕਰ ਪਧਾਰੇ ਸਨ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਸਮਾਗਮ ਵਿਚ ਪ੍ਰੋਫੈਸਰ (ਡਾ।) ਰਤਨ ਸਿੰਘ ਪੀਐਚਡੀ, ਡਾਇਰੈਕਟਰ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਲੀਗਲ ਸਟੱਡੀਜ਼, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਮੁੱਖ ਮਹਿਮਾਨ ਅਤੇ ਸ੍ਰੀ ਚਿਰੰਜੀ ਲਾਲ ਕੰਗਣੀਵਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਫੈਸਰ ਰਤਨ ਸਿੰਘ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਡਾ ਅੰਬੇਡਕਰ ਦੀ ਵਿਚਾਰਧਾਰਾ ਹੀ ਦੇਸ਼ ਨੂੰ ਅੱਗੇ ਲਿਜਾ ਸਕਦੀ ਹੈ। ਬਾਬਾ ਸਾਹਿਬ ਦੀ ਵਿਚਾਰਧਾਰਾ ਪੂਰੀ ਇਨਸਾਨੀਅਤ ਦੇ ਭਲੇ ਦੀ ਗੱਲ ਕਰਦੀ ਹੈ ਇਸੇ ਲਈ ਦੁਨੀਆ ਦੇ ਬਹੁਤ ਸਾਰੇ ਦੇਸ਼ ਬਾਬਾ ਸਾਹਿਬ ਡਾ। ਅੰਬੇਡਕਰ ਦੀ ਵਿਚਾਰਧਾਰਾ ਨੂੰ ਅਪਣਾ ਰਹੇ ਹਨ। ਚਿਰੰਜੀ ਲਾਲ ਕੰਗਣੀਵਾਲ ਨੇ ਬਾਬਾ ਸਾਹਿਬ ਡਾ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀ ਸਿਧਾਂਤਕ ਸਾਂਝ ਤੇ ਵਿਸਥਾਰ ਨਾਲ ਚਾਨਣਾ ਪਾਇਆ। ਚਿਰੰਜੀ ਲਾਲ ਨੇ ਕਿਹਾ ਕਿ ਇਨ੍ਹਾਂ ਦੋਹਾਂ ਮਹਾਪੁਰਸ਼ਾਂ ਦੀ ਸਿਧਾਂਤਕ ਸਾਂਝ ਨੂੰ ਤੋੜਨ ਲਈ ਕੁਝ ਤਾਕਤਾਂ ਵੱਲੋਂ ਛੜਯੰਤਰ ਰਚਿਆ ਜਾ ਰਿਹਾ ਹੈ ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਪ੍ਰਸਿੱਧ ਅੰਬੇਡਕਰੀ ਲਾਹੌਰੀ ਰਾਮ ਬਾਲੀ ਨੇ ਕਿਹਾ ਕਿ ਅੱਜ ਬਾਬਾ ਸਾਹਿਬ ਦੇ ਵਿਰੋਧੀ ਵੀ ਆਪਣੇ ਸਵਾਰਥ ਲਈ ਉਨ੍ਹਾਂ ਦਾ ਨਾਂ ਬੜੇ ਜੋਰਾਂ ਸ਼ੋਰਾਂ ਨਾਲ ਲੈ ਰਹੇ ਹਨ। ਅੰਬੇਡਕਰ ਭਵਨ ਟਰੱਸਟ (ਰਜਿ।) ਦੇ ਜਨਰਲ ਸਕੱਤਰ ਡਾ। ਜੀ ਸੀ ਕੌਲ ਨੇ ਵੀ ਬਾਬਾ ਸਾਹਿਬ ਡਾ। ਅੰਬੇਡਕਰ ਦੁਆਰਾ ਕੀਤੇ ਗਏ ਸੰਘਰਸ਼ਾਂ ਅਤੇ ਅੱਜ ਦੇ ਹਾਲਾਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਮਾਗਮ ਦੌਰਾਨ ਡਾ ਸਾਹਿਬ ਸਿੰਘ ਦੁਆਰਾ ਸਮਾਜ ਨੂੰ ਸੇਧ ਦੇਣ ਵਾਲਾ ਨਾਟਕ 'ਲੱਛੂ ਕਬਾੜੀਆ' ਪੇਸ਼ ਕੀਤਾ ਗਿਆ ਜੋ ਸਮਾਜਿਕ ਨਾਬਰਾਬਰੀ ਤੇ ਕਰਾਰੀ ਚੋਟ ਮਾਰਦਾ ਕਈ ਸਵਾਲ ਖੜੇ ਕਰ ਗਿਆ। ਸਮਾਗਮ ਦੌਰਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਵੱਲੋਂ ਪ੍ਰਕਾਸ਼ਤ ਸੌਵੇਨਿਰ ਵੀ ਰਿਲੀਜ ਕੀਤਾ ਗਿਆ। ਕਲਾਕਾਰ ਜਗਤਾਰ ਵਰਿਆਣਵੀ ਅਤੇ ਪਾਰਟੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਗੀਤਾਂ ਰਾਹੀਂ ਪੇਸ਼ ਕੀਤਾ। ਸੁਸਾਇਟੀ ਦੇ ਪ੍ਰਧਾਨ ਸੋਹਨ ਲਾਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਮੁਖ ਮਹਿਮਾਨ 'ਤੇ ਵਿਸ਼ੇਸ਼ ਮਹਿਮਾਨ ਦੀ ਜਾਣ ਪਛਾਣ ਕਰਾਈ ਅਤੇ ਐਡਵੋਕੇਟ ਪਰਮਿੰਦਰ ਸਿੰਘ ਖੁੱਤਣ ਨੇ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਚਰਨ ਦਾਸ ਸੰਧੂ ਅਤੇ ਐਡਵੋਕੇਟ ਕੁਲਦੀਪ ਭੱਟੀ ਨੇ ਬਾਖੂਬੀ ਕੀਤਾ। ਇਸ ਮੌਕੇ ਹੋਰਾਂ ਤੋਂ ਇਲਾਵਾ ਬਲਦੇਵ ਰਾਜ ਭਾਰਦਵਾਜ ਮੈਡਮ ਸੁਦੇਸ਼ ਕਲਿਆਣ, ਤਿਲਕ ਰਾਜ, ਡਾ ਮਹਿੰਦਰ ਸੰਧੂ, ਡਾ ਚਰਨਜੀਤ ਸਿੰਘ, ਡਾ ਰਾਹੁਲ ਕੁਮਾਰ, ਸਿਧਾਰਥ ਕੁਮਾਰ ਭਾਰਦਵਾਜ, ਰਾਜ ਕੁਮਾਰ, ਸੁਖਰਾਜ, ਮਲਕੀਤ ਸਿੰਘ, ਪ੍ਰਿੰਸੀਪਲ ਸੋਮਨਾਥ ਮੱਲ, ਪ੍ਰੋ ਬਲਬੀਰ, ਪ੍ਰੋ ਅਸ਼ਵਨੀ ਜੱਸਲ, ਪ੍ਰੋ। ਅਸ਼ਵਨੀ ਵਾਲੀਆ, ਪ੍ਰੋ ਸਰੋਜ ਰਾਣੀ, ਤੇਜਪ੍ਰੀਤ ਕੌਰ, ਬੋਧ ਪ੍ਰਿਆ, ਪ੍ਰੀਤਿ ਆਦਿ ਹਾਜ਼ਰ ਸਨ।

# ਹੈਕਰਾਂ ਨੇ ਲੱਭਿਆ ਆਨਲਾਈਨ ਧੋਖਾਧੜੀ ਦਾ ਨਵਾਂ ਤਰੀਕਾ

**ਅੰਮ੍ਰਿਤਸਰ–**ਆਨਲਾਈਨ ਪੈਸਿਆਂ ਦੀ ਲੈਣ ਦੇਣ ਕਰਨ ਦਾ ਸਭ ਤੋਂ ਆਸਾਨ ਤਰੀਕਾ ਮੋਬਾਇਲ ਫੋਨਾਂ ਰਾਹੀਂ ਇੱਕ ਖਾਤੇ ਤੋਂ ਦੂਜੇ ਖਾਤੇ ਵਿਚ ਪੈਸੇ ਟਰਾਂਸਫਰ ਕਰਨਾ ਸੀ, ਪਰ ਇਸ ਸਿਸਟਮ ਨੂੰ ਚਲਾਕ ਲੋਕਾਂ ਵੱਲੋਂ ਠੱਗੀ ਮਾਰਨ ਦਾ ਜ਼ਰੀਆ ਬਣਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸਰਕਾਰ ਲੋਕਾਂ ਦੀ ਸਹੂਲਤ ਲਈ ਸਾਰੇ ਵਿਭਾਗਾਂ ਦੇ ਕੰਮਕਾਜ ਨੂੰ ਆਨਲਾਈਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਸ ਵਿਚ ਬੈਂਕ ਅਤੇ ਪੈਸੇ ਨਾਲ ਸਬੰਧਤ ਹੋਰ ਐਪਸ ਆਦਿ ਵੀ ਅਛੂਤੇ ਨਹੀਂ ਹਨ ਪਰ ਹੁਣ ਇਹ ਘੱਟ ਸੁਵਿਧਾਜਨਕ ਸਾਬਤ ਹੋ ਰਹੀਆਂ ਹਨ। ਲੋਕਾਂ ਲਈ ਅਸੁਵਿਧਾਜਨਕ ਆਨਲਾਈਨ ਧੋਖਾਦੇਹੀ ਕਰਨ ਵਾਲੇ ਇੰਨੇ ਚਲਾਕ ਹਨ ਕਿ ਪੜ੍ਹੇ-ਲਿਖੇ ਲੋਕਾਂ ਨੂੰ ਵੀ ਉਨ੍ਹਾਂ ਦੀਆਂ ਗੱਲਾਂ ਦੀ ਆੜ ’ਚ ਫ਼ਸਾ ਕੇ ਮੋਟੀ ਰਕਮ ਦੀ ਠੱਗੀ ਮਾਰ ਲੈਂਦੇ ਹਨ। ਅਜਿਹਾ ਨਹੀਂ ਹੈ ਕਿ ਪੁਲਸ ਨੂੰ ਇਸ ਦੀ ਜਾਣਕਾਰੀ ਨਹੀਂ ਹੈ। ਇਸ ਤਰ੍ਹਾਂ ਦੀ ਧੋਖਾਦੇਹੀ ਕਈ ਪੁਲਸ ਮੁਲਾਜ਼ਮਾਂ ਨਾਲ ਵੀ ਹੋ ਚੁੱਕੀ ਹੈ, ਜਿਨ੍ਹਾਂ ਨੇ ਇਸ ਧੋਖਾਦੇਹੀ ’ਚ ਆਪਣੀ ਬਚਤ ਦੇ ਲੱਖਾਂ ਰੁਪਏ ਗਵਾਏ ਹਨ। ਜ਼ਿਆਦਾਤਰ ਲੋਕ ਬੈਂਕਾਂ ਅਤੇ ਪੈਸੇ ਅਤੇ ਬੱਚਤ ਨਾਲ ਜੁੜੀ ਸਾਰੀ ਜਾਣਕਾਰੀ ਆਪਣੇ ਮੋਬਾਈਲ ਫੋਨ ‘ਤੇ ਹੀ ਰੱਖਦੇ ਹਨ।



### ਪੁਲਸ ਲਈ ਗਲੇ ਦੀ ਹੱਡੀ ਬਣੇ ਅਜਿਹੇ ਮਾਮਲੇ

ਧੋਖਾਦੇਹੀ ਦੇ ਅਜਿਹੇ ਕਈ ਮਾਮਲੇ ਅਜੇ ਵੀ ਅੰਮ੍ਰਿਤਸਰ ਦੀ ਸਿਟੀ ਅਤੇ ਦਿਹਾਤੀ ਪੁਲਸ ਲਈ ਗਲੇ ਦੀ ਹੱਡੀ ਬਣੇ ਹੋਏ ਹਨ, ਯਾਨੀ ਕਿ ਅਜੇ ਤੱਕ ਉਨ੍ਹਾਂ ਨੂੰ ਹੱਲ ਨਹੀਂ ਕੀਤਾ ਗਿਆ ਹੈ। ਅਜਿਹੇ ਮਾਮਲਿਆਂ ਨੂੰ ਦੇਖਦੇ ਹੋਏ ਪੁਲਸ ਸੂਚਨਾ ਮਿਲਣ ’ਤੇ ਤੁਰੰਤ ਮਾਮਲੇ ਤਾਂ ਦਰਜ ਕਰ ਲੈਂਦੀ ਹੈ ਪਰ ਇਨ੍ਹਾਂ ਨੂੰ ਹੱਲ ਕਰਨ ’ਚ ਅਸਮਰਥ ਸਾਬਤ ਹੁੰਦੀ ਹੈ। ਹਾਲਾਂਕਿ ਪੁਲਸ ਨੇ ਹੁਣ ਇਸ ਦੇ ਲਈ ਇੱਕ ਵੱਖਰਾ ਸਾਈਬਰ ਸੈੱਲ ਬਣਾਇਆ ਹੈ, ਜੋ ਕਿ ਕਾਫੀ ਹੱਦ ਤੱਕ ਹੈਕਰ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ, ਪਰ ਫਿਰ ਵੀ ਪੁਲਸ ਮੁਲਜ਼ਮ ਨੂੰ ਟਰੇਸ ਕਰਨ ਲਈ ਆਪਣਾ ਪੱਲਾ ਝਾੜਦੀ ਰਹਿੰਦੀ ਹੈ।

ਇਸੇ ਤਰ੍ਹਾਂ ਪਿਛਲੇ ਕਈ ਦਿਨਾਂ ਤੋਂ ਆਨਲਾਈਨ ਧੋਖਾਦੇਹੀ ਦੇ ਕਈ ਮਾਮਲੇ ਅੰਮ੍ਰਿਤਸਰ ਸਿਟੀ ਪੁਲਸ ਦੇ ਧਿਆਨ ’ਚ ਆਏ ਹਨ, ਜਿਨ੍ਹਾਂ ’ਚ ਪੀੜਤਾਂ ਨਾਲ ਆਨਲਾਈਨ ਧੋਖਾਧੜੀ ਰਾਹੀਂ ਲੱਖਾਂ ਰੁਪਏ ਦੀ ਠੱਗੀ ਮਾਰੀ ਗਈ ਹੈ। ਹਾਲ ਹੀ ‘ਚ ਥਾਣਾ ਮਜੀਠਾ ਰੋਡ ’ਚ ਇਕ ਮਾਮਲਾ ਦਰਜ ਹੋਇਆ ਸੀ, ਜਿਸ ’ਚ ਦੀਪਤੀ ਮਹਿਰਾ ਨੂੰ ਸਿਮ ਦੀ ਮਿਆਦ ਖ਼ਤਮ ਹੋਣ ਦੀ ਗੱਲ ਕਹਿ ਕੇ 1,50,000 ਰੁਪਏ ਦੀ ਆਨਲਾਈਨ ਠੱਗੀ ਮਾਰੀ ਗਈ ਸੀ। ਇਸ ਵਿੱਚ ਰੋਹਨ ਨਾਂ ਦੇ ਵਿਅਕਤੀ ਨੇ ਉਸ ਨਾਲ ਫੋਨ ਰਾਹੀਂ ਠੱਗੀ ਮਾਰੀ।

### ਕਈ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਨਾਂ ’ਤੇ ਮਾਰੀ ਜਾ ਰਹੀ ਹੈ ਠੱਗੀ

ਹੈਕਰ ਭੋਲੇ ਭਾਲੇ ਲੋਕਾਂ ਨੂੰ ਮੋਬਾਇਲ ਫੋਨਾਂ ’ਤੇ ਵੱਖ-ਵੱਖ ਸਹੂਲਤਾਂ ਦੇ ਕੇ ਧੋਖਾ ਦਿੰਦੇ ਹਨ ਜਾਂ ਧਮਕੀ ਦਿੰਦੇ ਹਨ ਕਿ ਤੁਹਾਡੇ ਕ੍ਰੈਡਿਟ ਕਾਰਡ ਦੀ ਮਿਆਦ ਖ਼ਤਮ ਹੋ ਰਹੀ ਹੈ ਜਾਂ ਵੈਧਤਾ ਦੀ ਮਿਆਦ ਖ਼ਤਮ ਹੋਣ ਕਾਰਨ ਤੁਹਾਡਾ ਸਿਮ ਨੰਬਰ ਬੰਦ ਹੋ ਰਿਹਾ ਹੈ, ਕਿਉਂਕਿ ਤੁਹਾਡੀ ਪੂਰੀ ਜਾਣਕਾਰੀ ਸਾਡੀ ਕੰਪਨੀ ਕੋਲ ਨਹੀਂ ਹੈ ਅਤੇ ਜੇਕਰ ਤੁਸੀਂ ਇਸ ਨੰਬਰ ਨੂੰ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਸੀਂ ਅਜਿਹਾ ਕਰੋਗੇ, ਫਿਰ ਤੁਹਾਨੂੰ ਇਕ ਓ। ਟੀ। ਪੀ ਮਿਲੇਗਾ ਨੰਬਰ ਆਵੇਗਾ, ਜੋ ਸਾਡੇ ਨਾਲ ਸਾਂਝਾ ਕਰਨਾ ਹੋਵੇਗਾ। ਜਦੋਂ ਵਿਅਕਤੀ ਓ।ਟੀ।ਪੀ ਜੇਕਰ ਕੋਈ ਵਿਅਕਤੀ ਨੰਬਰ ਸਾਂਝਾ ਕਰਦਾ ਹੈ, ਤਾਂ ਪੰਜ ਮਿੰਟਾਂ ਵਿੱਚ ਹੀ ਹੈਕਰ ਦੁਆਰਾ ਉਸਦਾ ਬੈਂਕ ਖ਼ਾਤਾ ਖ਼ਾਲੀ ਕਰ ਦਿੱਤਾ ਜਾਂਦਾ ਹੈ।

### ਪੈਸੇ ਦਾ ਭੁਗਤਾਨ ਅਸਾਨ ਕਰਨ ਲਈ ਬਣਾਏ ਗਏ ਸਨ ਐਪਸ

ਪੈਸਿਆਂ ਦੀ ਲੈਣ ਦੇਣ ਕਰਨ ਦਾ ਸਭ ਤੋਂ ਆਸਾਨ ਤਰੀਕਾ ਮੋਬਾਇਲ ਫੋਨਾਂ ਰਾਹੀਂ ਇੱਕ ਖਾਤੇ ਤੋਂ ਦੂਜੇ ਖਾਤੇ ਵਿਚ ਪੈਸੇ ਟਰਾਂਸਫਰ ਕਰਨਾ ਸੀ, ਪਰ ਇਸ ਸਿਸਟਮ ਨੂੰ ਚਲਾਕ ਲੋਕਾਂ ਵੱਲੋਂ ਠੱਗੀ ਮਾਰਨ ਦਾ ਜ਼ਰੀਆ ਬਣਾ ਦਿੱਤਾ ਗਿਆ। ਇਸ ਤੋਂ ਇਲਾਵਾ ਹੁਣ ਮੋਬਾਈਲ ਫੋਨ, ਗੂਗਲ ਪੇ, ਫੋਨ ਪੇ, ਪੇਟੀਐਮ ’ਤੇ ਕਈ ਐਪਸ ਹਨ ਅਤੇ ਲੋਕਾਂ ਨੂੰ ਸਹੂਲਤ ਦੇਣ ਲਈ ਮਾਹਿਰਾਂ ਵੱਲੋਂ ਕਈ ਆਨਲਾਈਨ ਐਪਸ ਆਦਿ ਬਣਾਈਆਂ ਗਈਆਂ ਸਨ ਪਰ ਹੁਣ ਇਨ੍ਹਾਂ ਐਪਾਂ ਨੂੰ ਠੱਗੀ ਮਾਰਨ ਵਾਲੇ ਸ਼ਰਾਰਤੀ ਅਨਸਰਾਂ ਨੇ ਆਪਣਾ ਹਥਿਆਰ ਬਣਾ ਲਿਆ ਹੈ। ਇਸ ਨਾਲ ਉਹ ਕਿਤੇ ਬੈਠ ਕੇ ਵੀ ਕਿਸੇ ਦੇ ਬੈਂਕ ਖਾਤੇ ‘ਚੋਂ ਕੁਝ ਹੀ ਮਿੰਟਾਂ ‘ਚ ਪੂਰੀ ਰਕਮ ਕੱਢਵਾ ਸਕਦੇ ਹਨ।

### ਹੈਕਰਾਂ ਨੇ ਲੱਭਿਆ ਨਵਾਂ ਤਰੀਕਾ

ਹੁਣ ਹੈਕਰਾਂ ਨੇ ਧੋਖਾਦੇਹੀ ਦਾ ਨਵਾਂ ਤਰੀਕਾ ਲੱਭ ਲਿਆ ਹੈ। ਇਸ ਦੀਆਂ ਉਦਾਹਰਣਾਂ ਕੈਨੇਡਾ ਦੇ ਬਰੈਮਟਨ ਸ਼ਹਿਰ ਵਿੱਚ ਰਹਿਣ ਵਾਲੇ ਹਾਰਦਿਕ ਗੁਪਤਾ ਅਤੇ ਮਾਂਟਰੀਅਲ ਵਿਚ ਰਹਿਣ ਵਾਲੇ ਨਵਜੋਤ ਸਿੰਘ ਟੰਡਨ ਨੇ ਦਿੱਤੀਆਂ ਹਨ। ਉਨ੍ਹਾਂ ਦਾ ਇੰਸਟਾਗ੍ਰਾਮ ਹੈਕਰਾਂ ਨੇ ਹੈਕ ਕਰ ਲਿਆ ਅਤੇ ਉਸ ਦੇ ਕੁਝ ਜਾਣਕਾਰਾਂ ਨੂੰ ਫੋਨ ਕਰ ਕੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਉਸ ਨੂੰ ਕਿਸੇ ਕਾਰਨ ਹਜ਼ਾਰਾਂ ਰੁਪਏ ਦੀ ਲੋੜ ਹੈ, ਪਹਿਲਾਂ ਤਾਂ ਉਨ੍ਹਾਂ ਦੇ ਜਾਣਕਾਰ ਡਰ ਗਏ ਅਤੇ ਫਿਰ ਜਦੋਂ ਉਨ੍ਹਾਂ ਨੇ ਹਾਰਦਿਕ ਨੂੰ ਸਿੱਧਾ ਕੈਨੇਡਾ ਬੁਲਾ ਕੇ ਪੁੱਛਿਆ ਤਾਂ ਉਸ ਨੂੰ ਕੁਝ ਨਹੀਂ ਹੋਇਆ ਅਤੇ ਨਾ ਹੀ ਉਸ ਨੂੰ ਪੈਸਿਆਂ ਦੀ ਲੋੜ ਹੈ, ਫਿਰ ਸਾਰੇ ਜਾਣਕਾਰਾਂ ਨੇ ਸਾਹ ਲਿਆ ਕਿ ਉਹ ਠੀਕ ਹੈ, ਭਾਵ ਇਹ ਹੈਕਰ ਹੁਣ ਲੋਕਾਂ ਦੇ ਮਨਾਂ ਨਾਲ ਖਿਲਵਾੜ ਕਰ ਕੇ ਲੋਕਾਂ ਨੂੰ ਡਰਾ ਧਮਕਾ ਕੇ ਫੋਨ ‘ਤੇ ਪੈਸੇ ਦੀ ਮੰਗ ਕਰ ਰਹੇ ਹਨ ਅਤੇ ਫਿਰ ਜਦੋਂ ਲੋਕ ਅਚਾਨਕ ਡਰ ਜਾਂਦੇ ਹਨ ਤਾਂ ਤੁਰੰਤ ਪੈਸੇ ਪਾ ਦਿੰਦੇ ਹਨ। ਫਿਰ ਉਹ ਧੋਖਾਧੜੀ ਦਾ ਸ਼ਿਕਾਰ ਹੋ ਜਾਂਦੇ ਹਨ।

### ਲੋਕਾਂ ਨੂੰ ਹੋਣਾ ਪਵੇਗਾ ਖੁਦ ਜਾਗਰੂਕ

ਲੋਕਾਂ ਨੂੰ ਹੁਣ ਅਜਿਹੇ ਮਾਮਲਿਆਂ ਪ੍ਰਤੀ ਖੁਦ ਹੀ ਜਾਗਰੂਕ ਹੋਣਾ ਪਵੇਗਾ, ਤਾਂ ਹੀ ਅਜਿਹੇ ਮਾਮਲਿਆਂ ‘ਤੇ ਕਾਬੂ ਪਾਇਆ ਜਾ ਸਕੇਗਾ। ਕਿਸੇ ਅਣਪਛਾਤੇ ਵਿਅਕਤੀਆਂ ਦੀ ਕਾਲ ਆਉਂਦੀ ਹੈ ਤਾਂ ਉਹ ਧਿਆਨ ਨਾਲ ਫ਼ੋਨ ਸੁਣਨ ਅਤੇ ਕਿਸੇ ਨੂੰ ਵੀ ਓ। ਟੀ। ਪੀ। ਕਿਸੇ ਹੋਰ ਬੈਂਕ ਨਾਲ ਸਬੰਧਤ ਜਾਂ ਕ੍ਰੈਡਿਟ ਕਾਰਡ ਨਾਲ ਸਬੰਧਤ ਜਾਣਕਾਰੀ ਸਾਂਝੀ ਨਾ ਕਰਨ, ਕਿਸੇ ਨੂੰ ਵੀ ਨਾ ਦੱਸੋ ਨਹੀਂ ਤਾਂ, ਇਸ ਜਾਣਕਾਰੀ ਨੂੰ ਸਾਂਝਾ ਕਰਨ ਨਾਲ ਕਿਸੇ ਵੀ ਸਮੇਂ ਉਨ੍ਹਾਂ ਨਾਲ ਆਨਲਾਈਨ ਧੋਖਾਦੇਹੀ ਹੋ ਸਕਦੀ ਹੈ।

# ਭਾਰਤ ‘ਚ ਕੈਂਸਰ ਵਿਰੋਧੀ ਦਵਾਈ ਵੀ2ਐੱਸ2 ਦਾ ਹੋਵੇਗਾ ਕਲੀਨਿਕਲ ਟਰਾਇਲ

**ਨਵੀਂ ਦਿੱਲੀ–** ਭਾਰਤ ‘ਚ ਹਰ ਸਾਲ ਕੈਂਸਰ ਨਾਲ ਲਗਭਗ 5 ਲੱਖ ਲੋਕਾਂ ਦੀ ਮੌਤ ਹੁੰਦੀ ਹੈ। ਇੱਕ ਅੰਦਾਜ਼ੇ ਮੁਤਾਬਕ ਭਾਰਤ ਵਿੱਚ ਹਰ ਸਾਲ ਕੈਂਸਰ ਦੇ ਲਗਭਗ 10 ਲੱਖ ਨਵੇਂ ਮਾਮਲੇ ਸਾਹਮਣੇ ਆਉਂਦੇ ਹਨ। ਕੈਂਸਰ ਨੂੰ ਨਿਯੰਤਰਣ ਵਿੱਚ ਲਿਆਉਣ ਲਈ ਵਾਰ-ਵਾਰ ਇਲਾਜ ਜਿਵੇਂ ਕਿ ਰੇਡੀਏਸ਼ਨ, ਕੀਮੋਥੈਰੇਪੀ ਅਤੇ ਸਰਜਰੀ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਇਲਾਜ ਮਰੀਜ਼ਾਂ ਨੂੰ ਥਕਾ ਦਿੰਦੇ ਹਨ ਅਤੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਨੂੰ ਘਟਾ ਦਿੰਦੇ ਹਨ। ਹੁਣ ਕੇਂਦਰੀ ਆਯੁਸ਼ ਮੰਤਰਾਲੇ ਦੇ ਅਧੀਨ ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ (ਐਨਆਈਏ) ਨੇ ਆਪਣੀ ਪਹਿਲਕਦਮੀ ਦੇ ਅਧੀਨ ਕੈਂਸਰ ਵਿਰੋਧੀ ਆਯੁਰਵੈਦਿਕ ਦਵਾਈ ਵੀ2ਐੱਸ2 ਦੀ ਪ੍ਰਭਾਵਸ਼ੀਲਤਾ ਦੀ ਜਾਂਚ ਕਰਨ ਲਈ ਟਾਟਾ ਮੈਮੋਰੀਅਲ ਹਸਪਤਾਲ, ਮੁੰਬਈ, ਜੰਮੂ ਕਸ਼ਮੀਰ ਦੇ ਆਯੂਸ਼ ਡਾਇਰੈਕਟੋਰੇਟ ਜਨਰਲ ਅਤੇ ਏਆਈਐਮਆਈਐਲ ਫਾਰਮਾਸਿਊਟੀਕਲਜ਼ ਦੇ ਨਾਲ ਹੱਥ ਮਿਲਾਇਆ।

ਨੈਸ਼ਨਲ ਇੰਸਟੀਚਿਊਟ ਆਫ ਆਯੁਰਵੇਦ ਐਨਆਈਏ ਦੁਆਰਾ ਵਿਕਸਤ ਵੀ2ਐੱਸ2 ਦਾ ਫਾਰਮੂਲਾ ਕਈ ਚਿਕਿਤਸਕ ਪੌਦਿਆਂ ਦੇ ਹਾਈਡ੍ਰੋ-ਅਲਕੋਹਲਿਕ ਐਬਸਟਰੈਕਟ ਤੋਂ ਤਿਆਰ ਕੀਤਾ ਜਾਂਦਾ ਹੈ। ਪ੍ਰਯੋਗਸ਼ਾਲਾ ਟੈਸਟਾਂ ਵਿੱਚ ਇਸਦੇ ਐਂਟੀ-ਕਾਰਸੀਨੋਜਨਿਕ ਗੁਣਾਂ ਦੀ ਪੁਸ਼ਟੀ ਪਹਿਲਾ ਹੀ ਹੋ ਚੁੱਕੀ ਹੈ। ਇਹ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਅਤੇ ਕੈਂਸਰ ਸੈੱਲਾਂ ਦੇ ਵਿਕਾਸ ਨੂੰ ਰੋਕਣ ਵਿੱਚ ਵੀ ਪ੍ਰਭਾਵਸ਼ਾਲੀ ਪਾਇਆ ਗਿਆ ਹੈ। ਇਸਦੇ ਇਲਾਜ ਇਨ-ਵੀਵੋ ਟੈਸਟਿੰਗ ਲਈ ਨਵੀਨਤਮ ਸਮਝੌਤੇ ‘ਤੇ ਹਸਤਾਖਰ ਕੀਤੇ ਗਏ ਹਨ। ਸਮਝੌਤੇ ‘ਤੇ ਹਸਤਾਖਰ ‘ਤੇ ਪ੍ਰਤੀਕਿਰਿਆ ਦਿੰਦੇ ਹੋਏ ਜੈਪੁਰ ਸਥਿਤ ਐਨਆਈਏ ਦੇ ਵਾਈਸ ਚਾਂਸਲਰ ਸੰਜੀਵ ਸ਼ਰਮਾ ਨੇ ਕਿਹਾ ਕਿ ਜਾਨਵਰਾਂ ‘ਤੇ ਇਸ ਦਵਾਈ ਦੀ ਟੈਸਟਿੰਗ ਜਲਦ ਹੀ ਸ਼ੁਰੂ ਹੋਵੇਗੀ।

ਸੰਜੀਵ ਸ਼ਰਮਾ ਨੇ ਕਿਹਾ, “ਇਹ ਟਰਾਇਲ ਟਾਟਾ ਮੈਮੋਰੀਅਲ ਹਸਪਤਾਲ ਮੁੰਬਈ ਵਿੱਚ 9-12 ਮਹੀਨਿਆਂ ਦੀ ਮਿਆਦ ਵਿੱਚ ਆਯੋਜਿਤ ਕੀਤੇ ਜਾਣਗੇ। ਨਤੀਜਿਆਂ ਦੇ ਆਧਾਰ ‘ਤੇ ਮਨੁਖਾਂ ਦਾ ਟਰਾਇਲ ਐਨਆਈਏ ਅਤੇ ਜੰਮੂ ਕਸ਼ਮੀਰ ਆਯੂਸ਼ ਵਿਭਾਗ ਦੁਆਰਾ ਕੀਤਾ ਜਾਵੇਗਾ। ਦਵਾਈ ਦਾ ਨਿਰਮਾਣ ਕੰਮ ਏਮਿਲ ਫਾਰਮਾਸਿਊਟੀਕਲਸ ਨੂੰ ਸੌਂਪਿਆ ਗਿਆ ਹੈ, ਜੋ ਇਸ ਨੂੰ ਸਰਵਜਨਿਕ ਬਜ਼ਾਰਾ ਵਿੱਚ ਲਾਂਚ ਕਰੇਗਾ।

# ਮਿਸ਼ਨ ਨੂੰ ਸਮਰਪਿਤ ਕਵਾਲੀ "ਹੱਕਾਂ ਲਈ ਉੱਠ" ਹੋਈ ਰਿਲੀਜ - ਸੀਟੂ ਬਾਈ

**ਫਗਵਾੜਾ 13 ਅਪ੍ਰੈਲ (ਬੀ ਕੇ ਰੱਤੂ)** ਭਾਰਤ ਦੇ ਸੰਵਿਧਾਨ ਨਿਰਮਾਤਾ, ਭਾਰਤੀ ਨਾਰੀ ਦੇ ਮੁਕਤੀਦਾਤਾ, ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ 132 ਵੇਂ ਜਨਮ ਦਿਵਸ ਮੌਕੇ ਮਿਸ਼ਨ ਨੂੰ ਸਮਰਪਿਤ ਕਵਾਲੀ "ਹੱਕਾਂ ਲਈ ਉੱਠ" ਨੂੰ ਪ੍ਰਸਿੱਧ ਕਵਾਲ ਪਾਰਟੀ ਬੀ। ਐੱਸ। ਬੱਲੀ ਕਵਾਲ ਪਾਸਲੇ ਵਾਲੇ, ਐੱਸ। ਕੇ। ਸਾਗਰ ਅਤੇ ਪਾਰਟੀ ਦੀ ਅਵਾਜ ਵਿੱਚ ਰਿਕਾਰਡ ਕਰਵਾ ਕੇ ਨਿਰਮਾਤਾ ਅਤੇ ਨਿਰਦੇਸ਼ਕ ਸੀਟੂ ਬਾਈ ਦੀ ਦੇਖ ਰੇਖ ਹੇਠ ਰਿੰਗ ਰਿਕਾਰਡਸ ਕੰਪਨੀ ਦੇ ਬੈਨਰ ਹੇਠ ਸੋਸ਼ਲ ਸਾਈਟਾਂ ਤੇ ਰਿਲੀਜ ਕੀਤਾ ਗਿਆ ਹੈ ।ਸੀਟੂ ਬਾਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੱਕਾਂ ਲਈ ਉੱਠ ਕਵਾਲੀ ਨੂੰ ਪ੍ਰਸਿੱਧ ਗੀਤਕਾਰ ਮਾਹੀ ਮਿੱਠਾਪੁਰੀ ਨੇ ਬਹੁਤ ਹੀ ਵਧੀਆ ਢੰਗ ਨਾਲ ਲਿਖਿਆ ਹੈ। ਜਿਸ ਵਿੱਚ ਬਾਬਾ ਸਾਹਿਬ ਦੇ ਮਿਸ਼ਨ ਅਤੇ ਸੰਘਰਸ਼ ਆਦਿ ਦੀ ਗੱਲ ਕਰਦਿਆਂ ਆਪਣੇ ਹੱਕਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੀਤਕਾਰ ਮਾਹੀ ਮਿੱਠਾਪੁਰੀ ਦੀ ਇਹ ਨਿਵੇਕਲੀ ਕੋਸ਼ਿਸ਼ ਜਿਹੜੇ ਬਾਬਾ ਸਾਹਿਬ ਨੂੰ ਸਮਝ ਗਏ ਹੱਕਾਂ ਲਈ ਉੱਠ ਖਲੋਵਣਗੇ। ਕੱਵਾਲੀ ਨੂੰ ਸਰੋਤਿਆਂ ਵਲੋਂ ਪਸੰਦ ਕੀਤਾ ਜਾ ਰਿਹਾ ਹੈ। ਨਿਰਦੇਸ਼ਕ ਸੀਟੂ ਬਾਈ ਦੀ ਨਿਰਦੇਸ਼ਨਾਂ ਹੇਠ ਭਾਗ ਫਿਲਮ ਪ੍ਰੋਡਕਸ਼ਨ ਦੀ ਟੀਮ ਵਲੋਂ ਇਸ ਦੀ ਵੀਡੀਓ ਦਾ ਫਿਲਮਾਂਕਣ ਕੀਤਾ ਗਿਆ ਹੈ। ਇਸ ਦੀ ਰਿਕਾਰਡਿੰਗ ਅਤੇ ਇਸ ਦਾ ਸੰਗੀਤ ਟੀ ਐੱਮ ਸੀ ਸਟੂਡੀਓ ਵਿੱਚ ਵਰੁਨ ਠੁਕਰਾਲ ਅਤੇ ਪੂਰੀ ਟੀਮ ਵਲੋਂ ਤਿਆਰ ਕੀਤਾ ਗਿਆ ਹੈ।



# ਏਅਰ ਇੰਡੀਆ ਦੇ ਕੀਵੀ ਬੌਸ ਦਾ ਇਸ਼ਾਰਾ ਨੌਰਥ ਅਮਰੀਕਾ ਤੇ ਯੂਰਪ ਤੋਂ ਬਾਅਦ ਲੱਗੇਗਾ ਨੰਬਰ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਏਅਰ ਇੰਡੀਆ ਦੇ ਐਮ. ਡੀ. ਅਤੇ ਸੀ. ਈ.ਓ ਸ੍ਰੀ ਕੈਂਪਬਲ ਵਿਲਸਨ ਨੇ ਜਿੱਥੇ ਹਾਲ ਹੀ ਵਿਚ ਏਅਰ ਇੰਡੀਆ ਦੇ ਲਈ ਨਵੇਂ ਸਟਾਫ ਦੀ ਭਰਤੀ ਕਰ ਲਈ ਹੈ, ਉਥੇ ਤਨਖਾਹਾਂ ਦੇ ਵਿਚ ਵਾਧਾ ਕਰਕੇ ‘ਏਅਰ ਇੰਡੀਆ’ ਨੂੰ ਹੋਰ ਉਚੀਆਂ ਉਡਾਣਾ ਉਤੇ ਲਿਜਾਉਣ ਦੀਆਂ ਸਕੀਮਾਂ ਚੱਲ ਰਹੀਆਂ ਹਨ। ਫਰਵਰੀ ਮਹੀਨੇ ਏਅਰ ਇੰਡੀਆ ਨੇ 70 ਬਿਲੀਅਨ ਡਾਲਰ ਦੇ ਆਰਡਰ ਨਾਲ 470 ਨਵੇਂ ਜਹਾਜ਼ ਖਰੀਦਣ ਦਾ ਐਲਾਨ ਕਰਕੇ ਪੂਰੀ ਦੁਨੀਆ ਦੀਆਂ ਏਅਰ ਲਾਈਨਾਂ ਨੂੰ ਹੈਰਾਨੀ ਵਿਚ ਪਾ ਦਿੱਤਾ ਸੀ। 220 ਜਹਾਜ਼ ਬੋਇੰਗ ਖਰੀਦੇ ਜਾ ਰਹੇ ਹਨ ਅਤੇ 250 ਏਅਰ ਬੱਸ ਸ਼੍ਰੇਣੀ ਦੇ ਖਰੀਦੇ ਜਾ ਰਹੇ ਹਨ। ਨਿਊਜ਼ੀਲੈਂਡ ਨੂੰ ਸਿੱਧੀਆਂ ਉਡਾਣਾ ਦੇ ਲਈ ਕੀਵੀ ਬੌਸ ਦਾ ਕਹਿਣਾ ਹੈ ਕਿ ਪਹਿਲ ਨੌਰਥ ਅਮਰੀਕਾ ਅਤੇ ਯੂਰਪ ਨੂੰ ਦਿੱਤੀ ਜਾ ਰਹੀ ਹੈ ਅਤੇ ਇਸ ਤੋਂ ਬਾਅਦ ਨਿਊਜ਼ੀਲੈਂਡ ਆਸਟਰੇਲੀਆ ਦਾ ਨੰਬਰ ਆ ਸਕਦਾ ਹੈ। ਇਸਦੇ ਲਈ ਜਰੂਰੀ ਸਮਝੌਤੇ ਹੋਣੇ ਕਾਰਜਾਂ ਵਿਚ ਸ਼ਾਮਿਲ ਹੈ। ਵਰਨਣਯੋਗ ਹੈ ਕਿ ਏਅਰ ਇੰਡੀਆ ਦੇ 777-200 ਐਲ. ਆਰ. ਜਹਾਜ਼ ਕਰੋਨਾ ਕਾਲ ਦੌਰਾਨ ਇਥੇ ਫਸੇ ਭਾਰਤੀਆਂ ਨੂੰ ਵਾਪਿਸ ਲਿਜਾ ਚੁੱਕੇ ਹਨ। ਸੋ 16 ਘੰਟੇ ਤੱਕ ਫਲਾਈਟ ਸਮੇਂ ਤੱਕ ਉਨ੍ਹਾਂ ਦੀ ਸਮਰੱਥਾ ਹੈ। ਇਕ ਸਵਾਲ ਕਿ ‘‘ਕੀ ਨਿਊਜ਼ੀਲੈਂਡ ਨੂੰ ਸਿੱਧੀ ਨਾਨ ਸਟਾਪ ਫਲਾਈਟ ਚੱਲੇਗੀ।’’ ਦੇ ਜਵਾਬ ਵਿਚ ਉਨ੍ਹਾਂ ‘ਹਾਂ’ ਕਿਹਾ ਹੈ ਪਰ ਕਿਹਾ ਹੈ ਕਿ ਇਸ ਵੇਲੇ ਪਹਿਲ ਨਹੀਂ ਹੈ, ਜਿਵੇਂ-ਜਿਵੇਂ ਨਵੇਂ ਜਹਾਜ਼ ਸ਼ਾਮਿਲ ਹੋਣਗੇ, ਉਸੇ ਹਿਸਾਬ ਨਾਲ ਦੇਸ਼ ਸ਼ਾਮਿਲ ਹੋਣਗੇ। ਅੰਦਾਜ਼ਾ ਹੈ ਕਿ 2024 ਦੇ ਅਖੀਰ ਤੱਕ ਨਿਊਜ਼ੀਲੈਂਡ ਦਾ ਨੰਬਰ ਲਗ ਸਕਦਾ ਹੈ।




# ਬੁੱਧ ਪੂਰਨਿਮਾ ਦੇ ਪਵਿੱਤਰ ਤਿਉਹਾਰ 'ਤੇ ਭਗਵੰਤ ਮਾਨ ਸਰਕਾਰ ਸਰਕਾਰੀ ਛੁੱਟੀ ਦਾ ਐਲਾਨ ਕਰੇ -ਐਡਵੋਕੇਟ ਭੱਟੀ

**ਫਗਵਾੜਾ 13 ਅਪ੍ਰੈਲ (ਬੀ ਕੇ ਰੱਤੂ)–** ਡਾ ਅੰਬੇਡਕਰ ਬੁਧਿੱਸਟ ਰਿਸੋਰਟ ਸੈਂਟਰ ਮੈਨੇਜਿਨ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਭਾਰਤੀ ਸੰਵਿਧਾਨ ਨਿਰਮਾਤਾ, ਨਾਰੀ ਜਾਤੀ ਦੇ ਮੁਕਤੀਦਾਤਾ, ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ 'ਤੇ ਸਮੁੱਚੀ ਮਾਨਵਤਾ ਨੂੰ ਵਧਾਈ ਦਿੰਦੀਆਂ ਕਿਹਾ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਵੀ ਤਥਾਗਤ ਬੁੱਧ ਨੂੰ ਆਪਣਾ ਗੁਰੂ ਮੰਨਦੇ ਹੋਏ ਬੁੱਧ ਧੰਮ ਗ੍ਰਹਿਣ ਕੀਤਾ ਸੀ। ਉਨ੍ਹਾਂ ਕਿਹਾ ਬੁੱਧ ਪੂਰਨਿਮਾ ਦਾ ਪਵਿੱਤਰ ਤਿਉਹਾਰ 5 ਮਈ ਨੂੰ ਸੂਬੇ ਦਾ ਨਾਲ ਨਾਲ ਪੂਰੇ ਦੇਸ਼ ਅੰਦਰ ਅਤੇ ਵਿਦੇਸ਼ਾਂ ਵਿੱਚ ਵੀ ਮਨਾਇਆ ਜਾ ਰਿਹਾ ਹੈ। ਉਨ੍ਹਾਂ ਬੁੱਧ ਪੂਰਨਿਮਾ ਦੇ ਪਵਿੱਤਰ ਤਿਉਹਾਰ ਮੌਕੇ ਸੂਬੇ ਦੀ ਭਗਵੰਤ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਬੁੱਧ ਪੂਰਨਿਮਾ ਦੇ ਪਵਿੱਤਰ ਤਿਉਹਾਰ 'ਤੇ ਸਰਕਾਰੀ ਛੁੱਟੀ ਦਾ ਐਲਾਨ ਕਰਕੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਮੌਕੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨੀ ਚਾਹੀਦੀ ਹੈ। ਐਡਵੋਕੇਟ ਕੁਲਦੀਪ ਰਾਮ ਭੱਟੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਜਦੋਂ ਵੀ ਵਿਦੇਸ਼ ਜਾਂਦੇ ਹਨ ਤਾਂ ਆਪਣੇ ਸੰਬੋਧਨ ਵਿੱਚ ਕਹਿੰਦੇ ਹਨ ਕਿ ਉਹ ਬੁੱਧ ਦੇ ਦੇਸ਼ ਤੋਂ ਆਏ ਹਨ। ਪੰਜਾਬ ਅੰਦਰ ਵੀ ਬੁੱਧ ਧਰਮ ਬਹੁਤ ਹੀ ਤੇਜ਼ੀ ਨਾਲ ਫੈਲ ਰਿਹਾ ਹੈ। ਜਿਵੇਂ ਬਾਕੀ ਤਿਉਹਾਰਾਂ ਮੌਕੇ ਸਰਕਾਰੀ ਛੁੱਟੀ ਦਾ ਐਲਾਨ ਹੁੰਦਾ ਹੈ ਉਸੇ ਤਰ੍ਹਾਂ ਹੀ ਬੁੱਧ ਪੂਰਨਿਮਾ ਦੇ ਪਵਿੱਤਰ ਦਿਹਾੜੇ ਤੇ ਵੀ ਸੂਬਾ ਸਰਕਾਰ ਨੂੰ ਛੁੱਟੀ ਦਾ ਐਲਾਨ ਕਰਨਾ ਚਾਹੀਦਾ ਹੈ। ਜੇਕਰ ਸੂਬਾ ਸਰਕਾਰ ਬੁੱਧ ਪੂਰਨਿਮਾ ਦੇ ਪਵਿੱਤਰ ਤਿਉਹਾਰ 'ਤੇ ਸਾਡੀ ਮੰਗ ਨੂੰ ਅਣਗੌਲਿਆਂ ਕਰਦੀ ਹੈ ਤਾਂ ਇਹ ਬਾਬਾ ਸਾਹਿਬ ਦੇ ਪੈਰੋਕਾਰਾਂ ਅਤੇ ਬੁੱਧ ਧਰਮ ਨੂੰ ਮੰਨਣ ਵਾਲਿਆਂ ਨਾਲ ਬਹੁਤ ਹੀ ਵੱਡੀ ਬੇਇਨਸਾਫੀ ਹੋਵੇਗੀ।



ਇਸ ਮੌਕੇ ਪ੍ਰਵੀਨ ਬੰਗਾ, ਸ੍ਰੀਮਤੀ ਰਚਨਾ ਦੇਵੀ, ਬਲਦੇਵ ਜੱਸਲ, ਇੰਦਰਜੀਤ ਅਟਾਰੀ, ਹਰਬਲਾਸ ਬਸਰਾ, ਸੁਰਿੰਦਰ ਕਲੇਰ, ਨਰਿੰਦਰ ਬਿੱਲਾ ਸਾਬਕਾ ਸਰਪੰਚ, ਸਤਨਾਮ ਬਿਰਹਾ, ਡਾ ਹਰਜਿੰਦਰ ਜੱਖੂ, ਰਾਮਪਾਲ ਝੱਲੀ, ਕੁਲਦੀਪ ਤੇ ਸੁਰਿੰਦਰ ਜਗਤਪੁਰ ਜੱਟਾਂ, ਤਰਸੇਮ ਚੁੰਬਰ, ਹੈਪੀ ਕੌਲ,ਪ੍ਰਮਜੀਤ ਖਲਵਾੜਾ, ਸੋਢੀ ਰਾਮ ਝੱਲੀ, ਮੌਂਟੀ ਮਹਿਮੀ, ਸੁਰਿੰਦਰ ਰਾਵਲਪਿੰਡੀ, ਹੀਰਾ ਬੰਗਾ, ਅਮਰ ਚੰਦ ਅਟਾਰੀ, ਦੀਨ ਦਿਆਲ, ਵਿਜੇ ਗੁਣਾਚੌਰ, ਸੋਨੂ ਪਹਿਲਵਾਨ, ਹੈਪੀ ਬੋਧ ਆਦਿ ਨੇ ਪੰਜਾਬ ਸਰਕਾਰ ਤੋਂ ਬੁੱਧ ਪੂਰਨਿਮਾ ਦੇ ਪਵਿੱਤਰ ਤਿਉਹਾਰ ਦੀ ਸਰਕਾਰੀ ਛੁੱਟੀ ਦੀ ਮੰਗ ਕੀਤੀ।

# ਘਟ ਰਹੇ ਦਾਖਲਿਆਂ ਸਬੰਧੀ ਉੱਚ ਅਧਿਕਾਰੀ ਬੇਲੋੜੇ ਦਬਾਅ ਤੋਂ ਗੁਰੇਜ਼ ਕਰਨ : ਡੀ ਟੀ ਐੱਫ

**ਚੰਡੀਗੜ੍ਹ, (ਦਲਜੀਤ ਕੌਰ)** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਘਟ ਰਹੇ ਦਾਖਲਿਆਂ ਬਾਰੇ ਸਿੱਖਿਆ ਵਿਭਾਗ ਦੁਆਰਾ ਅਧਿਆਪਕਾਂ ਉੱਤੇ ਬਣਾਏ ਜਾ ਰਹੇ ਮਾਨਸਿਕ ਦਬਾਅ ਦਾ ਨੋਟਿਸ ਲੈਂਦਿਆਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਅਜਿਹੇ ਦਬਾਅ ਬਣਾਉਣ ਤੋਂ ਗੁਰੇਜ਼ ਕਰਨ ਅਤੇ ਸਰਕਾਰ ਨੂੰ ਇਸ ਦੇ ਅਸਲੀ ਕਾਰਣਾਂ ਨੂੰ ਘੋਖਣ ਲਈ ਯਤਨਸ਼ੀਲ ਹੋਣ ਦੀ ਸਲਾਹ ਦਿੱਤੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਜਿਸ ਤਰ੍ਹਾਂ ਅਧਿਆਪਕਾਂ ਨੂੰ ਘੱਟ ਦਾਖਲਿਆਂ ਲਈ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਘਰ ਘਰ ਜਾ ਕੇ ਦਾਖ਼ਲੇ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਵਾਰ ਵਾਰ ਮੀਟਿੰਗਾਂ ਕਰਕੇ ਦਾਖਲਾ ਟੀਚੇ ਪੂਰਾ ਕਰਨ ਲਈ ਕਿਹਾ ਜਾ ਰਿਹਾ ਹੈ, ਇਹ ਸਰਾਸਰ ਗੈਰ ਮਨੋਵਿਗਿਆਨਕ ਹੈ। ਡੀ ਟੀ ਐੱਫ ਦੇ ਸੂਬਾਈ ਆਗੂਆਂ ਜਗਪਾਲ ਬੰਗੀ, ਬੇਅੰਤ ਫੂਲੇਵਾਲਾ, ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਜਸਵਿੰਦਰ ਔਜਲਾ, ਰਘਵੀਰ ਭਵਾਨੀਗੜ੍ਹ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਕੋਲ ਸਿੱਖਿਆ ਦੀ ਸਥਿਤੀ ਸੁਧਾਰਨ ਲਈ ਕੋਈ ਨੀਤੀ ਹੀ ਨਹੀਂ ਹੈ, ਸਿਰਫ ਅਧਿਆਪਕਾਂ ਤੇ ਦਬਾਅ ਬਣਾਕੇ, ਵੱਡੇ ਵੱਡੇ ਪੋਸਟਰ ਲਾ ਕੇ ਜਾਂ ਦਾਖਲੇ ਵਧਾਉਣ ਦੀਆਂ ਮੁਹਿੰਮਾਂ ਚਲਾ ਕੇ ਸਿੱਖਿਆ ਸੁਧਾਰ ਨਹੀਂ ਕੀਤੇ ਜਾ ਸਕਦੇ। ਆਗੂਆਂ ਨੇ ਐਲਾਨ ਕੀਤਾ ਕਿ ਦਾਖਲੇ ਵਧਾਉਣ ਦਾ ਬੇਲੋੜੇ ਦਬਾਅ ਅਧੀਨ ਜੇਕਰ ਅਧਿਆਪਕ ਸੰਘਰਸ਼ ਦਾ ਰਾਹ ਫੜ੍ਹਦੇ ਹਨ ਤਾਂ ਇਸਦੀ ਜ਼ਿੰਮੇਵਾਰੀ ਸਿੱਖਿਆ ਵਿਭਾਗ ਦੀ ਹੋਵੇਗੀ।

# ਸਾਹਿਤ, ਸੂਝ ਤੇ ਭਵਿੱਖ ਦੀਆਂ ਸੂਹਜ ਭਰਪੂਰ ਪਗਡੰਡੀਆਂ



ਕੇਹਰ ਸ਼ਰੀਫ
+49 173 3546050

**ਸੋਚ-ਵਿਚਾਰ** ਕਰਦਿਆਂ ਕਈ ਵਾਰ ਕੁੱਝ ਵਿਸ਼ੇ ਸ਼ਾਇਦ ਕਈਆਂ ਨੂੰ ਔਖੇ ਲੱਗਦੇ ਹੋਣ ਪਰ ਅਜਿਹੀ ਵਿਚਾਰ-ਚਰਚਾ ਤੋਂ ਬਿਨਾਂ ਜ਼ਿੰਦਗੀ ਬੜੀ ਹੀ ਅਧੂਰੀ, ਬਹੁਤ ਹੀ ਫਿੱਕੀ ਤੇ ਰਸ-ਹੀਣ ਹੋ ਜਾਂਦੀ ਹੈ। ਸਾਹਿਤ ਨਾਲ ਜੁੜਿਆ ਇਨਸਾਨ ਆਮ ਕਰਕੇ ਰੱਜੀ ਰੂਹ ਵਾਲਾ ਜਗਿਆਸੂ ਮਨੁੱਖ ਹੁੰਦਾ ਹੈ ਕਿਉਂਕਿ ਉਸਦੇ ਕੋਲ ਅਜਿਹਾ ਸਰਮਾਇਆ ਤੇ ਸਮਝ ਹੁੰਦੀ ਹੈ ਜਿਸ ਦੇ ਗੁਆਚ ਜਾਣ ਜਾਂ ਫੇਰ ਚੋਰੀ ਹੋ ਜਾਣ ਦਾ ਡਰ ਨਹੀਂ ਹੁੰਦਾ, ਗਿਆਨ ਦਾ ਸਰਮਾਇਆ ਅਜਿਹਾ ਹੈ ਜੋ ਕਦੇ ਘਟਦਾ ਨਹੀਂ, ਜਿੰਨਾ ਵੰਡੋ ਜਾਂ ਵਰਤੋ ਹਮੇਸ਼ਾ ਵਧਦਾ ਹੀ ਰਹਿੰਦਾ ਹੈ। ਆਪਣੇ ਲੋਕਾਂ ਵਾਸਤੇ ਦਿਲ 'ਚ ਦਰਦ ਰੱਖਦਾ ਸਾਹਿਤਕਾਰ ਕੋਮਲਭਾਵੀ ਹੋਣ ਕਰਕੇ ਹਮੇਸ਼ਾ ਹੀ ਸੱਚ ਨਾਲ ਖੜ੍ਹਦਾ ਹੈ, ਸੱਚ ਦਾ ਸਾਥ ਦਿੰਦਾ ਹੈ, ਸੱਚ ਹੀ ਉਸਦਾ ਇਸ਼ਟ ਹੋ ਜਾਂਦਾ ਹੈ। ਉਹ ਆਪਣੇ ਸਮਾਜ ਨੂੰ ਹਮੇਸ਼ਾ ਹੀ ਪਹਿਲਾਂ ਤੋਂ ਚੰਗਾ ਦੇਖਿਆ ਚਾਹੁੰਦਾ ਹੈ। ਉਸ ਦੇ ਮਨ ਅੰਦਰ ਸਮਾਜ ਦੀ ਖੂਬਸੂਰਤੀ ਦੇ ਨਕਸ਼ੇ ਬਣਦੇ ਹਨ ਜੋ ਉਸਦੀਆਂ ਲਿਖਤਾਂ ਰਾਹੀਂ ਆਪਣੇ ਲੋਕਾਂ ਦੇ ਸਨਮੁੱਖ ਹੁੰਦੇ ਹਨ। ਉਸਦੀ ਸਾਰੀ ਮਿਹਨਤ, ਭੱਜ ਦੌੜ ਤੇ ਲਿਖਤ ਇਸ ਵਾਸਤੇ ਹੀ ਹੁੰਦੀ ਹੈ ਕਿ ਉਹ ਆਪਣੇ ਲੋਕਾਂ ਦੇ ਜੀਵਨ ਦਾ ਮੂੰਹ ਮੱਥਾ ਸਵਾਰ ਸਕੇ। ਆਪਣੇ ਲੋਕਾਂ ਦੀ ਜ਼ਿੰਦਗੀ ਨੂੰ ਮਾਨਣਯੋਗ ਬਨਾਉਣ ਵਿੱਚ ਆਪਣੇ ਲੋਕਾਂ ਦਾ ਸਾਥ ਦੇ ਸਕੇ। ਸੂਝਵਾਨ ਲਿਖਾਰੀਆਂ ਦੀਆਂ ਲਿਖਤਾਂ ਕਿੰਨੇ ਹੀ ਹੋਰ ਲੋਕਾਂ ਨੂੰ ਚੰਗਿਆਈ ਵੱਲ ਪ੍ਰੇਰਤ ਕਰਨ ਦੇ ਮੌਕੇ ਪੈਦਾ ਕਰਦੀਆਂ ਹਨ, ਜਾਂ ਫੇਰ ਚੰਗੀ ਜ਼ਿੰਦਗੀ ਵਾਸਤੇ ਸੰਘਰਸ਼ ਕਰਨ ਲਈ ਪ੍ਰੇਰਨਾ ਦਾ ਸਬੱਬ ਬਣ ਜਾਂਦੀਆਂ ਹਨ।

ਹਰ ਸਮਾਜ ਦੇ ਆਪਣੇ ਮਸਲੇ ਅਤੇ ਆਪਣੇ ਸਰੋਕਾਰ ਹਨ। ਇਹ ਹੀ ਮਸਲੇ ਸੰਵੇਦਨਸ਼ੀਨ ਜਾਂ ਕਹੀਏ ਜਾਗਦੇ ਮਨੁੱਖ ਨੂੰ ਵੀ ਹਲੂਣਦੇ ਹਨ ਕਿ ਉਹ ਆਪਣੇ ਅਨੁਭਵ ਰਾਹੀਂ ਆਪਣੇ ਪੱਲੇ ਬੰਨ੍ਹੀ ਅਕਲ ਨੂੰ ਆਪਣੇ ਲੋਕਾਂ ਤੱਕ ਪਹੁੰਚਾਵੇ ਜਿਸ ਨਾਲ ਸਾਰੇ ਸਮਾਜ ਦਾ ਭਲਾ ਹੋ ਸਕੇ। ਇਸ ਤਰ੍ਹਾਂ ਦਾ ਪੜ੍ਹਨ-ਲਿਖਣ ਦੇ ਰਾਹੇ ਪਿਆ ਮਨੁੱਖ ਸਹਿਜੇ ਸਹਿਜੇ ਦੂਈ-ਦੁਐਤ ਤੇ ਕਿਸੇ ਵੀ ਕਿਸਮ ਦੇ ਵਿਤਕਰਿਆਂ ਤੋਂ ਪਾਕਿ ਹੁੰਦਾ ਰਹਿੰਦਾ ਹੈ। ਉਹਦੇ ਵਾਸਤੇ ਤਾਂ ਸਾਰਾ ਹੀ ਪਿੰਡ ਮਿੱਤਰਾਂ ਦਾ ਹੁੰਦਾ ਹੈ, 'ਨਾ ਕੋ ਵੈਰੀ ਨਾ ਹੀ ਬੇਗਾਨਾ' ਵਾਲੀ ਭਾਵਨਾ ਪਲਣ ਲੱਗਦੀ ਹੈ। ਉਸਦੇ ਅੰਦਰ ਨਫਰਤ ਦਾ ਨਾਸ਼ ਹੁੰਦਾ ਹੈ ਤੇ ਉਹ ਸਰਬੱਤ ਦੇ ਭਲੇ ਦੀ ਸੋਚ ਦਾ ਲੜ ਫੜ ਲੈਂਦਾ ਹੈ। ਇਸ ਸੋਚ ਦੇ ਲੜ ਲੱਗਿਆ ਮਨੁੱਖ ਫੇਰ ਥਿੜਕਦਾ ਵੀ ਨਹੀਂ, ਡਰਦਾ ਤੇ ਡਰਾਉਂਦਾ ਵੀ ਨਹੀਂ ਉਹ ਆਪਣੇ ਸੁਪਨਿਆਂ 'ਚ ਸਿਰਜੇ ਸੰਸਾਰ ਨੂੰ ਹਕੀਕਤ ਬਣਕੇ, ਸੱਚ ਹੁੰਦੇ ਵੇਖਣ ਵਾਸਤੇ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੰਦਾ ਹੈ ਅਤੇ ਆਪਣੇ ਆਪ ਨੂੰ ਸਾਹਿਤ ਦਾ ਸਿਪਾਹੀ ਸਮਝਣ ਲੱਗ ਪੈਂਦਾ ਹੈ ।

ਹੁਣ ਹਰ ਕੋਈ ਸਵਾਲ ਕਰੇਗਾ ਕਿ ਸਾਹਿਤ ਦਾ ਸਮਾਜ ਨਾਲ ਕੀ ਰਿਸ਼ਤਾ ਹੁੰਦਾ ਹੈ? ਜਵਾਬ ਵੀ ਬੜਾ ਸਿੱਧਾ ਜਿਹਾ ਹੀ ਹੈ ਕਿ ਸਾਹਿਤ ਨਾ ਹੋਵੇ ਤਾਂ ਸਮਾਜ ਬੜਾ ਹੀ ਨੀਰਸ ਜਿਹਾ ਹੋਵੇਗਾ। ਸਾਹਿਤ ਜਿੱਥੇ ਮਨਪ੍ਰਚਾਵੇ ਦਾ ਸਾਧਨ ਹੈ ਨਾਲ ਹੀ ਸਮਾਜਿਕ ਤਬਦੀਲੀ ਦਾ ਹਥਿਆਰ ਵੀ ਹੈ। ਇਸ ਸਭ ਕਾਸੇ ਦਾ ਮਨੁੱਖੀ ਇਤਿਹਾਸਕ ਵਿਕਾਸ ਵੀ ਗਵਾਹ ਹੈ। ਕਦੇ ਰਾਜੇ ਰਾਣੀਆਂ ਦੀਆਂ ਕਹਾਣੀਆਂ ਹੀ ਲੋਕਾਂ ਦੇ ਮਨਾਂ ਦਾ ਢਾਰਸ ਬਣ-ਦੀਆਂ ਸਨ । ਫੇਰ ਉਹ ਯੁੱਗ ਬੀਤਣ ਤੋਂ ਬਾਅਦ ਦੇ ਸਮੇਂ ਵਿੱਚ ਲੋਕ ਸ਼ਾਮ ਵੇਲੇ ਆਪਣੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ ਪਿੰਡਾਂ ਦੀਆਂ ਸੱਥਾਂ ਵਿੱਚ ਢਾਣੀਆ ਬਣਾ ਕੇ ਬੈਠਦੇ ਅਤੇ ਇਨ੍ਹਾਂ ਸੱਥਾਂ ਵਿੱਚ ਲੋਕ ਕਥਾਵਾਂ ਸੁਣਾਈਆਂ ਵੀ ਜਾਂਦੀਆਂ ਸਨ ਤੇ ਗਾਈਆਂ ਵੀ ਜਾਂਦੀਆਂ ਸਨ। ਇਹੋ ਸੱਥਾਂ ਪਹਿਲ ਪਲੱਕੜੇ ਬੀਜ ਹੁੰਦੀਆਂ ਹਨ ਸਾਹਿਤ ਦੇ ਜਨਮਣ ਤੋਂ ਪਨਪਣ ਤੱਕ ਦੀਆਂ। ਇਸੇ ਤਰ੍ਹਾਂ ਬੀਤੇ ਸਮੇਂ ਅੰਦਰ ਸੌਣ ਤੋਂ ਪਹਿਲਾਂ ਦਾਦੇ ਦਾਦੀ ਵਲੋਂ ਬੱਚਿਆਂ ਦੇ ਮਨਪ੍ਰਚਾਉਣ ਲਈ ਮਨ ਪ੍ਰਚਾਵੇ ਵਾਲੀਆ ਸਿੱਖਿਆਦਾਇਕ ਬਾਤਾਂ ਵੀ ਸੁਣਾਈਆਂ ਜਾਂਦੀਆਂ ਸਨ, ਇਹ ਅਣਜਾਣੇ ਵਿੱਚ ਹੀ, ਅਛੋਪਲੇ ਜਹੇ ਬੱਚਿਆਂ ਦੇ ਮਨ ਅੰਦਰ ਸਾਹਿਤ ਵੱਲ ਜਾਣ ਦੀ ਪ੍ਰੇਰਨਾ ਬਣਦੇ ਸਨ ਪਰ ਇਸਦਾ ਬੜੀ ਦੇਰ ਬਾਅਦ ਪਤਾ ਲਗਦਾ ਸੀ। ਵਡੇਰਿਆਂ ਵਲੋਂ ਇਹ ਸਾਰੀ ਸਹਿਬਨ ਹੀ ਮਿਲਦੀ ਜੀਵਨ ਜਾਚ ਅੱਜ ਦੇ ਸਮੇਂ ਪਿੰਡਾਂ ਵਿਚੋਂ ਅਲੋਪ ਹੋ ਗਈ ਹੈ । ਹੁਣ ਨਾ ਤਾਂ ਪਹਿਲਾਂ ਵਰਗੀ ਜ਼ਿੰਦਗੀ ਦੀ ਤੋਰ ਹੈ, ਨਾ ਹੀ ਪਹਿਲਾਂ ਵਰਗਾ ਵਿਹਲ ਹੈ, ਨਾ ਹੀ ਪਹਿਲਾਂ ਵਰਗੀ ਅਪਣੱਤ ਜਾਂ ਆਪਸੀ ਸਾਂਝ ਹੈ। ਬਦਲੇ ਸਮੇਂ ਨੇ ਲੋਕਾਂ ਕੋਲੋਂ ਪਹਿਲਾਂ ਵਰਗੀ ਬੇਪ੍ਰਵਾਹੀ ਵਾਲਾ ਵਕਤ ਖੋਹ ਲਿਆ ਹੈ ਤੇ ਫਿਕਰਮੰਦੀਆਂ ਹੱਥ ਫੜਾ ਦਿੱਤੀਆਂ ਹਨ। ਹੁਣ ਵਕਤ ਦੇ ਬਦਲਣ ਨਾਲ ਭਾਵ ਕਿ ਜ਼ਿੰਦਗੀ ਜੀਊਣ ਦਾ ਤਰੀਕਾ ਹੀ ਬਦਲ ਗਿਆ ਹੈ, ਜਦੋਂ ਨਵੀਂ ਜੀਵਨ ਜਾਚ ਕਰਕੇ ਜ਼ਿੰਦਗੀ ਦਾ ਤਰੀਕਾ ਬਦਲ ਜਾਵੇ ਤਾਂ ਲੋਕਾਂ ਦੇ ਆਪਸੀ ਵਿਹਾਰ, ਮੇਲ ਮਿਲਾਪ ਦਾ ਸਲੀਕਾ ਵੀ ਬਦਲ ਜਾਂਦਾ ਹੈ। ਇਸੇ ਨੂੰ ਹੀ ਸ਼ਾਇਦ ਆਧੁਨਿਕਤਾ ਦਾ ਨਾਂ ਦਿੱਤਾ ਜਾਂਦਾ ਹੈ। 'ਆਧੁਨਿਕ' ਹੋਇਆ ਮਨੁੱਖ ਸਭ ਤੋਂ ਪਹਿਲਾਂ ਆਪਣੇ ਅਤੀਤ ਨਾਲੋਂ ਆਪਣਾ ਨਾਤੂਆ ਤੋੜਨ ਦਾ ਭਰਮ ਪਾਲਦਾ ਹੈ, ਇਸ ਰਾਹੇ ਤੁਰਨ ਲੱਗਿਆਂ ਉਸ ਨੂੰ ਪਤਾ ਹੀ ਨਹੀਂ ਲਗਦਾ ਕਿ ਜਿਹੜੇ ਰਾਹ ਉਹ ਤੁਰਨ ਦਾ ਜਤਨ ਕਰ ਰਿਹਾ ਹੈ ਉਹ ਰਾਹ ਜਾਂਦਾ ਕਿੱਧਰ ਹੈ? ਪਰ ਬੇਬਸੀ ਦਾ ਆਲਮ ਕਿ ਹੋਰਨਾਂ ਦੀ ਰੀਸੇ ਉਹ ਵੀ ਮਗਰ ਹੀ ਘੜੀਸਿਆ ਤੁਰਿਆ ਚਲਿਆ ਜਾਂਦਾ ਹੈ। ਇਹ ਬਹੁਤ ਹੀ ਚਿੰਤਾ ਭਰਪੂਰ ਅਤੇ ਪੀੜਦਾਇਕ ਸਥਿਤੀ ਹੁੰਦੀ ਹੈ। ਬੱਸ! ਵਾਹ ਪਿਆ ਜਾਣੀਏਂ ਜਾਂ ਰਾਹ ਪਿਆ ਜਾਣੀਏ ਵਾਲੀ ਕਹਾਵਤ ਹੀ ਇੱਥੇ ਚੇਤੇ ਕੀਤੀ ਜਾ ਸਕਦੀ ਹੈ। ਸਾਹਿਤ ਜ਼ਿੰਦਗੀ ਅੰਦਰ ਸੁਹਜ ਪੈਦਾ ਕਰਦਾ ਹੈ, ਜੀਊਣ ਨੂੰ ਤਰੀਕਾਬੱਧ, ਤੇ ਸਲੀਕਾਬੱਧ ਵੀ ਕਰਦਾ ਹੈ, ਅਨੁਸ਼ਾਸਨ ਸਿਖਾਉਂਦਾ ਹੈ, ਨਿਮਰਤਾ ਤੇ ਸਹਿਣਸ਼ੀਲਤਾ ਵੀ। ਕਿਸੇ ਦੂਸਰੇ ਨਾਲ ਗੱਲਬਾਤ ਕਰਨ ਦਾ ਅਪਣੱਤ ਤੇ ਮੋਹ ਭਰਿਆ ਸੰਵਾਦੀ ਤਰੀਕਾ/ਰਾਹ ਵੀ ਸਿਖਾਉਂਦਾ ਹੈ ਤੇ ਸਲੀਕਾ ਵੀ। ਚੀਜ਼ਾਂ-ਵਸਤਾਂ, ਮਸਲਿਆਂ ਤੇ ਸਮਾਜ ਦੇ ਵੱਖੋ ਵੱਖ ਵਰਤਾਰਿਆਂ ਨੂੰ ਨਿਰਖਣ-ਪਰਖਣ ਭਾਵ ਰਿੜਕਣ ਦਾ ਤਰਕ ਅਧਾਰਤ ਗੁਣ ਵੀ ਸਾਡੇ ਅੰਦਰ ਪੈਦਾ ਕਰਦਾ ਹੈ। ਸਾਹਿਤ ਸਾਡੇ ਕੋਲ ਹੋਰ ਸੰਚਾਰ ਸਾਧਨਾਂ ਦੇ ਨਾਲ ਹੀ ਕਿਤਾਬਾਂ ਰਾਹੀਂ ਵੀ ਪਹੁੰਚਦਾ ਹੈ ਇਸ ਕਰਕੇ ਪਹਿਲਾਂ ਕਿਤਾਬਾਂ ਸਾਡੇ ਸੁਭਾਅ ਦਾ ਪੱਕਾ ਅੰਗ ਜਾਂ ਸਾਡੀ ਆਦਤ ਦਾ ਜਰੂਰੀ ਹਿੱਸਾ ਹੋਣੀਆਂ ਚਾਹੀਦੀਆਂ ਹਨ। ਸਾਡੇ ਕੋਲ ਕਿਤਾਬਾਂ ਵਰਗਾ ਕੋਈ ਹੋਰ ਦੋਸਤ ਨਹੀਂ ਹੁੰਦਾ ਜੋ ਬਿਨਾ ਸਾਥੋਂ ਕੁੱਝ ਲਿਆਂ ਬਹੁਤ ਕੁੱਝ ਦੇ ਜਾਂਦੀਆਂ ਹਨ, ਜਿਸ ਨਾਲ ਸਾਡੀ ਜ਼ਿੰਦਗੀ ਦਾ ਰੁਖ ਹੀ ਬਦਲ ਦਿੰਦੀਆਂ ਹਨ। ਪਰ ਸ਼ਰਤ ਇਹ ਵੀ ਹੈ ਕਿ ਕਿਤਾਬਾਂ ਸਾਡੇ ਨਿੱਤ ਦੇ ਵਿਹਾਰ ਵਿੱਚ ਸ਼ਾਮਲ ਹੋਣ। ਕੁੱਝ ਕੁ ਲੋਕਾਂ ਨੂੰ ਸ਼ਾਇਦ ਇਹ ਗੱਲ ਦਰੁਸਤ ਨਾ ਲੱਗੇ ਪਰ ਹੈ ਸੱਚ ਕਿ ਕਿਤਾਬਾਂ ਵਰਗਾ ਨਸ਼ਾ ਵੀ ਕਿਸੇ ਹੋਰ ਥਾਉਂ ਨਹੀਂ ਮਿਲ ਸਕਦਾ, ਲੋੜ ਹੈ ਇਸ ਨਸ਼ੇ ਜਾਂ ਕਹੀਏ ਆਦਤ ਦੇ ਲੜ ਲੱਗਣ ਦੀ।

ਪਹਿਲਾਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਿਤਾਬਾਂ ਪੜ੍ਹੀਆਂ ਕਿਹੜੀਆਂ ਜਾਣ? ਫੈਸਲਾ ਹਰ ਕਿਸੇ ਦੇ ਆਪਣੇ ਹੱਥ ਹੁੰਦਾ ਹੈ, ਇਸ ਬਾਰੇ ਜਾਣਕਾਰ ਦੂਸਰੇ ਲੋਕਾਂ ਅਤੇ ਸਾਹਿਤ ਦੇ ਖੇਤਰ ਅੰਦਰ ਵਿਚਰਨ ਵਾਲੇ ਮਿੱਤਰਾਂ-ਦੋਸਤਾਂ ਤੋਂ ਪੁੱਛਿਆ ਜਾਂ ਸਲਾਹ ਲਈ ਜਾ ਸਕਦੀ ਹੈ। ਇਹ ਪੱਕਾ ਹੈ ਕਿ ਚੰਗੀਆਂ ਕਿਤਾਬਾਂ ਪੜ੍ਹਨ ਤੋਂ ਬਾਅਦ ਹਰ ਵਿਅਕਤੀ ਦਾ ਸਮਾਜ ਅੰਦਰਲੀਆਂ ਸਮੱਸਿਆਵਾਂ ਨੂੰ ਦੇਖਣ, ਵਿਚਾਰਨ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ ਅਤੇ ਹਰ ਕਿਸੇ ਦਾ ਨਜ਼ਰੀਆ ਹਾਂ ਪੱਖੀ ਤੇ ਉਸਾਰੂ ਹੋ ਜਾਂਦਾ ਹੈ, ਜੋ ਹਿੰਸਾ ਰਹਿਤ ਸਮਾਜਿਕ ਤਬਦੀਲੀ ਦਾ ਵਾਹਨ ਵੀ ਬਣ ਸਕਦਾ ਹੈ।



ਸਾਹਿਤ ਵੀ ਕਈ ਤਰ੍ਹਾਂ ਦਾ ਹੈ ਧਾਰਮਿਕ ਵਿਸ਼ਿਆਂ ਬਾਰੇ ਲਿਖਤਾਂ ਹਨ, ਸਮਾਜਿਕ ਮਸਲਿਆਂ ਨੂੰ ਹੰਘਾਲਦੀਆਂ ਲਿਖਤਾਂ ਹਨ, ਰਾਜਨੀਤਕ ਤੇ ਆਰਥਕ ਫਲਸਫਿਆਂ ਦਾ ਵਿਖਿਆਨ ਕਰਨ ਵਾਲਾ ਸਾਹਿਤ, ਤਰਕਸ਼ੀਲ ਸਾਹਿਤ, ਤਕਨੀਕੀ ਗਿਆਨ, ਵਿਗਿਆਨ ਜਾਂ ਫੇਰ ਹੋਰ ਹਰ ਕਿਸਮ ਦੇ ਵਿਸ਼ਿਆਂ ਬਾਰੇ। ਇਕ ਗੱਲ ਕਿ ਕਿਤਾਬਾਂ ਦੀਆਂ ਵੱਡੀਆ ਦੁਕਾਨਾਂ ਵਿੱਚ ਜਾਉ ਤਾਂ ਲੱਖਾਂ ਹੀ ਕਿਤਾਬਾਂ ਦੇ ਦਰਸ਼ਣ ਹੁੰਦੇ ਹਨ, ਲਾਇਬ੍ਰੇਰੀਆਂ ਵਿੱਚ ਜਾਉ ਤਾਂ ਮਿਲੀਅਨਾਂ ਦੇ ਹਿਸਾਬ ਨਾਲ ਕਿਤਾਬਾਂ ਪਾਠਕਾਂ ਦੀ ਉਡੀਕ ਕਰਦੀਆਂ ਪਈਆਂ ਹਨ। ਹਰ ਕਿਤਾਬ ਕਿਸੇ ਨਾ ਕਿਸੇ ਸਮੱਸਿਆ ਨੂੰ ਲੈ ਕੇ ਹੀ ਲਿਖੀ ਗਈ ਹੁੰਦੀ ਹੈ ਹੁਣ ਆਪ ਹੀ ਅੰਦਾਜਾ ਲਾਉ ਕਿ ਸਾਡੇ ਸੰਸਾਰ ਵਿੱਚ ਕਿੰਨੀਆਂ ਸਮੱਸਿਆਵਾਂ ਹਨ, ਉਹ ਕਿਤਾਬਾਂ ਤੋਂ ਵੀ ਬਹੁਤ ਜ਼ਿਆਦਾ ਹਨ। ਅਜੇ ਤਾਂ ਬਹੁਤ ਸਾਰੀਆਂ ਲਿਖੀਆਂ ਜਾਣੀਆਂ ਹਨ। ਸਾਡੇ ਪੰਜਾਬੀ ਸਮਾਜ ਵਿੱਚ ਵੀ ਦਿਨ ਪ੍ਰਤੀ ਦਿਨ ਕਿਤਾਬਾਂ ਦਾ ਰੁਝਾਨ ਵਧ ਰਿਹਾ ਹੈ। ਸਾਹਿਤ ਦੇ ਲੜ ਲੱਗ ਕੇ ਅਸੀਂ ਜ਼ਿੰਦਗੀ ਬਰਬਾਦ ਕਰਨ ਵਾਲੀਆਂ ਬਹੁਤ ਸਾਰੀਆਂ ਭੈੜੀਆਂ ਆਦਤਾਂ ਜਾਂ ਕਹੀਏ ਅਲਾਮਤਾਂ ਤੋਂ ਬਚ ਸਕਦੇ ਹਾਂ। ਮਨ ਵਿਚ ਅਕਾਰਨ ਹੀ ਪਾਲੀ ਗਈ ਜਾਂ ਦੂਸਰਿਆਂ ਪ੍ਰਤੀ ਪਾਲੀ ਜਾ ਰਹੀ ਨਫ਼ਰਤ ਮੁੱਕਣ ਲਗਦੀ ਹੈ, ਮਨੁੱਖਾਂ ਅੰਦਰਲੇ ਪਾੜੇ ਘੱਟ ਹੋਣ ਲਗਦੇ ਹਨ। ਮਨੁੱਖ ਸਬਰ-ਸੰਤੋਖ ਵੱਲ ਵਧਦਿਆਂ ਸੰਜਮੀ ਅਤੇ ਸਹਿਜ ਹੋਣ ਲਗਦਾ ਹੈ। ਔਕੜਾਂ ਭਰਪੂਰ ਸਮਿਆਂ ਵਿਚ ਵੀ ਸਾਹਿਤ ਸਾਨੂੰ ਜ਼ਿੰਦਗੀ ਦਾ ਮਕਸਦ ਸਮਝਾ ਕੇ ਔਝੜੇ ਰਾਹਾਂ ਤੋਂ ਪੱਧਰੇ ਰਾਹਾਂ ਵੱਲ ਤੁਰਨ ਦਾ ਗੁਰ /ਜਾਚ ਦੱਸਦਾ ਹੈ। ਫੇਰ ਇਸ ਤੋਂ ਹੋਰ ਸੌਖਾ ਰਾਹ ਕਿਹੜਾ ਹੋ ਸਕਦਾ ਹੈ, ਕਿਉਂ ਨਾ ਇਸ ਰਾਹੇ ਪਿਆ ਜਾਵੇ?

ਜੇ ਅਸੀਂ ਆਪਣੇ ਜੱਦੀ ਮੁਲਕ ਦੀ ਗੱਲ ਕਰੀਏ ਕਿ ਸਾਡੇ ਪਿਆਰੇ ਸੂਬੇ ਪੰਜਾਬ ਵਿੱਚ ਨਸ਼ਿਆਂ ਦਾ ਪਸਾਰ ਬਹੁਤ ਹੋਇਆ ਹੈ, (ਇਸਦੇ ਕਾਰਨ ਸਮਝਣ ਦੇ ਵੀ ਜਤਨ ਹੋਣੇ ਚਾਹੀਦੇ ਹਨ) ਜਿਸਨੇ ਪੰਜਾਬੀਆਂ ਦੀ ਸਾਖ ਨੂੰ ਧੱਕਾ ਲਾਇਆ ਹੈ, ਜੇ ਏਨਾ ਹੀ ਜ਼ੋਰ ਸਾਹਿਤ ਦੇ ਪਸਾਰ ਤੇ ਲਾਇਆ ਜਾਂਦਾ ਤਾਂ ਦੁਨੀਆਂ ਸਾਹਮਣੇ ਚਿੰਤਨ ਦੇ ਖੇਤਰ ਵਿੱਚ ਪੰਜਾਬ ਕੋਈ ਵੱਡਾ ਵਿਦਵਾਨ ਪੇਸ਼ ਕਰ ਸਕਦਾ ਸੀ, ਜਿਸ ਨਾਲ ਬੌਧਿਕ ਚਿੰਤਨ ਦੇ ਖੇਤਰ ਅੰਦਰ ਦੁਨੀਆਂ 'ਚ ਸਾਡਾ ਨਾਮਣਾ ਵੀ ਹੁੰਦਾ, ਸਤਿਕਾਰ ਵੀ ਮਿਲਦਾ, ਸੰਸਾਰ ਅੰਦਰ ਸਾਡੀ ਪਛਾਣ ਨੂੰ ਸਤਿਕਾਰਤ ਹੁੰਘਾਰਾ ਵੀ ਮਿਲਦਾ। ਪਰ ਅਫਸੋਸ ਦਰ ਅਫਸੋਸ ਕਿ ਅਜਿਹਾ ਪੰਜਾਬੀਆਂ ਤੋਂ ਅਜੇ ਤੱਕ ਨਹੀਂ ਹੋ ਸਕਿਆ, ਇਹ ਸਾਹਿਤ ਨਾਲ ਨਾ ਜੁੜਨ ਕਰਕੇ ਹੀ ਹੋਇਆ। ਸਾਡੇ ਸਾਹਿਤਕ "ਸੂਝਵਾਨਾਂ" ਦਾ ਸਫਰ ਤਾਂ ਘਸਮੈਲ਼ੀਆਂ ਜਹੀਆਂ "ਸਨਮਾਨ ਦੀਆਂ ਲੋਈਆਂ" ਤੇ ਰੰਗਦਾਰ "ਫੁਲਕਾਰੀਆਂ" ਤੋਂ ਹੀ ਅੱਗੇ ਨਹੀਂ ਵਧ ਸਕਿਆ। ਇਹ ਰਾਹ ਕਿਹੜੇ ਪਾਸੇ ਜਾਂਦਾ ਹੈ, ਸੂਝਵਾਨਾਂ ਦੇ ਵਿਚਾਰਨ ਦਾ ਵਿਸ਼ਾ ਹੋਣਾ ਚਾਹੀਦਾ ਸੀ, ਪਰ ਇਹ ਹੋ ਨਾ ਸਕਿਆ। ਨਿਗੂਣੀਆਂ ਗਰਜਾਂ ਮਾਰੇ ਬੌਨੀ ਸੋਚ ਵਾਲੇ ਲਘੂ ਮਨੁੱਖ ਆਪਣੇ ਸਾਹਿਤਕ ਪ੍ਰਛਾਵੇਂ ਮਿਣਨ ਵਾਲੀ ਗੁਲਾਮ ਬਿਰਤੀ/ਮਾਨਸਿਕਤਾ ਤੋਂ ਹੀ ਆਜ਼ਾਦ ਨਾ ਹੋ ਸਕੇ।

ਹੋਰਾਂ ਦੀ ਗੱਲ ਛੱਡੋ ਬੰਗਾਲੀਆਂ ਵਿੱਚ ਪੰਜਾਬੀਆਂ ਤੋਂ ਵੱਧ ਆਪਣੇ ਲੇਖਕਾਂ, ਕਲਾਕਾਰਾਂ, ਬੁੱਧੀਮਾਨਾਂ ਪ੍ਰਤੀ ਸਤਿਕਾਰ ਤੇ ਪਿਆਰ ਹੈ। ਇਹ ਆਪਣੇ ਸਾਹਿਤਕਾਰਾਂ ਦਾ ਮਾਣ ਹੁੰਦਾ ਹੈ, ਪੰਜਾਬੀਆਂ ਕੋਲ ਕਿਉਂ ਨਹੀਂ? ਬੰਗਾਲੀਆਂ ਦੇ ਘਰਾਂ ਵਿੱਚ ਰਾਬਿੰਦਰ ਨਾਥ ਟੈਗੋਰ ਦੀ ਤਸਵੀਰ ਤੁਹਾਨੂੰ ਮਿਲੇਗੀ। ਯਾਦ ਰਹੇ ਕਿ ਟੈਗੋਰ ਨੂੰ 1913 ਵਿੱਚ ਸਵੀਡਨ ਦੀ ਸਾਹਿਤ ਅਕਾਡਮੀ ਵਲੋਂ ਦੁਨੀਆਂ ਦਾ ਸਭ ਤੋਂ ਵੱਡਾ ਗਿਣਿਆ ਜਾਂਦਾ ਸਾਹਿਤਕ ਇਨਾਮ, ਸਾਹਿਤ ਦਾ ਨੋਬਲ ਪੁਰਸਕਾਰ ਮਿਲਿਆ ਸੀ, ਟੈਗੋਰ ਵਲੋਂ ਲਿਖੀ ਉਸਦੀ ਪੁਸਤਕ 'ਗੀਤਾਂਜਲੀ' ਵਾਸਤੇ ਜੋ ਟੈਗੋਰ ਦੀਆਂ ਕਵਿਤਾਵਾਂ ਤੇ ਗੀਤਾਂ ਦਾ ਸੰਗ੍ਰਹਿ ਹੈ। ਯਾਦ ਇਹ ਵੀ ਰੱਖਣਾ ਚਾਹੀਦਾ ਹੈ ਕਿ 'ਗੀਤਾਂਜਲੀ' ਮੂਲ ਰੂਪ ਵਿੱਚ ਬੰਗਾਲੀ ਭਾਸ਼ਾ ਵਿੱਚ ਲਿਖੀ ਗਈ ਸੀ। ਇਸੇ ਤਰ੍ਹਾਂ ਵੀਹਵੀ ਸਦੀ ਦੇ ਸ਼ੁਰੂ ਵੇਲੇ ਤੱਕ ਵੀ ਪੰਜਾਬੀ ਸਮਾਜ ਅੰਦਰ ਬਹੁਤ ਸਾਰੇ ਵਹਿਮ ਭਰਮ ਸਨ ਇਹ 1930 ਵਿਆਂ ਦੁਆਲੇ ਦੀ ਸਥਿਤੀ ਬਾਰੇ ਗੱਲ ਕੀਤੀ ਜਾ ਰਹੀ ਹੈ। ਉਦੋਂ ਪੰਜਾਬੀ ਦੇ ਲੇਖਕ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਆਪਣੇ ਸਾਹਿਤ ਰਾਹੀਂ ਬਹੁਤ ਸਾਰੇ ਲੋਕਾਂ ਨੂੰ ਇਸ ਪਾਸਿਉਂ ਮੋੜ ਕੇ ਵਹਿਮਾਂ, ਭਰਮਾਂ ਦਾ ਖਹਿੜਾ ਛੱਡਣ ਦੀ ਪ੍ਰੇਰਨਾ ਦਿੱਤੀ ਸੀ, ਪੰਜਾਬੀਆਂ ਦੇ ਕਿੰਨੇ ਕੁ ਘਰਾਂ ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਤਸਵੀਰ ਦੇਖੀ ਜਾ ਸਕਦੀ ਹੈ? ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਵਿਦਵਤਾ ਭਰਪੂਰ ਤਰਕਸ਼ੀਲ ਲਿਖਤਾਂ ਦਾ ਅਸਰ ਸਾਡੇ ਸਮਾਜ ਅਤੇ ਪੰਜਾਬੀ ਦੇ ਬਹੁਤ ਸਾਰੇ ਸਾਹਿਤਕਾਰਾਂ 'ਤੇ ਅੱਜ ਤੱਕ ਵੀ ਹੈ। ਇਸੇ ਤਰ੍ਹਾਂ ਸਾਡੇ ਪੰਜਾਬੀ ਸਾਹਿਤ ਨੂੰ ਪ੍ਰੋ। ਪੂਰਨ ਸਿੰਘ ਨੇ ਪ੍ਰਭਾਵਿਤ ਕੀਤਾ ਸੀ। ਪਰ ਕਿੱਥੇ ਹੈ ਅੱਜ ਸਾਡੇ ਪੂਰਨ ਸਿੰਘ ਦੇ ਕਾਵਿ ਦੀ ਪ੍ਰੰਪਰਾ? ਤੇ ਕਿੱਥੇ ਹੈ ਉਹ ਪੰਜਾਬ ਜਿਸਦੇ ਪ੍ਰੋ, ਪੂਰਨ ਸਿੰਘ ਗੁਣ ਗਾਉਂਦਾ ਨਹੀਂ ਸੀ ਥੱਕਦਾ?

ਕਾਰਪੋਰੇਟੀ ਸਮੇਂ ਦਾ ਸ਼ਿਕਾਰ ਹੁੰਦਿਆਂ ਸਾਡੇ ਲੋਕਾਂ ਨੇ ਆਪਣੇ ਦਾਨਿਸ਼ਵਰਾਂ (ਸੂਝਵਾਨਾਂ) ਨੂੰ ਵਿਸਾਰ ਦਿੱਤਾ, ਉਨ੍ਹਾਂ ਦੀਆਂ ਸਮਝੌਤੀਆਂ ਨੂੰ ਆਪਣੀ ਜੀਵਨ ਜਾਚ ਤੋਂ ਵੱਖ ਕਰਦੇ ਜਾ ਰਹੇ ਹਨ। ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਆਪਣਾ ਬੌਧਿਕ ਚਿੰਤਨ ਭਰਪੂਰ ਵਿਰਸਾ ਵਿਸਾਰਨ ਵਾਲਿਆਂ ਦਾ ਉਹ ਹੀ ਹਾਲ ਹੁੰਦਾ ਹੈ ਜੋ ਅੱਜ ਪੰਜਾਬੀਆਂ ਦਾ ਹੈ। ਆਪਣੇ ਵਲੋਂ ਆਰਥਿਕ ਪੱਖੋਂ ਅਮੀਰ ਬਣਨ ਦੇ ਹਾਬੜਪੁਣੇ ਨੇ ਆਪਣੇ ਸਿਆਣੇ ਸੂਝਵਾਨਾਂ ਦੀਆਂ ਗੱਲਾਂ ਨੂੰ ਲੜ ਹੀ ਨਹੀਂ ਬੰਨਿਆਂ, ਅਮਲ ਤਾਂ ਉਨ੍ਹਾਂ 'ਤੇ ਤਦ ਹੀ ਹੋਣਾ ਸੀ ਜੇ ਉਹ ਲੜ ਬੰਨ੍ਹੀਆਂ ਹੁੰਦੀਆਂ। ਇਕ ਹੋਰ "ਧਿਰ" ਵੱਲ ਵੀ ਧਿਆਨ ਦੇਣ ਦੀ ਲੋੜ ਹੈ, ਕਾਫੀ ਸਾਰੇ ਆਪਣੇ ਆਪ ਨੂੰ ਬੁੱਧੀਮਾਨ ਕਹਾਉਣ ਤੇ ਜ਼ਮੀਰਾਂ ਵੇਚਣ ਵਾਲਿਆਂ ਦਾ ਇਹ ਟੋਲਾ ਵੀ ਆਪਣੇ ਲੋਕਾਂ ਅੰਦਰ ਸਾਹਿਤ ਪ੍ਰਤੀ ਮੋਹ ਭੰਗ ਕਰਨ ਦਾ ਦੋਸ਼ੀ ਹੈ।

ਸਾਹਿਤ ਅਸੀਂ ਦੋ ਤਰ੍ਹਾਂ ਪੜ੍ਹਦੇ ਹਾਂ ਇਕ ਤਾਂ ਹੈ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਪਾਠਕ੍ਰਮਾਂ ਵਿੱਚ ਲੱਗੀਆਂ ਕਿਤਾਬਾਂ ਜੋ ਕਿਸੇ ਵੀ ਕਿਸਮ ਦੀ ਕੋਈ ਡਿਗਰੀ ਕਰਨ ਵਾਸਤੇ ਪੜ੍ਹਨੀਆਂ ਜ਼ਰੂਰੀ ਹੁੰਦੀਆਂ ਹਨ। ਪਰ ਇਨ੍ਹਾਂ ਕਿਤਾਬਾਂ ਦਾ ਆਪਣਾ ਇਕ ਦਾਇਰਾ ਹੁੰਦਾ ਹੈ ਜਿਸ ਤੋਂ ਬਾਹਰ ਜਾਣ ਦੀ ਕਿਸੇ ਨੂੰ ਆਗਿਆ ਨਹੀਂ ਹੁੰਦੀ। ਇਨ੍ਹਾਂ ਕਿਤਾਬਾਂ ਦੀ ਸੇਧ ਪਾਠਕ੍ਰਮ ਮਿੱਥਣ ਵਾਲਿਆਂ ਦੀ ਮੰਨਸ਼ਾਂ ਜਾਂ ਰਾਜ ਸੱਤਾ 'ਤੇ ਕਾਬਜ ਜਮਾਤ ਦੀ ਰਾਜਸੀ ਮਰਜ਼ੀ ਦੇ ਵਿਰੋਧ ਵਿੱਚ ਨਹੀਂ ਜਾ ਸਕਦੀ । ਦੂਸਰੀ ਕਿਸਮ ਦਾ ਉਹ ਸਾਹਿਤ ਹੈ ਜੋ ਅਸੀਂ ਆਪਣੇ ਗਿਆਨ, ਸੂਝ ਤੇ ਅਕਲ ਦੇ ਦਾਇਰੇ ਨੂੰ ਵਿਸ਼ਾਲ ਕਰਕੇ ਦੁਨੀਆਂ ਦੇ ਪੱਧਰ ਤੱਕ ਵਧਾਉਣ ਖਾਤਰ ਪੜ੍ਹਦੇ ਹਾਂ। ਇਨ੍ਹਾਂ ਦੋਹਾਂ ਕਿਸਮਾਂ ਦੇ ਸਾਹਿਤ ਨੂੰ ਪੜ੍ਹਦਿਆਂ ਬਹੁਤ ਸਾਰਾ ਅੰਤਰ ਜਾਂ ਫਰਕ ਵੀ ਨਜ਼ਰ ਆਉਂਦਾ ਹੈ। ਪਾਠਕ੍ਰਮਾਂ ਵਾਲਾ ਸਾਹਿਤ ਵਗਦੀ ਨਹਿਰ ਦੇ ਦੋ ਕਿਨਾਰਿਆਂ ਵਿੱਚ ਸਿਮਟਿਆ ਹੁੰਦਾ ਹੈ ਜਦੋਂ ਕਿ ਦੂਜੀ ਕਿਸਮ ਦਾ ਸਾਹਿਤ ਸਮੁੰਦਰ ਤੇ ਅਸਮਾਨ ਵਾਂਗ ਵਿਸ਼ਾਲ ਹੁੰਦਾ ਹੈ, ਬਿਨਾ ਕਿਨਾਰਿਆਂ ਅਤੇ ਬਿਨਾਂ ਦਿਸਹੱਦਿਆਂ ਤੋਂ, ਪੂਰੀ ਦੁਨੀਆਂ ਦੇ ਮਸਲਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੋਇਆ। ਤਾਂ ਹੀ ਤਾਂ ਅਸੀਂ ਦੁਨੀਆਂ ਦੇ ਜਾਣਕਾਰ ਹੁੰਦੇ ਹਾਂ। ਨਹੀਂ ਤਾਂ ਸਾਨੂੰ ਕੀ ਪਤਾ ਲਗਦਾ ਕਿ ਕੌਣ ਹੋਇਆ ਸ਼ੈਕਸਪੀਅਰ, ਕੌਣ ਹੈ ਬਰਨਾਰਡ ਸ਼ਾਹ ਤੇ ਜੌਹਨ ਕੀਟਸ, ਕੌਣ ਹੈ ਤਾਲਸਤਾਏ ਤੇ ਕੌਣ ਹੋਇਆ ਮੈਕਸਿਮ ਗੋਰਕੀ, ਚੈਖਵ, ਸ਼ੋਲੋਖੋਵ, ਦਾਸਤੋਵਸਕੀ, ਕੌਣ ਹੈ ਥਾਮਸਮਨ, ਕਿਵੇਂ ਪਤਾ ਲਗਦਾ ਕੌਣ ਹੋਇਆ "ਰੂਟਸ ਲਿਖਣ ਵਾਲਾ ਐਲੇਕਸ ਹੇਲੀ, ਤਕਰੀਬਨ ਹਰ ਪੰਜਾਬੀ ਵਲੋਂ ਪੜ੍ਹੀ ਕਿਤਾਬ "ਮੇਰਾ ਦਾਗਿਸਤਾਨ" ਦਾ ਲੇਖਕ ਰਸੂਲ ਹਮਜ਼ਾਤੋਵ, ਕੌਣ ਹੈ, 'ਅਸਲੀ ਇਨਸਾਨ' ਦੀ ਕਹਾਣੀ ਲਿਖਣ ਵਾਲਾ ਬੋਰਿਸ ਪੋਲੇਵੋਈ, ਸ਼ੋਲੋਖੋਵ, ਪਾਸਤਰਨਾਕ, ਜਾਂ ਫੇਰ ਦਾਂਤੇ ਕੌਣ ਹੈ, ਯਾਂ ਪਾਲ ਸਾਰਤਰ, ਕੌਣ ਹੈ ਰੂਸੋ ਤੇ ਐਲਬਰਟ ਕਾਮੂ, ਕੌਣ ਹੋਈ ਸੀਮੋਨ ਦੀ ਬਓਵਾਰ ਜੀਹਨੇ "ਦਿ ਸੈਕੰਡ ਸੈਕਸ" ਕਿਤਾਬ ਲਿਖੀ ਜਿਸਨੂੰ 'ਨਾਰੀਵਾਦ ਦੀ ਬਾਈਬਲ' ਕਿਹਾ ਜਾਂਦਾ ਹੈ , ਕੌਣ ਹੈ ਨਾਦੀਨ ਗਾਰਡੀਮਰ , ਡੋਰਿਸ ਲੈਸਿੰਗ ਤੇ ਟੋਨੀ ਮਾਰੀਸਨ, ਕੌਣ ਹੋਇਆ ਸੱਚ ਖਾਤਰ ਜ਼ਹਿਰ ਪੀਣ ਵਾਲਾ ਸੁਕਰਾਤ। ਤੁਰਕੀ ਵਾਲੇ ਨਾਜ਼ਿਮ ਹਿਕਮਤ, ਨੂੰ ਕੌਣ ਨਹੀਂ ਜਾਣਦਾ? ਜਰਮਨੀ ਵਿੱਚ ਵਸਦੇ ਹੋਏ ਕਿੰਨੇ ਕੁ ਸਾਡੇ ਲੋਕ ਹਨ ਜੋ ਬ੍ਰਤੋਲਤ ਬ੍ਰੈਖਤ, ਮਾਟਿਨ ਨੀਮੋਇਲਰਸ ਅਤੇ ਨੋਬਲ ਇਨਾਮ ਜੇਤੂ ਹਾਈਨਰਿਖ ਬੋਲ, ਗੁੰਟਰ ਗਰਾਸ ਵਰਗਿਆਂ ਦੇ ਨਾਵਾਂ ਨੂੰ ਜਾਣਦੇ ਹਨ? ਇਸੇ ਤਰ੍ਹ ਬਹੁਤ ਸਾਰੇ ਹੋਰ ਲੇਖਕ ਹਨ ਜਿਨ੍ਹਾਂ ਦੇ ਨਾਂ ਗਿਣਾਏ ਜਾ ਸਕਦੇ ਹਨ।


ਜਦੋਂ ਅਸੀਂ ਆਪਣੀ ਬੋਲੀ ਦੇ ਲੇਖਕਾਂ ਦੀ ਗੱਲ ਕਰਦੇ ਹਾਂ ਬਾਬਾ ਫਰੀਦ ਤੋਂ ਲੈ ਕੇ ਬੁਲੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਵਾਰਿਸ ਸ਼ਾਹ, ਦਮੋਦਰ ਹੋਰ ਬਹੁਤ ਸਾਰੇ ਜੇ ਪਿਛਲੇ ਸਮੇਂ ਦੀ ਗੱਲ ਕਰੀਏ ਤਾਂ ਜਾਣੀਏਂ ਕਿ ਕਿਵੇਂ ਸਾਡੀ ਬੋਲੀ ਤੇ ਭਾਸ਼ਾ ਦੀ ਸੇਵਾ ਕਰਨ ਵਾਲੇ ਪੰਜਾਬੀ ਸੱਭਿਆਚਾਰ ਬਾਰੇ ਬਹੁਤ ਹੀ ਮੁਲਵਾਨ ਕਿਤਾਬ 'ਮੇਰਾ ਪਿੰਡ' ਲਿਖਣ ਵਾਲੇ ਗਿਆਨੀ ਗੁਰਦਿੱਤ ਸਿੰਘ, ਪੋ। ਗੁਰਮੁੱਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ , ਪੋ: ਪ੍ਰੀਤਮ ਸਿੰਘ, ਸੰਤ ਸਿੰਘ ਸੇਖੋਂ, ਦਵਿੰਦਰ ਸਤਿਆਰਥ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਸੰਤੋਖ ਸਿੰਘ ਧੀਰ, ਅਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਨੰਦ ਲਾਲ ਨੂਰਪੁਰੀ, ਧਨੀ ਰਾਮ ਚਾਤ੍ਰਿਕ, ਸ਼ਿਵ ਕੁਮਾਰ ਤੋਂ ਅੱਜ ਦੇ ਕਵੀ ਸੁਰਜੀਤ ਪਾਤਰ ਹੋਵੇ ਜਾਂ ਗਜ਼ਲਗੋ ਜਸਵਿੰਦਰ ਤੇ ਬਹੁਤ ਸਾਰੇ ਹੋਰ ਹਨ ਜਿਨ੍ਹਾਂ ਦੇ ਨਾਮ ਗਿਣੇ ਜਾ ਸਕਦੇ ਹਨ। ਪੰਜਾਬ /ਭਾਰਤ ਤੋਂ ਬਾਹਰ ਵੀ ਵਸਦੇ ਪੰਜਾਬੀ ਲੇਖਕਾਂ ਵਲੋਂ ਵੀ ਹਰ ਵਿਧਾ ਅੰਦਰ ਬਹੁਤ ਮੁੱਲਵਾਨ ਪੰਜਾਬੀ ਸਾਹਿਤ ਦੀ ਸਿਰਜਣਾ ਕੀਤੀ ਜਾ ਰਹੀ ਹੈ।

ਇਨ੍ਹਾਂ ਸਾਰਿਆਂ ਨੇ ਸਾਨੂੰ ਸਾਹਿਤ ਦੇ ਲੜ ਲਾ ਕੇ ਵਧੀਆ ਇਨਸਾਨ ਬਨਾਉਣ ਦਾ ਜਤਨ ਕੀਤਾ। ਹੁਣ ਤਾਂ ਫਰਜ਼ ਸਾਡਾ ਹੈ ਕਿ ਅਸੀਂ ਆਪਣੇ ਵਡੇਰਿਆ ਦਾ ਕਹਿਣਾ ਮੰਨ ਕੇ ਨਰੋਈਆ ਸਾਹਿਤਕ, ਸੱਭਿਆਚਾਰਕ ਤੇ ਭਾਈਚਾਰਕ ਕਦਰਾਂ-ਕੀਮਤਾਂ ਦੇ ਲੜ ਲੱਗੀਏ। ਸਾਹਿਤ ਸਮਾਜ ਦਾ ਸ਼ੀਸ਼ਾ ਹੀ ਨਹੀਂ ਹੁੰਦਾ ਸਗੋਂ ਸਮਾਜ ਨੂੰ ਸੇਧ ਦੇਣ ਵਾਲਾ, ਅਗਵਾਈ ਕਰਨ ਵਾਲਾ ਰਾਹ ਵੀ ਹੁੰਦਾ ਹੈ। ਇਹ ਰਾਹ ਤਾਂ ਤਦ ਹੀ ਪੱਲੇ ਪੈਂਦਾ ਹੈ ਜੇ ਅਸੀਂ ਕਿਤਾਬਾਂ ਦੀ ਕਦਰ ਕਰੀਏ ਅਸੀਂ ਕਿਤਾਬਾਂ ਦੇ ਲੜ ਲੱਗੀਏ, ਆਪਣੇ ਆਪ ਨੂੰ ਕਿਤਾਬਾਂ ਦੇ ਲੜ ਲਾਈਏ।

ਜਿਨ੍ਹਾਂ ਬਾਹਰਲੇ ਮੁਲਕਾਂ ਵਿੱਚ ਅਸੀਂ ਰਹਿ ਰਹੇ ਹਾਂ ਇੱਥੇ ਕਿਤਾਬਾਂ ਦਾ ਬਹੁਤ ਮਹੱਤਵ ਹੈ। ਤੁਹਾਨੂੰ ਕੋਈ ਘਰ ਅਜਿਹਾ ਨਹੀਂ ਮਿਲੇਗਾ ਜਿੱਥੇ ਕਿਤਾਬਾਂ ਦੀਆਂ ਭਰੀਆਂ ਸ਼ੈਲਫਾਂ ਨਾ ਹੋਣ, ਇੱਥੋਂ ਤੱਕ ਕਿ ਖਾਣ-ਪਕਾਣ ਲਈ ਕੰਮ ਆਉਂਦਾ ਰਸੋਈ ਨਾਲ ਸਬੰਧਤ ਸਾਹਿਤ ਦੀਆਂ ਕਿੰਨੀਆਂ ਸਾਰੀਆਂ ਕਿਤਾਬਾਂ ਹਰ ਘਰ ਵਿੱਚ ਪਈਆਂ ਦੇਖ ਸਕਦੇ ਹੋ। ਇਹ ਚੰਗੀ ਆਦਤ ਸਾਡੀਆਂ ਬੀਬੀਆਂ ਵੀ ਪਾ ਰਹੀਆਂ ਹਨ ਕਿ ਉਹ ਵੀ ਇਸੇ ਰਾਹੇ ਹੀ ਕਿਤਾਬ ਵਾਲੇ ਸੱਭਿਆਚਾਰ (ਕਲਚਰ) ਨਾਲ ਜੁੜਨ ਦੇ ਆਹਰ 'ਚ ਹਨ। ਇਵੇਂ ਹੀ ਬੱਚਿਆਂ ਦੇ ਜਨਮ ਦਿਨ ਮਨਾਉਂਦਿਆਂ ਬੱਚੇ ਨੂੰ ਹੋਰ ਜੋ ਮਰਜ਼ੀ ਤੋਹਫਾ ਦਿਉ ਪਰ ਉਨ੍ਹਾਂ ਦੀ ਉਮਰ ਮੁਤਾਬਕ ਪੜ੍ਹਨ ਯੋਗ ਚੰਗੀ ਕਿਤਾਬ ਵੀ ਜਰੂਰ ਲੈ ਕੇ ਦਿਉ , ਜੇ ਕਿਸੇ ਨੂੰ ਨਾ ਪਤਾ ਹੋਵੇ ਕਿ ਬੱਚੇ ਵਾਸਤੇ ਕਿਹੜੀ ਕਿਤਾਬ ਖਰੀਦੀ ਜਾਵੇ ਤਾਂ ਕਿਤਾਬਾਂ ਦੀ ਦੁਕਾਨ ਵਾਲੇ ਖੁਸ਼ੀ ਨਾਲ ਇਸ ਵਿੱਚ ਤੁਹਾਡੀ ਮੱਦਦ ਕਰਦੇ ਹਨ, ਬੱਚੇ ਦੀ ਉਮਰ ਤੇ ਸ਼ੌਕ ਬਗੈਰਾ ਪੁੱਛ ਕੇ ਉਹ ਤੁਹਾਨੂੰ ਖਰੀਦੀ ਜਾਣ ਵਾਲੀ ਕਿਤਾਬ ਬਾਰੇ ਸੁਝਾਅ ਦਿੰਦੇ ਹਨ। ਇਸ ਵਾਸਤੇ ਕਿਤਾਬਾਂ ਦੀ ਦੁਕਾਨ ਤੱਕ ਪਹੁੰਚਣਾ ਪਵੇਗਾ। ਹੁਣ ਵੇਲਾ ਹੈ ਆਪਣੇ ਇੱਥੇ ਵਸਦੇ ਸਮਾਜ ਨੂੰ ਕਿਤਾਬਾਂ ਰਾਹੀਂ ਸ਼ਬਦਾਂ ਦਾ ਤੋਹਫਾ ਤੇ ਪ੍ਰਸ਼ਾਦ ਵੀ ਦੇਈਏ। ਇਸ ਪ੍ਰਸ਼ਾਦ ਤੋਂ ਬਿਨਾਂ ਸਾਡੀ ਜ਼ਿੰਦਗੀ ਅਧੂਰੀ ਰਹੇਗੀ, ਸਮੇਂ ਦੀ ਤੋਰ ਨਾਲ ਕਦਮ ਮਿਲਾ ਕੇ ਨਹੀਂ ਚੱਲ ਸਕਦੀ। ਸਾਡੀ ਆਉਣ ਵਾਲੀ ਪੀੜ੍ਹੀ ਦੇ ਬੱਚੇ ਇਸ ਸੂਚਨਾ ਤੇ ਤਕਨੀਕ (ਇਨਫਾਰਮੇਸ਼ਨ ਐਂਡ ਟੈਕਨੌਲੋਜੀ) ਦੇ ਦੌਰ ਵਿਚ ਕਿਉਂ ਸਮੇਂ ਤੋਂ ਪਿੱਛੇ ਰਹਿਣ? ਇਸ ਬਾਰੇ ਮਾਪਿਆਂ ਨੂੰ ਸੁਚੇਤ ਹੋਣਾ ਪਵੇਗਾ ਕਿ ਜਦੋਂ ਘਰਾਂ ਵਿੱਚ ਹਰ ਸੁੱਖ ਸਹੂਲਤ ਦਾ ਸਮਾਨ ਪਿਆ ਹੈ ਤਾਂ ਗਿਆਨ ਦੇ ਭੰਡਾਰ ਕਿਤਾਬਾਂ ਕਿਉਂ ਨਾ ਹੋਣ? ਸਿਰਫ ਸਕੂਲੀ ਪਾਠਕ੍ਰਮਾਂ ਦੀਆਂ ਕਿਤਾਬਾਂ ਹੀ ਨਾ ਹੋਣ ਸਗੋਂ ਬੱਚਿਆਂ ਨੂੰ ਉਨ੍ਹਾਂ ਦੇ ਪਸੰਦ ਦੀਆਂ ਸਾਹਿਤ, ਵਿਗਿਆਨ, ਇਤਿਹਾਸ, ਧਰਮ, ਸੱਭਿਆਚਾਰ, ਬੋਲੀ-ਭਾਸ਼ਾ, ਤਕਨੀਕ ਅਤੇ ਹੋਰ ਵਿਸ਼ਿਆਂ ਨਾਲ ਸਬੰਧ ਰੱਖਦੀਆ ਕਿਤਾਬਾਂ ਵੀ ਲੈ ਕੇ ਦਿੱਤੀਆਂ ਜਾਣ। ਵਿਗਿਆਨ ਦਾ ਯੁੱਗ ਹੈ ਤਾਂ ਬੱਚਿਆਂ ਨੂੰ ਵਿਗਿਆਨਕ ਸੂਝ ਅਤੇ ਤਰਕਸ਼ੀਲ ਵਿਚਾਰਾਂ ਦੇ ਬਨਾਉਣ ਦਾ ਜਤਨ ਕੀਤਾ ਜਾਵੇ, ਕਿ ਉਹ ਵੱਖੋ ਵੱਖ ਵਿਚਾਰਾਂ ਤੇ ਵਸਤਾਂ ਨੂੰ ਪਰਖਦਿਆਂ ਦਲੀਲ ਸਹਿਤ ਗੱਲ ਕਰਨ ਪਰ ਇਹ ਤਦ ਹੀ ਹੋਣਾ ਹੈ ਜੇ ਅਸੀਂ ਉਨ੍ਹਾਂ ਨੂੰ ਤਰਕਸ਼ੀਲ, ਵਿਗਿਆਨਕ ਸਾਹਿਤ ਪੜ੍ਹਨ ਲਈ ਪ੍ਰੇਰਾਂਗੇ ਜਾਂ ਲੈ ਕੇ ਦੇਵਾਂਗੇ। ਤਰਕਸ਼ੀਲ ਸਾਹਿਤ ਮਨੁੱਖ ਦੀਆਂ ਅੱਖਾਂ ਤੇ ਦਿਮਾਗ ਦੇ ਬੂਹੇ ਬਾਰੀਆਂ ਖੋਲ੍ਹ ਕੇ ਉਸ ਨੂੰ ਹਨੇਰੇ ਤੋਂ ਚਾਨਣ ਵਿਚ ਪਹੁੰਚਾ ਦਿੰਦਾ ਹੈ। ਯੁੱਗ ਡਿਜਿਟਲ ਹੋ ਰਿਹਾ ਹੈ ਇਸ ਗੱਲ ਦਾ ਖਿਆਲ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ ਕਿ ਸਾਡੇ ਬੱਚੇ ਇਸ ਤੋਂ ਪਛੜ ਨਾ ਜਾਣ।

ਬੱਚੇ ਸਾਡਾ ਆਉਣ ਵਾਲਾ ਕੱਲ੍ਹ ਹਨ, ਆਪਣਾ ਭਵਿੱਖ ਉਜਲਾ ਦੇਖਣ ਦੇ ਚਾਹਵਾਨਾਂ ਨੂੰ ਇਹ ਕੁੱਝ ਕਰਨਾ ਹੀ ਪਵੇਗਾ। ਧੱਕੇ ਨਾਲ ਆਪਣੇ ਵਿਚਾਰ ਬੱਚਿਆਂ 'ਤੇ ਲੱਦਣ ਦੀ ਥਾਂ, ਸੌਖੇ ਰਹਿਣਾ ਹੈ ਤਾਂ ਬਿਨਾਂ ਗਿਆਨ ਤੋਂ "ਗਿਆਨਵਾਨ" ਹੋਣ ਦਾ ਪਾਲਿਆ ਭਰਮ ਅਤੇ ਆਪਣੀ ਝੂਠੀ ਹਓਮੈਂ ਤਿਆਗ, ਬੱਚਿਆਂ ਵਰਗੇ ਹੋ ਕੇ ਉਨ੍ਹਾਂ ਤੋਂ ਕੁੱਝ ਸਿੱਖਣ ਦਾ ਯਤਨ ਵੀ ਕਰੀਏ।

# ਸਮਾਜਿਕ ਬਰਾਬਰੀ ਦੇ ਨਿਰਮਾਤਾ - ਡਾ. ਬੀ. ਆਰ ਅੰਬੇਦਕਰ



ਡਾ. ਭੀਮ ਰਾਓ ਅੰਬੇਦਕਰ ਦਾ ਜੀਵਨ ਸਮਾਜਿਕ ਬਰਾਬਰੀ ਨੂੰ ਸਮਰਪਿਤ ਰਿਹਾ ਸੀ । ਉਹਨੇ ਦੇ ਬਣਾਏ ਸੰਵਿਧਾਨ ਨੇ ਭਾਰਤ ਦੇ ਹਰ ਨਾਗਰਿਕ ਨੂੰ ਸਨਮਾਨਯੋਗ ਜੀਵਨ ਜਿਉਣ ਦੀ ਅਜਾਦੀ ਬਖਸੀ। ਭਾਵੇ ਪਿਤਾ ਸਰਕਾਰੀ ਅਫਸਰ ਸੀ ਪਰ ਸਮਜਿਕ ਨਾ-ਬਰਾਬਰੀ ਦੇ ਵਿਵਹਾਰ ਤੋ ਬਚ ਨਾ ਸਕੇ। ਜਿਸ ਕਾਰਨ ਸਮਾਜਿਕ ਅਦਰੂੰਨੀ ਅਜਾਦੀ ਨੂੰ ਕਨੂੰਨੀ ਰੂਪ ਦੇਣ ਦਾ ਮਹਾਨ ਉਪਰਾਲਾ ਕੀਤਾ ।ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਕਸਬੇ ਵਿੱਚ ਹੋਇਆ । ਉਹ ਸੂਬੇਦਾਰ ਪਿਤਾ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਭੀਮਾਬਾਈ ਸਕਪਾਲ ਦਾ 14ਵਾਂ ਬੱਚਾ, ਪਰਿਵਾਰ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲੇ ਦੇ ਅੰਬਦਾਵੇ ਕਸਬੇ ਤੋਂ ਮਰਾਠੀ ਪਿਛੋਕੜ ਦੇ ਸਨ। ਅੰਬੇਡਕਰ ਦਾ ਜਨਮ ਮਹਾਰ (ਦਲਿਤ) ਜਾਤੀ ਵਿੱਚ ਹੋਇਆਜਿਨ੍ਹਾਂ ਨੂੰ ਅਛੂਤ ਸਮਝਿਆ ਜਾਂਦਾ ਸੀ। ਜੋ ਅਕਸਰ ਸਮਾਜਿਕ ਵਿਤਕਰੇ ਦੇ ਸ਼ਿਕਾਰ ਹੁੰਦੇ ਸਨ। ਅੰਬੇਡਕਰ ਦੇ ਪੂਰਵਜਾਂ ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਫੌਜ ਲਈ ਲੰਬੇ ਸਮਾ ਕੰਮ ਕੀਤਾ। ਸਕੂਲ ਸਮੇ ਅੰਬੇਡਕਰ ਅਤੇ ਹੋਰ ਅਛੂਤ ਬੱਚੇ ਵੱਖਰੇ ਬਿਠਾਏ ਜਾਦੇ ਸਨ। ਉਨ੍ਹਾਂ ਵੱਲ ਅਧਿਆਪਕਾਂ ਦੁਆਰਾ ਘੱਟ ਧਿਆਨ ਦਿੱਤਾ ਜਾਦਾ ਸੀ। ਕਈ ਵਾਰ ਕਲਾਸ ਦੇ ਅੰਦਰ ਬੈਠਣ ਦੀ ਮਨਾਹੀ ਹੁੰਦੀ । ਜਦੋਂ ਉਨ੍ਹਾਂ ਨੂੰ ਪਾਣੀ ਪੀਣ ਦੀ ਜ਼ਰੂਰਤ ਹੁੰਦੀ ਤਾਂ ਉੱਚ ਜਾਤੀ ਦੇ ਵਿਅਕਤੀ ਵਲੋ ਡੋਲ੍ਹ ਨਾਲਪਾਣੀ ਦਿੱਤਾ ਜਾਦਾ, ਕਿਉਂਕਿ ਉਨ੍ਹਾਂ ਨੂੰ ਪਾਣੀ ਜਾਂ ਭਾਂਡੇ ਨੂੰ ਛੂਹਣ ਦੀ ਆਗਿਆ ਨਹੀਂ ਸੀ। ਇਹ ਕੰਮ ਸਕੂਲ ਦੇ ਚਪੜਾਸੀ ਦੁਆਰਾ ਅੰਬੇਡਕਰ ਲਈ ਕੀਤਾ ਜਾਂਦਾ ਅਤੇ ਜੇ ਚਪੜਾਸੀ ਉਪਲਬਧ ਨਹੀਂ ਤਾਂ ਉਸ ਨੂੰ ਪਾਣੀ ਤੋਂ ਬਿਨਾਂ ਰਿਹਣਾ ਪੈਂਦਾ ਸੀ। "ਚਪੜਾਸੀ ਨਹੀ, ਪਾਣੀ ਨਹੀਂ" ਕਿਤਾਬ ਵਿੱਚ ਜਿਕਰ ਕੀਤਾ। ਜਮਾਤ ਵਿੱਚ ਬੈਠਣ ਲਈ ਘਰੋ ਹੀ ਬੋਰੀ ਲੈ ਕੇ ਜਾਦੇ ਤੇ ਵਾਪਿਸ ਲਿਉਣੀ ਵੀ ਲਾਜਮੀ ਕੀਤਾ ਹੋਇਆ ਸੀ। ਦੂਜੇ ਬੱਚੇ ਭਾਵੇ ਸਕੂਲ ਹੀ ਰੱਖ ਸਕਦੇ ਸਨ।



ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ, ਐਡਵੋਕੇਟ
91-78374-90309

1897 ਵਿੱਚ ਅੰਬੇਡਕਰ ਦਾ ਪਰਿਵਾਰ ਮੁੰਬਈ ਆ ਗਿਆ ਜਿੱਥੇ ਅੰਬੇਡਕਰ ਐਲਫਿੰਸਟਨ ਹਾਈ ਸਕੂਲ ਵਿੱਚ ਦਾਖਲ ਹੋਣ ਵਾਲੇ ਪਹਿਲਾ ਅਛੂਤ ਵਿਦਿਆਰਥੀ ਸੀ। 1906 ਵਿੱਚ ਜਦੋਂ ਉਹ ਲਗਭਗ 15 ਸਾਲ ਦੇ ਸਨ, ਇੱਕ ਲੜਕੀ ਰਮਾਬਾਈ ਨਾਲ ਵਿਆਹ ਕਰਵਾ ਲਿਆ। ਅੰਬੇਡਕਰ ਨੇ 1907 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ ਅਤੇ ਅਗਲੇ ਸਾਲ ਉਸਨੇ ਐਲਫਿੰਸਟਨ ਕਾਲਜ ਵਿੱਚ ਦਾਖਲਾ ਲਿਆ, ਜੋ ਕਿ ਬੰਬਈ ਯੂਨੀਵਰਸਿਟੀ ਨਾਲ ਮਾਨਤਾ ਪ੍ਰਾਪਤ ਸੀ । ਮਹਾਰ ਜਾਤੀ ਵਿੱਚੋਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਪਹਿਲਾ ਵਿਅਕਤੀ ਬਣ ਗਿਆ। ਜਦੋਂ ਉਸਨੇ ਆਪਣੀ ਅੰਗਰੇਜ਼ੀ ਜਮਾਤ ਦੀ ਪ੍ਰੀਖਿਆ ਪਾਸ ਕੀਤੀ, ਤਾਂ ਉਸਦੇ ਭਾਈਚਾਰੇ ਦੇ ਲੋਕ ਜਸ਼ਨ ਮਨਾਉਣਾ ਚਹੁੰਦੇ ਸਨ ਕਿਉਂਕਿ ਉਹ ਸਮਝਦੇ ਸਨ ਕਿ ਉਹ "ਮਹਾਨ ਉਚਾਈਆਂ"'ਤੇ ਪਹੁੰਚ ਗਿਆ "ਦੂਜੇ ਭਾਈਚਾਰਿਆਂ ਵਿੱਚੋ ਸਿੱਖਿਆ ਦੇ ਮੁਕਾਬਲੇ ਦਾ ਕੋਈ ਨਹੀ"। ਉਸਦੀ ਸਫਲਤਾ ਦਾ ਜਸ਼ਨ ਮਨਾਉਣ ਲਈ ਜਨਤਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਦਾਦਾ ਕੇਲੁਸਕਰ, ਲੇਖਕਾ ਅਤੇ ਪਰਿਵਾਰਕ ਦੋਸਤ ਦੁਆਰਾ ਬੁੱਧ ਦੀ ਜੀਵਨੀ ਭੇਂਟ ਕੀਤੀ ਗਈ। 1912 ਤੱਕ ਉਸਨੇ ਬੰਬਈ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਵਿੱਚ ਆਪਣੀ ਡਿਗਰੀ ਪ੍ਰਾਪਤ ਕਰ ਲਈ। ਜਲਦ ਬੜੌਦਾ ਸਰਕਾਰ ਵਿੱਚ ਨੌਕਰੀ ਸੁਰੂ ਕਰ ਦਿੱਤੀ। ਪਤਨੀ ਨੇ ਵੀ ਪਰਿਵਾਰ ਦੀ ਦੇਖਭਾਲ ਦਾ ਜੁੰਮਾ ਚੁਕਿਆ ਜਿਸ ਲਈ ਬਿਮਾਰ ਪਿਤਾ ਨੂੰ ਦੇਖਣ ਲਈ ਮੁੰਬਈ ਵਾਪਸ ਜਾਣਾ ਪਿਆ, ਪਰ 2 ਫਰਵਰੀ 1913 ਨੂੰ ਮੌਤ ਹੋ ਗਈ ਸੀ।

ਸਯਾਜੀਰਾਓ ਗਾਇਕਵਾੜ ਦੁਆਰਾ ਬੜੌਦਾ ਸਟੇਟ ਸਕਾਲਰਸ਼ਿਪ ਸਥਾਪਿਤ ਕੀਤੀ ਗਈ। ਇਸ ਤਹਿਤ ਤਿੰਨ ਸਾਲਾਂ ਲਈ ਪ੍ਰਤੀ ਮਹੀਨਾ ਵਜੀਫੇ ਦੀ ਰਕਮ ਦਿੱਤੀ ਜਾਦੀ ਸੀ । ਅਸਲ ਵਿੱਚ ਇਹ ਯੋਜਨਾ ਅੰਬੇਡਕਰ ਨੂੰ ਪੋਸਟ ਗ੍ਰੈਜੂਏਟ ਸਿੱਖਿਆ ਦਾ ਮੌਕੇ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਸੀ । ਜਿਸ ਸਦਕਾ 1913 ਨੂੰ 22 ਸਾਲ ਦੀ ਉਮਰ ਵਿੱਚ ਕੋਲੰਬੀਆ ਯੂਨੀਵਰਸਿਟੀ ਦਖਲ ਹੋਏ। ਨਿਊਯਾਰਕ ਸਿਟੀ ਪਹੁੰਚਣ ਤੇ ਲਿਵਿੰਗਸਟਨ ਹਾਲ ਵਿੱਚ ਪਾਰਸੀ ਨੇਵਲ ਭਥੇਨਾ ਨਾਲ ਕਮਰੇ ਵਿੱਚ ਰਿਹਣ ਲੱਗੇ ਜੋ ਜੀਵਨ ਭਰ ਦੋਸਤ ਬਣੇ ਰਹੇ। ਜੂਨ 1915 ਵਿੱਚ ਐਮ.ਏ. ਦੀ ਪ੍ਰੀਖਿਆ ਪਾਸ ਕਰ ਅਰਥ ਸ਼ਾਸਤਰ, ਸਮਾਜ ਸ਼ਾਸਤਰ, ਇਤਿਹਾਸ, ਦਰਸ਼ਨ ਅਤੇ ਮਾਨਵ ਵਿਗਿਆਨ ਵਿਸ਼ਿਆਂ ਦਾ ਡੂੰਘਾ ਅਧਿਐਨ ਕੀਤਾ। ਉਸ ਸਮੇ ਪ੍ਰਾਚੀਨ ਭਾਰਤੀ ਵਣਜ ਉਪਰ ਖੋਜ ਦਾ ਥੀਸਿਸ ਵੀ ਲਿਖਿਆ। ਅੰਬੇਡਕਰ ਜੌਹਨ ਡਿਵੀ ਦੇ ਲੋਕਤੰਤਰ ਸਬੰਧਤ ਵਿਚਾਰਾ ਤੋਂ ਕਾਫ਼ੀ ਪ੍ਰਭਾਵਿਤ ਸਨ। 1916ਵਿੱਚ ਨੈਸ਼ਨਲ ਡਿਵੀਡੈਂਡ ਆਫ਼ ਇੰਡੀਆ-ਏ ਹਿਸਟੋਰਿਕ ਐਂਡ ਐਨਾਲਿਟੀਕਲ ਸਟੱਡੀ ਦੀ ਦੂਜੀ ਐਮਏ ਲਈ ਖੋਜ ਪੱਤਰ ਪੇਸ ਕੀਤਾ। ਮਾਨਵ-ਵਿਗਿਆਨੀ ਅਲੈਗਜ਼ੈਂਡਰ ਗੋਲਡਨਵਾਈਜ਼ਰ ਦੁਆਰਾ ਕਰਵਾਏ ਗਏ ਇੱਕ ਸੈਮੀਨਾਰ ਵਿੱਚ ਪਹਿਲਾਂ ਪੇਪਰ ਕਾਸਟਸ ਇਨ ਇੰਡੀਆ: ਦਿਅਰ ਮਕੈਨਿਜ਼ਮ, ਜੈਨੇਸਿਸ ਐਂਡ ਡਿਵੈਲਪਮੈਂਟ ਪੜਿਆ।

ਅਕਤੂਬਰ 1916 ਨੂੰ ਲੰਡਨ ਸਕੂਲ ਆਫ਼ ਇਕਨਾਮਿਕਸ ਵਿੱਚ ਦਾਖਲਾ ਲੈਣ ਉਪਰੰਤ ਡਾਕਟਰੇਟ ਥੀਸਿਸਤੇਕੰਮ ਸ਼ੁਰੂ ਕੀਤਾ। ਜੂਨ 1917 ਵਿਚ ਸਕਾਲਰਸ਼ਿਪ ਖਤਮ ਹੋਣ ਕਾਰਨ ਭਾਰਤ ਵਾਪਸ ਆ ਗਏ। ਉਹਨਾ ਦੀਆ ਪੁਸਤਕ ਵੱਖਰੇ ਜਹਾਜ਼ ਰਾਹੀ ਭੇਜੀਆ ਗਈਆ। ਪਰ ਸਖਤ ਘਾਲਣਾ ਦੇ ਚਲਦਿਆ ਚਾਰ ਸਾਲਾਂ ਦੇ ਅੰਦਰ ਆਪਣਾ ਥੀਸਿਸ ਜਮ੍ਹਾਂ ਕਰਾਉਣ ਵਾਸਤੇ ਲੰਡਨ ਵਾਪਸ ਜਾਣ ਦੀ ਇਜਾਜ਼ਤ ਮਿਲ ਗਈ। 1921 ਵਿੱਚ ਮਾਸਟਰ ਦੀ ਡਿਗਰੀ ਪੂਰੀ ਕਰ ਉਸਦਾ ਥੀਸਿਸ "ਰੁਪਏ ਦੀ ਸਮੱਸਿਆ: ਇਸਦਾ ਮੂਲ ਅਤੇ ਇਸਦਾ ਹੱਲ" ਬਾਰੇ ਲਿਖਿਆ । 1923 ਵਿੱਚ ਲੰਡਨ ਯੂਨੀਵਰਸਿਟੀ ਨੇ ਅਰਥ ਸ਼ਾਸਤਰ ਵਿਸੇ ਦੀ ਨਵੀ ਖੋਜ ਸਦਕਾ ਸਨਮਾਨਿਤ ਕੀਤੇ ਗਏ। 1927 ਵਿੱਚ ਕੋਲੰਬੀਆ ਯੂਨੀਵਰਸਿਟੀ ਤੋ ਅਰਥ ਸ਼ਾਸਤਰ ਵਿੱਚ ਪੀ.ਐਚ.ਡੀ. ਦੀ ਡਿਗਰੀ ਹਾਸਿਲ ਕੀਤੀ।

1927 ਵਿੱਚ ਅੰਬੇਡਕਰ ਨੇ ਛੂਤ-ਛਾਤ ਵਿਰੁੱਧ ਸਰਗਰਮ ਅੰਦੋਲਨ ਸ਼ੁਰੂ ਕਰਨ ਦਾ ਫੈਸਲਾ ਕੀਤਾ। ਜਿਸ ਦੀ ਸ਼ੁਰੂਆਤ ਮੰਦਰਾਂ ਵਿੱਚ ਦਾਖਲੇ ਅਤੇ ਜਨਤਕ ਪੀਣ ਵਾਲੇ ਪਾਣੀ ਦੇ ਸਰੋਤਾਂ ਨੂੰ ਖੋਲ੍ਹਣ ਲਈ ਅੰਦੋਲਨਾਂ ਨਾਲ ਕੀਤੀ । ਮਹਾੜ ਵਿੱਚ ਅਛੂਤ ਭਾਈਚਾਰੇ ਦੇ ਕਸਬੇ ਨੂੰ ਮੁੱਖ ਪਾਣੀ ਦੀ ਟੈਂਕੀ ਤੋਂ ਪਾਣੀ ਲੈਣ ਦੇ ਅਧਿਕਾਰ ਲਈ ਸੱਤਿਆਗ੍ਰਹਿ ਦੀ ਅਗਵਾਈ ਕੀਤੀ। ਕਾਨਫਰੰਸ ਰਾਹੀ ਅੰਬੇਡਕਰ ਨੇ ਜਾਤੀ ਭੇਦਭਾਵ ਅਤੇ "ਛੂਤ-ਛਾਤ" ਨੂੰ ਵਿਚਾਰਧਾਰਕ ਤੌਰ 'ਤੇ ਗਲਤ ਠਹਿਰਾਇਆ ਅਤੇ ਮਨੁਸਮ੍ਰਿਤੀ ਦੀ ਨਿੰਦਾ ਦਾ ਪੱਖ ਰੱਖਿਆ। 25 ਦਸੰਬਰ 1927 ਨੂੰ, ਉਸਨੇ ਮਨੁਸਮ੍ਰਿਤੀ ਦੀਆਂ ਕਾਪੀਆਂ ਸਾੜਨ ਲਈ ਹਜ਼ਾਰਾਂ ਪੈਰੋਕਾਰਾਂ ਦੀ ਅਗਵਾਈ ਕੀਤੀ। 1930 ਵਿੱਚ ਅੰਬੇਡਕਰ ਨੇ ਤਿੰਨ ਮਹੀਨਿਆਂ ਦੀ ਤਿਆਰੀ ਤੋਂ ਬਾਅਦ ਕਾਲਾਰਾਮ ਮੰਦਰ ਅੰਦੋਲਨ ਅਰੰਭਿਆ। ਨਾਸਿਕ ਦੇ ਇਸ ਮਹਾਨ ਸੱਤਿਆਗ੍ਰਹਿ ਵਿੱਚ ਲਗਭਗ 15,000 ਵਾਲੰਟੀਅਰ ਇਕੱਠੇ ਹੋਏ। ਜਲੂਸ ਦੀ ਅਗਵਾਈ ਫੌਜੀ ਬੈਂਡ ਅਤੇ ਸਕਾਊਟਸ ਦੇ ਜੱਥੇ ਦੁਆਰਾ ਕੀਤੀ ਗਈ ਸੀ ।ਔਰਤਾਂ ਅਤੇ ਪੁਰਸ਼ਾਂ ਨੇ ਅਨੁਸ਼ਾਸਨ ਅਤੇ ਦ੍ਰਿੜ ਇਰਾਦੇ ਨਾਲ ਪਹਿਲੀ ਵਾਰ ਦੇਵਤਿਆ ਦੇ ਦਰਸ਼ਨ ਕੀਤੇ। ਪਰ ਜਦੋ ਪ੍ਰਵੇਸ ਕਰਨ ਲੱਗੇ ਤਾਂ ਅਧਿਕਾਰੀਆਂਨੇ ਦਰਵਾਜ਼ੇ ਬੰਦ ਕਰ ਦਿੱਤੇ।

16 ਅਗਸਤ 1932 ਵਿੱਚ ਕਮਿਊਨਲ ਅਵਾਰਡ (ਫਿਰਕੂ ਪੁਰਸਕਾਰ) ਰਾਹੀ ਉਦਾਸੀਨ ਤੇ ਘੱਟ ਗਿਣਤੀ ਦੇ ਵਰਗ ਅਧਾਰ ਤੇ ਇੱਕ ਵੱਖਰਾ ਚੋਣਕਾਰ ਮੰਡਲ ਬਣਾਉਣ ਦਾ ਐਲਾਨ ਹੋਇਆ। ਮਹਾਤਮਾ ਗਾਂਧੀ ਨੇ ਅਛੂਤਾਂ ਲਈ ਵੱਖਰੇ ਵੋਟਰਾਂ ਦਾ ਸਖ਼ਤ ਵਿਰੋਧ ਕਰਦੇ ਹੋਏ ਕਿਹਾ ਕਿ ਅਜਿਹੀ ਵਿਵਸਥਾ ਸਮਾਜਿਕ ਭਾਈਚਾਰੇ ਨੂੰ ਵੰਡ ਦੇਵੇਗੀ। ਜਿਸ ਲਈ ਗਾਂਧੀ ਨੇ ਪੂਨਾ ਦੀ ਯਰਵਦਾ ਸੈਂਟਰਲ ਜੇਲ੍ਹ ਵਿੱਚ ਬੰਦ ਦੌਰਾਨ ਵਰਤ ਰੱਖ ਕੇ ਰੋਸ ਪ੍ਰਗਟਾਇਆ। ਇਸ ਦੇ ਹੱਲ ਲਈ ਮਦਨ ਮੋਹਨ ਮਾਲਵੀਆ ਅਤੇ ਪਲਵੰਕਰ ਬੱਲੂ ਵਰਗੇ ਕਾਂਗਰਸੀ ਸਿਆਸਤਦਾਨਾਂ ਨੇ ਯਰਵੜਾ ਵਿਖੇ ਅੰਬੇਡਕਰ ਨਾਲ ਸਾਂਝੀਆਂ ਮੀਟਿੰਗਾਂ ਕੀਤੀਆਂ। 25 ਸਤੰਬਰ 1932 ਨੂੰ ਅੰਬੇਡਕਰ (ਹਿੰਦੂਆਂ ਵਿੱਚ ਦੱਬੇ-ਕੁਚਲੇ ਵਰਗਾਂ ਦੀ ਤਰਫੋਂ) ਅਤੇ ਮਦਨ ਮੋਹਨ ਮਾਲਵੀਆ (ਦੂਜੇ ਹਿੰਦੂਆਂ ਦੀ ਤਰਫੋਂ) ਵਿਚਕਾਰ ਪੂਨਾ ਪੈਕਟ ਵਜੋਂ ਜਾਣੇ ਜਾਂਦੇ ਸਮਝੌਤੇ 'ਤੇ ਦਸਤਖਤ ਕੀਤੇ ਗਏ ਸਨ। ਸਮਝੌਤੇ ਅਨੁਸਾਰ ਆਮ ਵੋਟਰਾਂ ਦੇ ਅੰਦਰ ਅਸਥਾਈ ਵਿਧਾਨ ਸਭਾਵਾਂ ਵਿੱਚ ਨਿਰਾਸ਼ ਵਰਗਾਂ ਲਈ ਰਾਖਵੀਆਂ ਸੀਟਾਂ ਦਿੱਤੀਆਂ। ਜਿਸ ਨਾਲ ਵਿਧਾਨ ਸਭਾ ਵਿੱਚ 71 ਦੀ ਬਜਾਏ 148 ਸੀਟਾਂ ਮਿਲੀਆਂ।

1935 ਵਿੱਚ ਅੰਬੇਦਕਰ ਨੂੰ ਦੋ ਸਾਲਾਂ ਲਈ ਸਰਕਾਰੀ ਲਾਅ ਕਾਲਜ ਬੰਬਈ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ। ਦਿੱਲੀ ਯੂਨੀਵਰਸਿਟੀ ਦੇ ਰਾਮਜਸ ਕਾਲਜ ਦੀ ਗਵਰਨਿੰਗ ਬਾਡੀ ਦੇ ਸੰਸਥਾਪਕ ਸ਼੍ਰੀ ਰਾਏ ਕੇਦਾਰਨਾਥ ਦੀ ਮੌਤ ਤੋਂ ਬਾਅਦ ਚੇਅਰਮੈਨ ਵਜੋਂ ਵੀ ਕੰਮ ਕੀਤਾ। ਬੰਬਈ ਵਿੱਚ ਆ ਕੇ ਅੰਬੇਡਕਰ ਨੇ ਇੱਕ ਘਰ ਅਤੇ ਲਾਇਬ੍ਰੇਰੀ ਦਾ ਨਿਰਮਾਣ ਕਰ 50,000 ਤੋਂ ਵੱਧ ਕਿਤਾਬਾਂ ਦਾ ਭੰਡਾਰ ਰੱਖਿਆ। ਉਸ ਦੀ ਪਤਨੀ ਰਮਾਬਾਈ ਦੀ ਲੰਬੀ ਬਿਮਾਰੀ ਤੋਂ ਬਾਅਦ ਮੌਤ ਹੋ ਗਈ। ਪੰਢਰਪੁਰ ਦੀ ਤੀਰਥ ਯਾਤਰਾ 'ਤੇ ਜਾਣ ਦੀ ਉਸਦੀ ਲੰਬੇ ਸਮੇਂ ਤੋਂ ਇੱਛਾ ਸੀ, ਪਰ ਅੰਬੇਡਕਰ ਨੇ ਉਸਨੂੰ ਇਹ ਕਹਿ ਕੇ ਜਾਣ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਹ ਹਿੰਦੂ ਧਰਮ ਦੇ ਪੰਢਰਪੁਰ ਦੀ ਬਜਾਏ ਉਸਦੇ ਲਈ ਇੱਕ ਨਵਾਂ ਪੰਢਰਪੁਰ ਬਣਾਉਣਗੇ। ਨਾਸਿਕ ਵਿੱਚ ਯੇਓਲਾ ਧਰਮ ਪਰਿਵਰਤਨ ਕਾਨਫਰੰਸ ਵਿੱਚ ਅੰਬੇਡਕਰ ਨੇ ਧਰਮ ਬਦਲਣ ਦੇ ਆਪਣੇ ਇਰਾਦੇ ਦੀ ਘੋਸ਼ਣਾ ਕੀਤੀ। ਉਹ ਭਾਰਤ ਭਰ ਵਿੱਚ ਕਈ ਜਨਤਕ ਮੀਟਿੰਗਾਂ ਵਿੱਚ ਆਪਣਾ ਸੰਦੇਸ਼ ਦੁਹਰਾਇਆ। 1936 ਵਿੱਚ ਅੰਬੇਦਕਰ ਨੇ ਸੁਤੰਤਰ ਲੇਬਰ ਪਾਰਟੀ ਦੀ ਸਥਾਪਨਾ ਕੀਤੀ, ਜਿਸਨੇ 1937 ਵਿੱਚ ਕੇਂਦਰੀ ਵਿਧਾਨ ਸਭਾ ਲਈ 13 ਰਾਖਵੀਆਂ ਅਤੇ 4 ਜਨਰਲ ਸੀਟਾਂ ਲਈ ਬੰਬੇ ਦੀ ਚੋਣ ਲੜੀ ਜਿਸ ਵਿੱਚ 11 ਅਤੇ 3 ਸੀਟਾਂ ਹਾਸਿਲ ਕੀਤੀਆਂ।

15 ਅਗਸਤ 1947 ਨੂੰ ਭਾਰਤ ਦੀ ਆਜ਼ਾਦੀ ਤੋਂ ਬਾਅਦ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਅੰਬੇਡਕਰ ਨੂੰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਵਜੋਂ ਸੇਵਾ ਕਰਨ ਲਈ ਸੱਦਾ ਦਿੱਤਾ। ਦੋ ਹਫ਼ਤਿਆਂ ਬਾਅਦ ਭਾਰਤ ਦੇ ਭਵਿੱਖੀ ਗਣਰਾਜ ਲਈ ਸੰਵਿਧਾਨ ਦੀ ਡਰਾਫਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਭਾਰਤੀ ਸੰਵਿਧਾਨ ਧਰਮ ਦੀ ਆਜ਼ਾਦੀ, ਛੂਤ-ਛਾਤ ਦੇ ਖਾਤਮੇ, ਅਤੇ ਵਿਤਕਰੇ ਦੇ ਸਾਰੇ ਰੂਪਾਂ ਨੂੰ ਗੈਰ-ਕਾਨੂੰਨੀ ਬਣਾਉਣ ਸਮੇਤ ਵਿਅਕਤੀਗਤ ਨਾਗਰਿਕਾਂ ਲਈ ਨਾਗਰਿਕ ਸੁਤੰਤਰਤਾਵਾਂ ਦੀ ਵਿਸ਼ਾਲ ਸ਼੍ਰੇਣੀ ਲਈ ਗਾਰੰਟੀ ਅਤੇ ਸੁਰੱਖਿਆ ਨੂੰ ਮੂਲ ਅਧਾਰ ਬਣਾਇਆ ਗਿਆ। ਅੰਬੇਡਕਰ ਨੇ ਔਰਤਾਂ ਲਈ ਵਿਆਪਕ ਆਰਥਿਕ ਅਤੇ ਸਮਾਜਿਕ ਅਧਿਕਾਰਾਂ ਲਈ ਦਲੀਲ ਦਿੱਤੀ । ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਲਈ ਸਿਵਲ ਸੇਵਾਵਾਂ, ਸਕੂਲਾਂ ਅਤੇ ਕਾਲਜਾਂ ਵਿੱਚ ਨੌਕਰੀਆਂ ਦੇ ਰਾਖਵੇਂਕਰਨ ਦੀ ਇੱਕ ਪ੍ਰਣਾਲੀ ਨੂੰ ਪੇਸ਼ ਕਰਨ ਲਈ ਅਸੈਂਬਲੀ ਦਾ ਸਮਰਥਨ ਪ੍ਰਾਪਤ ਕੀਤਾ। ਭਾਰਤ ਦੇ ਕਾਨੂੰਨਸਾਜ਼ਾਂ ਨੇ ਇਸ ਰਾਹੀਂ ਸਮਾਜਿਕ-ਆਰਥਿਕ ਅਸਮਾਨਤਾਵਾਂ ਅਤੇ ਭਾਰਤ ਦੇ ਨਿਰਾਸ਼ ਵਰਗਾਂ ਲਈ ਮੌਕਿਆਂ ਦੀ ਘਾਟ ਨੂੰ ਖਤਮ ਹੋਣ ਦੀ ਉਮੀਦ ਜਤਾਈ। ਸਭ ਵਰਗਾ ਨੂੰ ਸਨਮਾਨ ਵੰਡਦਾ ਡਾ ਬੀ.ਆਰ. ਅੰਬੇਡਕਰ ਦੀ ਅਗਵਾਹੀ ਵਿੱਚ ਤਿਆਰ ਕੀਤੀ ਅਜਾਦ ਭਾਰਤ ਦਾ ਸੰਵਿਧਾਨ ਨੂੰ 26 ਨਵੰਬਰ 1949 ਨੂੰ ਸੰਵਿਧਾਨ ਸਭਾ ਦੁਆਰਾ ਅਪਣਾਇਆ ਗਿਆ। ਜੋ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ ।

ਅੰਬੇਡਕਰ ਧਰਮ ਪਰਿਵਰਤਨ ਸਮਾਰੋਹ ਦੌਰਾਨ ਸਿੱਖ ਧਰਮ ਵਿੱਚ ਪਰਿਵਰਤਨ ਕਰਨ ਬਾਰੇ ਸੋਚਿਆ, ਜੋ ਜ਼ੁਲਮ ਦੇ ਵਿਰੋਧ ਨੂੰ ਉਤਸ਼ਾਹਿਤ ਕਰਦਾ ਅਤੇ ਇਸ ਲਈ ਅਨੁਸੂਚਿਤ ਜਾਤੀਆਂ ਦੇ ਨੇਤਾਵਾਂ ਨੂੰ ਅਪੀਲ ਵੀ ਕੀਤੀ। 1950 ਦੇ ਆਸ-ਪਾਸ ਬੁੱਧ ਧਰਮ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਅਤੇ ਬੋਧੀਆਂ ਦੀ ਵਿਸ਼ਵ ਫੈਲੋਸ਼ਿਪ ਦੀ ਇੱਕ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੀਲੋਨ (ਹੁਣ ਸ਼੍ਰੀਲੰਕਾ) ਦੀ ਯਾਤਰਾ ਕੀਤੀ। ਪੁਣੇ ਦੇ ਨੇੜੇ ਇੱਕ ਨਵੇਂ ਬੋਧੀ ਵਿਹਾਰ ਨੂੰ ਸਮਰਪਿਤ ਕਰਦੇ ਹੋਏ ਅੰਬੇਡਕਰ ਨੇ ਘੋਸ਼ਣਾ ਕੀਤੀ ਕਿ ਉਹ ਬੁੱਧ ਧਰਮ 'ਤੇ ਇੱਕ ਕਿਤਾਬ ਲਿਖ ਰਿਹਾ ਹੈ।


ਜਦੋਂ ਇਹ ਪੂਰੀ ਹੋ ਜਾਵੇਗੀ ਤਾਂ ਉਹ ਰਸਮੀ ਤੌਰ ਤੇ ਬੁੱਧ ਧਰਮ ਨੂੰ ਅਪਣਾ ਲਵੇਗਾ। ਉਸਨੇ 1954 ਵਿੱਚ ਦੋ ਵਾਰ ਬਰਮਾ ਦਾ ਦੌਰਾ ਕੀਤਾ। ਰੰਗੂਨ ਵਿੱਚ ਵਿਸ਼ਵ ਫੈਲੋਸ਼ਿਪ ਆਫ਼ ਬੋਧੀਆਂ ਦੀ ਤੀਜੀ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਦੂਜੀ ਵਾਰ ਗਏ। 1955 ਵਿੱਚ ਭਾਰਤੀ ਬੁੱਧ ਮਹਾਸਭਾ ਜਾਂ ਭਾਰਤ ਦੀ ਬੋਧੀ ਸੁਸਾਇਟੀ ਦੀ ਸਥਾਪਨਾ ਕੀਤੀ। 1956 ਵਿੱਚ, ਉਸਨੇ ਆਪਣਾ ਅੰਤਮ ਕੰਮ ਬੁੱਢਾ ਅਤੇ ਉਸਦਾ ਧੰਮ ਪੂਰਾ ਕੀਤਾ, ਜੋ ਮਰਨ ਉਪਰੰਤ ਪ੍ਰਕਾਸ਼ਿਤ ਕੀਤਾ ਗਿਆ।

1948 ਤੋਂ ਅੰਬੇਡਕਰ ਸ਼ੂਗਰ ਰੋਗ ਦਾ ਪੀੜਤ ਸੀ। ਦਵਾਈਆਂ ਦੇ ਮਾੜੇ ਪ੍ਰਭਾਵਾਂ ਅਤੇ ਕਮਜ਼ੋਰ ਨਜ਼ਰ ਕਾਰਨ 1954 ਵਿੱਚ ਬੀਮਾਰੀ ਨੇ ਬੁਰੀ ਤਰਾ ਘੇਰ ਲਿਆ । 1955 ਦੌਰਾਨ ਸਿਹਤ ਡੂੰਘਾ ਵਿੱਚ ਨਿਘਾਰ ਆਇਆ। ਆਪਣਾ ਅੰਤਿਮ ਖਰੜੇ ਹੀਦਿ ਬੁੱਢਾ ਐਂਡ ਹਿਜ਼ਧੰਮ ਨੂੰ ਪੂਰਾ ਕਰਨ ਤੋਂ ਤਿੰਨ ਦਿਨ ਬਾਅਦ 6 ਦਸੰਬਰ 1956 ਨੂੰ ਦਿੱਲੀ ਆਪਣੇ ਘਰ ਨੀਂਦ ਵਿੱਚ ਹੀ ਮੌਤ ਹੋ ਗਈ । ਸਮਾਜਿਕ ਬਰਾਬਰੀ ਦਾ ਸਮੀਹਾ ਸੁਨਹਿਰੀ ਅੱਖਰਾ ਵਿੱਚ ਕਨੂੰਨਨ ਅਜਾਦੀ ਦੀ ਨਵੀ ਕਿਤਾਬ ਰਚ ਸਦਾ ਲਈ ਅਲਵਿਦਾ ਆਖ ਗਿਆ ।

# ਪੂਰੇ ਵਿਸ਼ਵ ਦੇ ਵਿੱਚ ਗਿਆਨ ਦੇ ਪ੍ਰਤੀਕ ਸਨ ਬਾਬਾ ਸਾਹਿਬ ਡਾ. ਅੰਬੇਡਕਰ ਜੀ

ਐਸ ਸੀ, ਸਮਾਜ ਦੇ ਪੜ੍ਹੇ ਲਿਖੇ, ਬਹੁਤ ਪੜ੍ਹੇ-ਲਿਖੇ ਲੋਕਾਂ ਨੇ ਮੈਨੂੰ ਧੋਖਾ ਦਿੱਤਾ ਹੈ। ਮੈਨੂੰ ਆਸ ਸੀ ਕਿ ਸਿੱਖਿਆ, ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਉਹ ਆਪਣੇ ਦੱਬੇ ਕੁੱਚਲੇ ਭਰਾਵਾਂ ਦੇ ਕੰਮ ਆਉਣਗੇ। ਪਰ ਮੈਨੂੰ ਏਥੇ ਬਾਬੂਆਂ ਦੀ ਭੀੜ ਦੇਖ ਕੇ ਬਹੁਤ ਨਿਰਾਸ਼ਾ ਹੋਈ ਹੈ ਜ਼ੋ ਆਪਣਾ ਹੀ ਪੇਟ ਪਾਲਣ ਵਿੱਚ ਮਸਤ ਹਨ।

ਇਹ ਵਿਚਾਰ ਸਨ ਉਸ ਇਸ ਧਰਤੀ ਤੇ ਸਭ ਤੋਂ ਵੱਧ ਪੜ੍ਹਾਈ ਕਰਨ ਵਾਲੇ ਅਤੇ ਸਭ ਤੋਂ ਵੱਧ ਗਿਆਨਵਾਨ ਮਹਾਨ ਮਹਾਂਪੁਰਸ਼ ਜਿਸ ਨੇ ਲੋਕਾਂ ਨੂੰ ਬਰਾਬਰ ਕਰਨ ਲਈ ਆਪਣਾ ਸਾਰਾ ਪਰਿਵਾਰ ਕੁਰਬਾਨੀ ਦੀ ਭੇਟ ਚਾੜ੍ਹ ਦਿੱਤਾ। ਉਸ ਮਹਾਨ ਮਹਾਂਪੁਰਸ਼ ਦਾ ਨਾਂ ਸੀ ਨਾਂ ਹੈ ਅਤੇ ਰਹੇਗਾ ਬਾਬਾ ਸਾਹਿਬ ਡਾ ਅੰਬੇਡਕਰ ਜੀ। ਜੋ ਉਨ੍ਹਾਂ ਨੇ ਆਪਣੇ ਸਮਾਜ਼ ਤੋਂ ਆਸ ਰੱਖੀ ਸੀ ਕਿ ਮੇਰੇ ਅਧੂਰੇ ਕੰਮ ਨੂੰ ਮੇਰਾ ਸਮਾਜ ਖ਼ਾਸਕਰ ਪੜਿਆ ਲਿਖਿਆ ਪੂਰਾ ਕਰੇਗਾ। ਇਸ ਕਰਕੇ ਹੀ ਤਾਂ ਉਸ ਨੇ ਆਪਣੇ ਸਮਾਜ਼ ਦੇ ਕੁਝ ਲੋਕ ਬਾਹਰ ਭੇਜੇ ਸਨ ਪਰ ਉਹ ਉਨ੍ਹਾਂ ਦੇ ਸੁਪਨਿਆਂ ਤੇ ਪੂਰੇ ਨਹੀਂ ਉੱਤਰੇ ਸਭ ਆਪਣੇ ਆਪ ਵਿੱਚ ਹੀ ਮਸਤ ਹੋ ਗਏ ਅਤੇ ਬਾਕੀ ਬਾਬਾ ਸਾਹਿਬ ਜੀ ਦਾ ਮਿਸ਼ਨ ਭੁਲਾ ਦਿੱਤਾ। ਉਹਨਾਂ ਦੀ ਮਹਾਨਤਾ ਇਨ੍ਹਾਂ ਗੱਲਾਂ ਤੋਂ ਪ੍ਰਗਟ ਹੁੰਦੀ ਹੈ



ਕਿ ਮੈਂ ਇਸ ਵੇਲੇ ਖਲਨਾਇਕ ਲੱਗਦਾ ਹਾਂ ਪਰ ਮੈਂ ਦੱਸਾਂ, ਆਪਣੇ ਪਵਿੱਤਰ ਫਰਜ਼ ਤੋਂ ਭੋਰਾ ਵੀ ਇਧਰ ਓਧਰ ਨਹੀਂ ਹੋਵਾਂਗਾ। ਆਪਣੇ ਅਛੂਤ ਵਰਗ ਦੇ ਨਿਆਂ ਅਤੇ ਕਾਨੂੰਨੀ ਅਧਿਕਾਰਾ ਨਾਲ ਧੋਖਾ ਨਹੀਂ ਕਰਾਂਗਾ ਚਾਹੇ ਮੈਨੂੰ ਬਿਜਲੀ ਦੇ ਖੰਭੇ ਤੇ ਫਾਂਸੀ ਲਾ ਦਿਓ । ਮੈ ਇਹ ਸਹੁੰ ਚੁੱਕੀ ਹੈ ਕਿ ਆਪਣੇ ਦੱਬੇ ਕੁੱਚਲੇ ਲੋਕਾਂ ਦੀ ਸੇਵਾ ਕਰਦਾ ਹੋਇਆ, ਉਹਨਾਂ ਦੇ ਹਿੱਤ ਵਿੱਚ ਸੰਘਰਸ਼ ਕਰਦਾ ਹੋਇਆ ਹੀ ਮਰਾਂਗਾ, ਜਿਹਨਾਂ ਵਿੱਚ ਮੇਰਾ ਜਨਮ ਹੋਇਆ, ਜਿਨ੍ਹਾਂ ਵਿੱਚ ਰਹਿ ਕੇ ਮੈਂ ਵੱਡਾ ਹੋਇਆ ਅਤੇ ਜਿਨ੍ਹਾਂ ਵਿੱਚ ਹੁਣ ਰਹਿ ਰਿਹਾ ਹਾਂ। ਮੈਂ ਆਪਣੇ ਇਸ ਨੇਕ ਕਾਰਜ ਤੋਂ ਇੱਕ ਇੰਚ ਵੀ ਪਿੱਛੇ ਨਹੀਂ ਹਟਾਂਗਾ। ਆਪਣੇ ਵਿਰੋਧੀਆਂ ਦੀ ਮੈਂ ਬਿਲਕੁਲ ਵੀ ਪ੍ਰਵਾਹ ਨਹੀਂ ਕਰਾਂਗਾ। ਦੇ ਕੋਈ ਇੱਕ ਸਬਕ ਤੁਸੀਂ ਮੇਰੀ ਜ਼ਿੰਦਗੀ ਤੋਂ ਸਿੱਖਣਾ ਚਾਹੁੰਦੇ ਹੋ, ਉਹ ਇਹ ਹੈ ਕਿ ਮੈਂ ਆਪਣੇ ਸਮੁਦਾਏ ਨੂੰ ਕਦੇ ਵੀ ਨਕਾਰਿਆ ਨਹੀਂ। ਮੈਂ ਜੀਵਨ ਭਰ ਉਹਨਾਂ ਦੀ ਗਮੀ ਖੁਸ਼ੀ ਵਿੱਚ ਸ਼ਰੀਕ ਰਿਹਾ ਹਾਂ। ਮੈਂ ਜੀਵਨ ਭਰ ਉਹਨਾਂ ਦੇ ਨਾਲ ਰਹਾਂਗਾ। ਉਹ ਵਿਸ਼ਵ ਗਿਆਤਾ ਹੁੰਦੇ ਹੋਏ ਵੀ ਕਦੇ ਆਪਣੇ ਸਮਾਜ ਨੂੰ ਨਹੀਂ ਭੁੱਲਦੇ ਸਨ। ਉਹਨਾਂ ਦੇ ਦਿਲ ਵਿੱਚ ਦੱਬੇ ਕੁੱਚਲੇ ਸਮਾਜ ਦੇ ਲੋਕਾਂ ਲਈ ਤੜਫ ਸੀ। ਉਹ ਦੇਖਣਾ ਚਾਹੁੰਦੇ ਸਨ ਕਿ ਬਹੁਜਨ ਸਮਾਜ ਦਾ ਹਰੇਕ ਵਿਅਕਤੀ ਜ਼ੋ ਚਾਹੇ ਉਹ ਆਪਣੀ ਮੰਜ਼ਿਲ ਤਹਿ ਕਰ ਸਕਦਾ ਹੈ, ਉਹ ਆਪਣੇ ਸਮਾਜ ਨੂੰ ਲੈਣ ਵਾਲੇ ਨਹੀਂ ਦੇਣ ਵਾਲੇ ਬਣਾਉਣਾ ਚਾਹੁੰਦੇ ਸਨ।

ਪਰ ਅਫਸੋਸ ਕਿ ਉਹ ਸਮਾਜ ਹਾਲੇ ਤੱਕ ਵੀ ਲੈਣ ਵਾਲੇ ਭਿਖਾਰੀ ਵਾਂਗ ਹੀ ਹੈ। ਉਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਨਾ ਮਨੂੰਵਾਦੀ ਸਰਕਾਰ ਨੇ ਆਉਣ ਦੇਣੀ ਹੈ। ਬਹੁਜਨ ਸਮਾਜ ਨੂੰ ਉਸ ਆਪਣੇ ਰਹਿਬਰ ਨੂੰ ਉਸ ਆਪਣੇ ਮਸੀਹਾ ਜਿਸ ਨੇ ਕੋਈ ਖੂਨ ਨਹੀਂ ਡੂਲੱਣ ਦਿੱਤਾ ਸਭ ਕੁਝ ਲੈਕੇ ਦੇ ਗਿਆ। ਬਸ ਸਾਨੂੰ ਉਸ ਵਿਸ਼ਵ ਗਿਆਤਾ ਦਾ ਕਿਹਾ ਇੱਕ ਵਾਰ ਮੰਨ ਕੇ ਉਹ ਰਾਜਨੀਤਕ ਚਾਬੀ ਆਪਣੇ ਹੱਥ ਵਿੱਚ ਲੈਣੀ ਚਾਹੀਦੀ ਹੈ ਜਿਸ ਨਾਲ ਅਸੀਂ ਆਪਣਾ ਅਤੇ ਦੂਜੇ ਲੋਕਾਂ ਦਾ ਭਲਾ ਵੀ ਕਰ ਸਕਦੇ ਹਾਂ। ਸਾਨੂੰ ਬਹੁਤ ਚਿਰ ਹੋ ਗਿਆ ਦੂਜੀਆਂ ਪਾਰਟੀਆਂ ਦੇ ਨਾਹਰੇ ਅਤੇ ਲਾਅਰੇ ਸੁਣਦਿਆਂ ਨੂੰ ਇੱਕ ਵਾਰ ਉਸ ਆਪਣੀ ਪਾਰਟੀ ਨੂੰ ਮੌਕਾ ਦੇਈਏ ਜਿਹੜੀ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਅਤੇ ਸੰਵਿਧਾਨ ਦੀ ਗੱਲ ਕਰਦੀ ਹੈ।



ਚਰਨਜੀਤ ਸੱਲ੍ਹਾ
91-81460-91035

# 22 ਅਪ੍ਰੈਲ ਲਈ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਬਰਸੀ ਸਬੰਧੀ

ਸਾਡੇ ਦੇਸ਼ ਵਿੱਚ ਵਰਣ ਵਿਵਸਥਾ ਅਤੇ ਜਾਤਿ ਪ੍ਰਥਾ ਪ੍ਰਭਾਵੀ ਹੋਣ ਕਾਰਨ ਸਮਾਜ ਦੇ ਸਭ ਤੋਂ ਹੇਠਲੇ ਵਰਗ ਦੇ ਲੋਕਾਂ ਦੀ ਜਿੰਦਗੀ ਸਦੀਆਂ ਤੱਕ ਤਰਸਯੋਗ ਹੀ ਰਹੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮੇਂ ਸਮੇਂ ਤੇ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਇਸ ਧਰਤੀ ਤੇ ਮਹਾਂਪੁਰਖਾਂ ਨੇ ਜਨਮ ਲਿਆ ਅਤੇ ਮਨੁਖਤਾ ਦੇ ਭਲੇ ਲਈ ਕੰਮ ਕੀਤਾ। ਇਨ੍ਹਾਂ ਵਿੱਚ ਇੱਕ ਨਾਮ ਗਦਰੀ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਪੰਜਾਬ ਦੀ ਧਰਤੀ ਤੇ ਜਨਮ ਲੈਕੇ ਸੰਘਰਸ਼ ਕੀਤਾ ਅਤੇ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਦਾ ਜਨਮ 14 ਜਨਵਰੀ, 1886 ਨੂੰ ਪੰਜਾਬ ਦੇ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਸਮਾਜ ਦੀ ਅਖੌਤੀ ਵਰਣ ਵਿਵਸਥਾ ਕਾਰਨ ਆਪ ਦੇ ਪਰਿਵਾਰ ਨੂੰ ਬਾਕੀ ਅਛੂਤਾਂ ਵਾਂਗ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਵਿਤਕਰੇ ਸ਼ਿਕਾਰ ਹੋਣਾ ਪੈਂਦਾ ਸੀ। ਬਾਬੂ ਜੀ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਹੀ ਸੀ ਜਦੋਂ ਉਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਆਪ ਦੇ ਪਿਤਾ ਚਮੜੇ ਦਾ ਧੰਦਾ ਕਰਦੇ ਸਨ ਅਤੇ ਇਸ ਸਬੰਧੀ ਅੰਗਰੇਜੀ ਭਾਸ਼ਾ ਵਿੱਚ ਆਏ ਚਿੱਠੀ ਪੱਤਰ ਪੜ੍ਹਾਉਣ ਲਈ ਦੂਜੇ ਵਰਗ ਦੇ ਲੋਕਾਂ ਤੇ ਨਿਰਭਰ ਰਹਿੰਦੇ ਸਨ। ਆਪ ਦੇ ਪਿਤਾ ਚਾਹੁੰਦੇ ਸਨ ਕਿ ਅੰਗਰੇਜੀ ਪੜਕੇ ਮੰਗੂ ਰਾਮ ਉਨ੍ਹਾਂ ਦੀ ਇਹ ਸਮੱਸਿਆ ਦੂਰ ਕਰ ਦੇਵੇ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਨੇੜੇ ਹੁਸ਼ਿਆਰਪੁਰ ਸਕੂਲ ਅਤੇ ਦੇਹਰਾਦੂਨ ਵਿੱਚ ਪੜ੍ਹੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਅਤੇ ਇਕੱਲੇ ਦਲਿਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਹੀ ਬੈਠਕੇ ਪੜ੍ਹਣਾ ਪੈਂਦਾ ਸੀ। ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਬਾਬਜੂਦ ਅਧਿਆਪਕਾਂ ਦੇ ਜਾਤ ਅਧਾਰਿਤ ਵਿਤਕਰੇ ਕਾਰਨ ਆਪ ਨੂੰ ਪੜ੍ਹਾਈ ਛੱਡਕੇ ਅਪਣੇ ਪਿਤਾ ਨਾਲ ਚਮੜੇ ਦਾ ਕੰਮ ਕਰਨਾ ਪਿਆ। ਆਪ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਆਪ ਨੇ ਕੁੱਝ ਸਾਲ ਵੱਖ ਵੱਖ ਇਲਾਕਿਆਂ ਵਿੱਚ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਹੀ ਕੰਮ ਕੀਤਾ ਪਰੰਤੂ ਇੱਥੇ ਵੀ ਜਾਤ ਅਧਾਰਿਤ ਵਿਤਕਰੇ ਨੇ ਉਨ੍ਹਾਂ ਦਾ ਪਿੱਛਾ ਨਾਂ ਛੱਡਿਆ। ਇਸ ਸਮੇਂ ਦੌਰਾਨ ਹੀ ਨਵੰਬਰ, 1913 ਵਿੱਚ ਗਦਰ ਲਹਿਰ ਦੀ ਸਥਾਪਨਾ ਕੀਤੀ ਗਈ ਅਤੇ ਇਹ ਲਹਿਰ ਅੰਗਰੇਜੀ ਹਕੂਮਤ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਦੀ ਮੁਹਿੰਮ ਚਲਾ ਰਹੀ ਸੀ। ਗਦਰ ਲਹਿਰ ਵਿੱਚ ਗਿਣਤੀ ਦੇ ਦਲਿਤ ਹੀ ਸਾਮਲ ਸਨ ਪਰ ਇਸ ਵਿੱਚ ਕਿਸੇ ਨਾਲ ਵੀ ਜਾਤ ਅਧਾਰਿਤ ਵਿਤਕਰਾ ਨਹੀਂ ਸੀ। ਲਾਲਾ ਹਰਦਿਆਲ ਦੀ ਪ੍ਰੇਰਨਾ ਸਦਕਾ ਆਪ ਗ਼ਦਰ ਪਾਰਟੀ ਵਿਚ ਸ਼ਾਮਲ ਹੋ ਗਏ। ਉਸ ਸਮੇਂ ਪਹਿਲਾ ਸੰਸਾਰ ਯੁੱਧ ਚੱਲ ਰਿਹਾ ਸੀ। ਸੰਨ 1915 ਵਿਚ ਗ਼ਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਹਥਿਆਰਬੰਦ ਲੜਾਈ ਲਈਂ ਅਸਲਾ ਸਮੁੰਦਰੀ ਜਹਾਜ਼ ਰਾਹੀਂ ਦੇ ਕੇ ਬਾਬੂ ਮੰਗੂ ਰਾਮ ਅਤੇ ਉਨ੍ਹਾਂ ਦੇ 4 ਸਾਥੀਆਂ ਨੂੰ ਭਾਰਤ ਵੱਲ ਰਵਾਨਾ ਕੀਤਾ। ਆਪ ਨੇ ਪਹਿਚਾਣ ਗੁੱਪਤ ਰੱਖਣ ਲਈ ਆਪਣਾ ਨਾਮ ਨਿਜ਼ਾਮੂਦੀਨ ਰੱਖਿਆ ਪਰ ਅਮਰੀਕਾ ਤੋਂ ਰਵਾਨਾ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਾ ਹੁਕਮ ਹੋਇਆ। ਫਾਂਸੀ ਵਾਲੇ ਦਿਨ ਤੋਂ ਪਹਿਲੀ ਰਾਤ ਜਰਮਨੀ ਦੀ ਮਦਦ ਨਾਲ ਇਹ ਗ਼ਦਰੀ ਯੋਧਾ ਜੇਲ੍ਹ ਵਿੱਚੋਂ ਭੱਜਣ ਵਿਚ ਕਾਮਯਾਬ ਹੋ ਗਿਆ। ਆਪ ਨੂੰ ਸਾਥੀਆਂ ਸਮੇਤ ਮਨੀਲਾ ਰਵਾਨਾ ਕਰ ਦਿੱਤਾ। ਸਮੁੰਦਰ ਵਿਚ ਭਾਰੀ ਤੂਫ਼ਾਨ ਕਾਰਨ ਉਨ੍ਹਾਂ ਦਾ ਸਮੁੰਦਰੀ ਜਹਾਜ਼ ਰਸਤਾ ਭਟਕ ਗਿਆ ਅਤੇ ਗ਼ਲਤੀ ਨਾਲ ਸਿੰਘਾਪੁਰ ਦੀ ਹੱਦ ਵਿਚ ਜਾ ਪੁੱਜਿਆ ਜਿੱਥੇ ਉਨ੍ਹਾਂ ਨੂੰ ਭਾਰਤ ਦੇ ਗ਼ਦਾਰਾਂ ਨੇ ਪਛਾਣ ਲਿਆ ਅਤੇ ਗ੍ਰਿਫ਼ਤਾਰ ਹੋਣਾ ਪਿਆ। ਇਨ੍ਹੀਂ ਦਿਨੀਂ ਮਨੀਲਾ ਟਾਈਮਜ਼ ਨਾਂ ਦੀ ਅਖ਼ਬਾਰ ਵੱਲੋਂ ਬਾਬੂ ਮੰਗੂ ਰਾਮ ਨੂੰ ਤੋਪਾਂ ਨਾਲ ਉਡਾਏ ਜਾਣ ਦੀ ਖ਼ਬਰ ਮੁੱਖ ਪੰਨੇ ਤੇ ਛਪੀ। ਉਨ੍ਹਾਂ ਨੂੰ ਇੱਥੋਂ ਵੀ ਜਰਮਨੀ ਨੇ ਜੋਖ਼ਮ ਭਰੇ ਹਾਲਾਤ ਵਿਚ ਜੇਲ੍ਹ ਵਿੱਚੋਂ ਸੁਰੱਖਿਅਤ ਕੱਢ ਲਿਆ। ਸੰਨ 1922 ਵਿਚ ਪ੍ਰਿੰਸ ਆਫ ਵੇਲਜ਼ ਦੁਨੀਆ ਦੇ ਦੌਰੇ ਦੌਰਾਨ ਮਨੀਲਾ ਪੁੱਜੇ। ਬਾਬੂ ਮੰਗੂ ਰਾਮ ਉਦੋਂ ਮਨੀਲਾ ਵਿਚ ਸਨ। ਪ੍ਰਿੰਸ ਆਫ ਵੇਲਜ਼ ਨੂੰ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਾ ਹੋਵੇ ਇਸ ਮਕਸਦ ਨਾਲ ਆਪ ਨੂੰ ਮੁੜ 6 ਮਹੀਨੇ ਲਈ ਨਜ਼ਰਬੰਦ ਕਰ ਦਿੱਤਾ ਗਿਆ। ਉਨ੍ਹਾਂ ਵਲੋਂ ਦੇਸ਼ ਦੀ ਆਜ਼ਾਦੀ ਦੇ ਨਾਲ-ਨਾਲ ਆਦਿ ਧਰਮੀਆਂ ਦੀ ਆਜ਼ਾਦੀ ਲਈ ਲੜਨ ਦੀ ਤਜਵੀਜ਼ ਪਾਰਟੀ ਦੇ ਸਾਨਫਰਾਂਸਿਸਕੋ ਵਿਖੇ ਸਥਿਤ ਹੈੱਡਕੁਆਰਟਰ ਵਲੋਂ ਮੰਨਜੂਰ ਕੀਤੀ ਗਈ। ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਆਪ ਸ੍ਰੀ ਲੰਕਾ ਤੋਂ ਦੱਖਣੀ ਭਾਰਤ ਬੰਬੇ ਰਾਹੀਂ ਪੰਜਾਬ ਅਪਣੇ ਪਿੰਡ ਪਹੁੰਚੇ। ਆਪ ਨੇ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਨਾਲ ਹੋ ਰਹੇ ਵਿੱਤਕਰੇ ਅਤੇ ਅਨਿਆਂ ਨੂੰ ਅਪਣੇ ਅੱਖੀਂ ਵੇਖਿਆ ਅਤੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ। ਇਸ ਦੌਰਾਨ ਬਾਬੂ ਜੀ ਦੀ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਸੋਚਿਆ ਕਿ ਬਾਬੂ ਜੀ ਵੀ ਮਾਰੇ ਗਏ ਹਨ ਅਤੇ ਉਨ੍ਹਾ ਦੀ ਪਤਨੀ ਬੀਬੀ ਪ੍ਰੇਮੀ ਨੂੰ ਵਿਧਵਾ ਮੰਨਦੇ ਹੋਏ ਦੂਜੇ ਭਰਾ ਗੰਗਾ ਰਾਮ ਨਾਲ ਵਿਆਹ ਦਿਤਾ ਸੀ। ਆਪ ਦਾ ਦੂਜਾ ਵਿਆਹ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਵਾਂਦਰ ਜਟਾਣਾ ਦੀ ਬੀਬੀ ਬਿਸ਼ਨ ਕੌਰ ਨਾਲ ਕੀਤਾ ਗਿਆ। ਉਨ੍ਹਾਂ ਪੰਜਾਬ ਵਿੱਚ ਆਕੇ ਵੇਖਿਆ ਕਿ ਬੇਸ਼ੱਕ ਇੱਕ ਪਾਸੇ ਅੰਗਰੇਜਾਂ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਸੀ ਪਰੰਤੂ ਸਦੀਆਂ ਤੋਂ ਗੁਲਾਮੀ ਸਹਿ ਰਹੇ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਉਸ ਸਮੇਂ ਦਲਿਤਾਂ ਦੀ ਕੋਈ ਵੀ ਆਪਣੀ ਪਹਿਚਾਣ ਨਹੀਂ ਸੀ। ਇਸ ਦੌਰਾਨ ਹੀ ਆਰਿਆ ਸਮਾਜ ਦੇ ਕੁੱਝ ਆਗੂਆਂ ਵਲੋਂ ਹਿੰਦੂ ਧਰਮ ਵਿੱਚ ਫੈਲੀਆਂ ਕੁੱਝ ਕੁਰੀਤੀਆਂ ਦੇ ਖਿਲਾਫ ਅੰਦੋਲਨ ਚੱਲ ਰਿਹਾ ਸੀ। 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦ ਧਰਮ ਅਪਣਾਉਣਗੇ। ਇਸ ਕਾਨਫਰੰਸ ਨੂੰ ਰੋਕਣ ਲਈ ਕੁੱਝ ਆਰਿਆ ਸਮਾਜੀ ਆਗੂਆਂ ਅਤੇ ਇਲਾਕੇ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਲੜਾਈ ਝਗੜਾ ਕੀਤਾ ਅਤੇ ਪੂਰਾ ਜੋਰ ਲਾਇਆ ਪਰ ਬਾਬੂ ਮੰਗੂ ਰਾਮ ਦੀ ਦੂਰ ਅੰਦੇਸ਼ੀ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਕਾਨਫਰੰਸ ਨੂੰ ਨਿਰਵਿਘਨ ਚਲਾਉਣ ਲਈ 03 ਠਾਣੇਦਾਰ ਅਤੇ 12 ਸਿਪਾਹੀ ਸੁਰੱਖਿਆ ਲਈ ਲਗਾ ਦਿੱਤੇ। ਕਾਨਫਰੰਸ ਵਿੱਚ ਗੜਬੜ ਕਰਨ ਵਾਲੇ ਆਰਿਆ ਸਮਾਜੀ ਆਗੂ ਸਵਾਮੀ ਅਛੂਤਾ ਨੰਦ ਅਤੇ ਇਲਾਕੇ ਦੇ ਜੈਲਦਾਰ ਪੁੰਨੂ ਰਾਮ ਨੂੰ ਮੁਆਫੀ ਮੰਗਣੀ ਪਈ। ਇਸਤੋਂ ਬਾਦ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ ਬਾਬੂ ਮੰਗੂ ਰਾਮ ਨੂੰ ਪ੍ਰਧਾਨ, ਹੰਸ ਰਾਜ ਪ੍ਰੇਮਗੜ੍ਹ ਨੂੰ ਉੱਪ ਪ੍ਰਧਾਨ, ਠਾਕਰ ਦਾਸ ਕੰਧੋਲਾ ਨੂੰ ਜਨਰਲ ਸਕੱਤਰ ਨਿਯੁੱਕਤ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। ਨਵੰਬਰ, 1926 ਵਿੱਚ ਜਲੰਧਰ ਵਿੱਚ ਆਦ ਧਰਮ ਸੰਗਠਨ ਦਾ ਪਹਿਲਾ ਦਫਤਰ ਕਿਰਾਏ ਤੇ ਲੈਕੇ ਖੋਲਿਆ ਗਿਆ ਅਤੇ ਫਿਰ ਅਪਣੀ ਜਮੀਨ ਖਰੀਦੀ ਗਈ ਜਿਸਦੀ ਰਜਿਸਟਰੀ ਸ਼੍ਰੀ ਗੁਰੂ ਰਵਿਦਾਸ ਅਸਥਾਨ ਆਦਿ ਧਰਮ ਮੰਡਲ ਜਲੰਧਰ ਦੇ ਨਾਮ ਕਰਵਾਈ ਗਈ। 1927 ਵਿੱਚ ਆਦਿ ਡੰਕਾ ਨਾਂ ਦਾ ਸਪਤਾਹਿਕ ਅਖਬਾਰ ਸ਼ੁਰੂ ਕੀਤਾ ਗਿਆ ਅਤੇ 1928 ਵਿੱਚ ਇਹ ਉਰਦੂ ਵਿੱਚ ਵੀ ਚਲਾਇਆ ਗਿਆ ਅਤੇ ਆਦ ਧਰਮ ਜਾਗਰੁਕਤਾ ਮੁਹਿੰਮ ਸ਼ੁਰੂ ਕੀਤੀ ਗਈ। 1928 ਵਿੱਚ ਇੰਗਲੈਂਡ ਸਰਕਾਰ ਨੇ ਭਾਰਤ ਦੇ ਲੋਕਾਂ ਵਿਸ਼ੇਸ਼ ਤੌਰ ਤੇ ਦਲਿਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਭਾਰਤ ਵਿੱਚ ਕਈ ਕਾਂਗਰਸੀ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਲੱਗਭੱਗ ਪੰਜ ਹਜਾਰ ਵਿਅਕਤੀਆਂ ਇਸਦੇ ਪੱਖ ਵਿੱਚ ਇਕੱਠੇ ਹੋਏ। ਇਸ ਮੌਕੇ ਆਦ ਧਰਮ ਮੰਡਲ ਆਗੂਆਂ ਨੇ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦ ਧਰਮ ਦਾ ਨਾਮ ਮਿਲਿਆ। ਆਦ ਧਰਮ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਆਦ ਧਰਮੀ ਬੱਚੇ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਮਾਸਟਰ ਬਣਾਇਆ ਗਿਆ। 26 ਫਰਵਰੀ 1930 ਨੂੰ ਆਦ ਧਰਮ ਰਜਿਸਟਰਡ ਹੋਇਆ ਅਤੇ 1931 ਵਿੱਚ ਹੋਈ ਭਾਰਤ ਵਿੱਚ ਜਨਗਣਨਾ ਵਿੱਚ ਗ੍ਰੇਟਰ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ ਅਤੇ ਪਹਿਲੀ ਵਾਰ ਆਦ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦ ਧਰਮ ਲਿਖਾਇਆ ਸੀ। ਇਸ ਜਨਗਣਨਾ ਵੇਲੇ ਕਈ ਥਾਵਾਂ ਤੇ ਲੜਾਈ ਝਗੜੇ ਹੋਏ ਜਿਸ ਵਿੱਚ ਰਲਾ ਰਾਮ ਰਵਿਦਾਸੀਆ ਅਤੇ ਝਗੜੂ ਰਾਮ ਬਾਲਮਿਕੀ ਮਾਰੇ ਗਏ ਸਨ ਅਤੇ ਹੋਰ ਕਈ ਜਖਮੀ ਹੋਏ ਜਿਸ ਕਾਰਨ ਇਸਨੂੰ ਖੂਨੀ ਮਰਦਮਸ਼ੁਮਾਰੀ ਵੀ ਕਿਹਾ ਜਾਂਦਾ ਹੈ, ਕਈ ਥਾਵਾਂ ਤੇ ਅਛੂਤਾਂ ਨੂੰ ਜਬਰਦਸਤੀ ਹਿੰਦੂ ਅਤੇ ਸਿੱਖ ਲਿਖਿਆ ਗਿਆ। ਵਰਣਨਯੋਗ ਹੈ ਕਿ 1911 ਦੀ ਜਨਗਣਨਾ ਵੇਲੇ ਅਛੂਤਾਂ ਦੀ ਜਿਹੜੀ ਜਨਸੰਖਿਆ ਲੱਗਭੱਗ 28 ਲੱਖ ਸੀ ਉਹ 1931 ਵਿੱਚ ਘਟਾਕੇ ਲੱਗਭੱਗ 13 ਲੱਖ ਕਰ ਦਿੱਤੀ ਗਈ। 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਕਿਹਾ ਕਿ ਅਛੂਤਾਂ ਦਾ ਵੀ ਉਹ ਹੀ ਲੀਡਰ ਹੈ ਅਤੇ ਡਾਕਟਰ ਅੰਬੇਡਕਰ ਨੂੰ ਇਸਤੋਂ ਬਾਹਰ ਭੇਜਿਆ ਜਾਵੇ। ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਅਤੇ ਡਾਕਟਰ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਇਸਤੋਂ ਬਾਦ ਇੰਗਲੇਂਡ ਸਰਕਾਰ ਨੇ ਲੋਥੀਅਨ ਕਮੇਟੀ ਨੂੰ ਭਾਰਤ ਭੇਜਿਆ ਜਿਸ ਵਿੱਚ ਅੰਬੇਡਕਰ ਅਛੂਤਾਂ ਦਾ ਨੁਮੰਾਇਦਾ ਬਣਕੇ ਨਾਲ ਆਇਆ। ਇਹ ਕਮੇਟੀ ਜਦੋਂ ਲਹੌਰ ਆਈ ਤਾਂ ਬਾਬੂ ਜੀ ਦੀ ਅਗਵਾਈ ਵਿੱਚ ਆਦ ਧਰਮ ਮੰਡਲ ਦੇ ਆਗੂ ਲੱਗਭੱਗ 10 ਹਜਾਰ ਵਿਅਕਤੀਆਂ ਨੂੰ ਲੈਕੇ ਪਹੁੰਚੇ ਅਤੇ ਅਪਣੀਆਂ ਮੰਗਾਂ ਇਸ ਕਮੇਟੀ ਅੱਗੇ ਰੱਖੀਆਂ। ਇਸ ਮੌਕੇ ਕੁੱਝ ਆਰਿਆ ਸਮਾਜੀ ਆਗੂਆਂ ਨੇ ਅਛੂਤ ਗਦਾਰਾਂ ਦੀ ਮੱਦਦ ਨਾਲ ਆਦ ਧਰਮ ਮੰਡਲ ਦੀਆਂ ਮੰਗਾਂ ਦਾ ਵਿਰੋਧ ਕੀਤਾ ਪਰੰਤੂ ਮੀਟਿੰਗ ਹਾਲ ਤੋਂ ਬਾਹਰ ਬੈਠੇ ਹਜ਼ਾਰਾਂ ਵਿਅੱਕਤੀਆਂ ਨੇ ਜਦੋਂ ਇੱਕਸੁਰ ਵਿੱਚ ਨਾਹਰੇ ਲਗਾਏ ਤਾਂ ਇਨ੍ਹਾਂ ਆਰਿਆ ਸਮਾਜੀ ਆਗੂਆਂ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਦ ਧਰਮ ਮੰਡਲ ਆਗੂਆਂ ਨੇ ਮੰਗ ਰੱਖੀ ਕਿ ਸਾਡੀ ਗਿਣਤੀ ਅਤੇ ਵਸੋਂ ਦੇ ਹਿਸਾਬ ਨਾਲ ਅਲੱਗ ਰਿਜ਼ਰਵੇਸ਼ਨ ਦਿਤੀ ਜਾਵੇ। ਲਾਰਡ ਲੋਥੀਅਨ ਦੀ ਰਿਪੋਰਟ ਤੋਂ ਬਾਦ ਇੰਗਲੈਂਡ ਦੀ ਸਰਕਾਰ ਨੇ ਅਛੂਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ ਜੋਕਿ 17 ਅਗੱਸਤ 1932 ਨੂੰ ਛਾਪਿਆ ਗਿਆ। ਇਸ ਫੈਸਲੇ ਅਨੁਸਾਰ ਪਹਿਲੀ ਵਾਰ ਅਛੂਤਾਂ ਨੂੰ ਹਿੰਦੂਆਂ ਤੋਂ ਵੱਖਰੇ ਮੰਨਕੇ ਅਲੱਗ ਹੱਕ ਦਿੱਤੇ ਗਏ, ਅਛੂਤਾਂ ਨੂੰ ਰਾਖਵਾਂਕਰਣ ਦਿਤਾ ਗਿਆ, ਦੋਹਰੀ ਵੋਟ ਦਾ ਹੱਕ ਦਿਤਾ ਗਿਆ, ਹਿੰਦੁਸਤਾਨ ਦੀ ਕੌਂਸਲ ਵਿੱਚ 73 ਸੀਟਾਂ ਹਿੰਦੂਆਂ ਤੋਂ ਅਲੱਗ ਅਛੂਤਾਂ ਨੂੰ ਦਿਤੀਆਂ ਗਈਆਂ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਆਦ ਧਰਮ ਮੰਡਲ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਅਛੂਤਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਮੰਨਿਆ ਗਿਆ ਅਤੇ 26 ਸਤੰਬਰ ਨੂੰ ਇਸ ਸਬੰਧੀ ਕਨੂੰਨ ਬਣਨ ਤੋਂ ਬਾਦ ਗਾਂਧੀ ਨੇ ਅਪਣਾ ਮਰਨ ਵਰਤ ਖਤਮ ਕਰ ਦਿਤਾ ਪਰੰਤੂ ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ ਆਦ ਧਰਮ ਆਗੂਆਂ ਨੇ ਅਪਣਾ ਮਰਨ ਵਰਤ ਲਗਾਤਾਰ ਜਾਰੀ ਰੱਖਿਆ ਅਤੇ 12ਵੇਂ ਦਿਨ ਸੰਤ ਸਰਵਣ ਦਾਸ ਬੱਲਾਂ ਵਾਲਿਆਂ ਅਤੇ ਸੇਠ ਕਿਸ਼ਨ ਦਾਸ ਦੇ ਹੱਥੋਂ ਜੂਸ ਪੀਕੇ ਮਰਨ ਵਰਤ ਖਤਮ ਕੀਤਾ। ਪੂਨਾ ਪੈਕਟ ਅਨੁਸਾਰ ਪੂਰੇ ਹਿੰਦੁਸਤਾਨ ਵਿੱਚ ਐਮ ਐਲ ਏ ਦੀਆਂ ਕੁੱਲ 1585 ਸੀਟਾਂ ਵਿੱਚੋਂ 151 ਸੀਟਾਂ ਅਛੂਤਾਂ ਲਈ ਰਾਖਵੀਆਂ ਰੱਖੀਆਂ ਗਈਆਂ। ਉਸ ਵੇਲੇ ਪੰਜਾਬ ਦੀਆਂ 175 ਵਿੱਚੋਂ 08 ਸੀਟਾਂ ਰਾਖਵੀਆਂ ਰੱਖੀਆਂ ਗਈਆਂ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਯੂਨੀਅਨਿਸਟ ਪਾਰਟੀ ਨਾਲ ਰਲਕੇ ਚੌਣ ਲੜ੍ਹੀ ਅਤੇ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੌਣਾਂ ਨਹੀਂ ਹੋਈਆਂ। 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਮਿਸਟਰ ਮੁਹੰਮਦ ਅਲੀ ਜਿਨਾਹ ਦਾ ਸਕੱਤਰ ਅਪਣੇ ਨਾਲ ਚੌਧੀਰ ਸੁੰਦਰ ਦਾਸ, ਮਾਸਟਰ ਗੁਰਬੰਤਾ ਸਿੰਘ ਅਤੇ ਕਈ ਅਫਸਰਾਂ ਨੂੰ ਨਾਲ ਲੈਕੇ ਪਿੰਡ ਮੂਗੋਵਾਲ ਪਹੁੰਚਿਆ ਅਤੇ ਮੰਗ ਰੱਖੀ ਕਿ ਜੇਕਰ ਉਹ ਮੁਸਲਿਮ ਲੀਗ ਦੀ ਗੱਲ ਮੰਨਕੇ ਪਾਕਿਸਤਾਨ ਨਾਲ ਮਿਲ ਜਾਣ ਤਾਂ 50 ਮੁਰੱਬੇ ਜਮੀਨ ਅਤੇ 50 ਹਜਾਰ ਰੁਪਏ ਦੇਣਗੇ ਜਿਸਨੂੰ ਬਾਬੂ ਮੰਗੂ ਰਾਮ ਅਤੇ ਸਾਥੀਆਂ ਨੇ ਠੁਕਰਾ ਦਿਤਾ। ਦੇਸ਼ ਅਜਾਦ ਹੋਣ ਬਾਦ ਭਾਰਤ ਦਾ ਅਪਣਾ ਸੰਵਿਧਾਨ ਬਣਾਕੇ ਲਾਗੂ ਕੀਤਾ ਗਿਆ ਅਤੇ 1951 ਵਿੱਚ ਹੋਈ ਜਨਗਣਨਾ ਵਿੱਚ ਆਦ ਧਰਮ ਦਾ ਖਾਨਾ ਖਤਮ ਕਰ ਦਿਤਾ ਗਿਆ। ਅਜਾਦ ਭਾਰਤ ਵਿੱਚ ਵੀ ਬਾਬੂ ਜੀ ਨੇ ਆਦ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 15 ਅਗਸਤ 1972 ਵਿੱਚ ਆਪ ਨੂੰ ਕੇਂਦਰ ਸਰਕਾਰ ਨੇ ਸਨਮਾਨਿਤ ਕੀਤਾ ਅਤੇ ਪੈਨਸਨ ਲਗਾਈ। ਸਰਕਾਰ ਵਲੋਂ ਆਪ ਨੂੰ ਗੜ੍ਹਸੰਕਰ ਨੇੜੇ ਕੁੱਝ ਜਮੀਨ ਦਿੱਤੀ ਗਈ। 1977 ਵਿੱਚ ਆਦ ਧਰਮ ਮੁਹਿੰਮ ਦੀ ਮੁੜ੍ਹ ਸਥਾਪਨਾ ਤੋਂ ਬਾਦ ਬਾਬੂ ਜੀ ਨੂੰ ਹੀ ਇਸਦਾ ਆਗੂ ਬਣਾਇਆ ਗਿਆ ਅਤੇ ਆਪਦੇ ਸਹਿਯੋਗੀਆਂ ਨੇ ਆਪ ਨੂੰ ਗ੍ਰੇਟ ਬਰਤਾਨੀਆ ਦੇ ਦੌਰੇ ਤੇ ਭੇਜਿਆ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਪੀਜੀਆਈ ਚੰਡੀਗੜ੍ਹ ਵਿਖੇ ਸਾਨੂੰ ਸਦੀਵੀ ਵਿਛੋੜਾ ਦੇ ਗਿਆ।





ਕੁਲਦੀਪ ਚੰਦ
91-9417563054

ਸਾਲ 2001 ਵਿੱਚ ਆਦ ਧਰਮ ਦੀ ਸਥਾਪਨਾ ਦੇ 75 ਸਾਲ ਮੁਕੰਮਲ ਹੋਣ ਮੌਕੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਰੈਲੀ ਕੀਤੀ ਗਈ। ਸਾਬਕਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਵਲੋਂ ਪਿੰਡ ਮੂਗੋਵਾਲ ਵਿੱਚ ਆਦ ਧਰਮ ਮੰਡਲ ਦੇ ਪ੍ਰਧਾਨ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਬੁੱਤ ਲਗਾਇਆ ਗਿਆ ਹੈ। ਵੱਖ ਵੱਖ ਸੰਸਥਾਵਾਂ ਵਲੋਂ ਦੇਸ਼ ਅਤੇ ਵਿਦੇਸ਼ਾਂ ਵਿੱਚ ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਗਈ ਹੈ। ਅੱਜ ਬਾਬੂ ਮੰਗੂ ਰਾਮ ਬੇਸ਼ੱਕ ਦੁਨੀਆਂ ਵਿੱਚ ਨਹੀਂ ਹਨ ਪਰ ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਉਨ੍ਹਾਂ ਨੂੰ ਹਮੇਸ਼ਾ ਹੀ ਯਾਦ ਰੱਖਿਆ ਜਾਵੇਗਾ ਅਤੇ ਸਮਾਜ ਦੀ ਬਿਹਤਰੀ ਲਈ ਕੰਮ ਕਰਨ ਵਾਲੇ ਲੋਕ ਉਨ੍ਹਾਂ ਦੇ ਕੰਮਾਂ ਤੋਂ ਹਮੇਸ਼ਾ ਸੇਧ ਲੈਂਦੇ ਰਹਿਣਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਆਦਿ ਧਰਮ ਅਤੇ ਗ਼ਦਰ ਲਹਿਰ ਦਾ ਮਘਦਾ ਸੂਰਜ: ਬਾਬੂ ਮੰਗੂ ਰਾਮ ਮੁਗੋਵਾਲੀਆ


ਡਾ. ਜਸਵੰਤ ਰਾਏ ਸਾਹਰੀ
(91-98158-25999)

ਇਤਿਹਾਸ ਦੀ ਮੁਖਧਾਰਾ ਵਿਚੋਂ ਜਾਣ-ਬੁਝ ਕੇ ਅਣਗੌਲ਼ੇ ਕੀਤੇ ਗਏ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਗ਼ਦਰ ਪਾਰਟੀ ਅਤੇ ਆਦਿ ਧਰਮ ਲਹਿਰ ਵਿਚ ਕੰਮ ਲਾਸਾਨੀ ਹੈ। ਭਾਰਤ ਨੂੰ ਅੰਗਰੇਜ਼ ਸਾਮਰਾਜ ਦੀ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਾਉਣ ਲਈ ਵਿਦੇਸ਼ੀ ਧਰਤੀ ਤੇ ਉਸਰੀ ਹਥਿਆਰਬੰਦ ਜੱਥੇਬੰਦੀ 'ਗ਼ਦਰ ਪਾਰਟੀ' ਵਿਚ ਉਨ੍ਹਾਂ ਦੀ ਭੂਮਿਕਾ ਬਹੁਤ ਵੱਡੀ ਹੈ।ਗ਼ਦਰ ਨੂੰ ਭਾਰਤ ਵਿਚ ਅੰਜ਼ਾਮ ਦੇਣ ਲਈ ਜਦੋਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੁਆਰਾ ਆਪਣੇ ਚਾਰ ਸਾਥੀਆਂ ਨਾਲ ਗ਼ਦਰ ਪਾਰਟੀ ਵਲੋਂ ਸੌਂਪੇ ਮਿਸ਼ਨ ਤਹਿਤ ਅਮਰੀਕਾ ਤੋਂ ਹਥਿਆਰਾਂ ਦਾ ਇੱਕ ਬਹੁਤ ਵੱਡਾ ਜ਼ਖ਼ੀਰਾ ਮੈਵਰਿਕ ਜਹਾਜ਼ ਰਾਹੀਂ ਭਾਰਤ ਲਿਆਉਣ ਬਾਰੇ ਪੜ੍ਹਿਆ ਤਾਂ ਮੈਂ ਠਠੰਬਰ ਗਿਆ। ਇਹ ਸੋਚ ਕੇ ਕਿ ਯਾਰ ਇੱਡਾ ਵੱਡਾ ਕੰਮ! ਮੱਥਾ ਹੋਰ ਜ਼ੋਰ ਦੇਣੀ ਠਣਕਿਆ ਜਦੋਂ ਜਾਨ ਤਲੀ ਤੇ ਧਰ ਕੇ ਇੱਡੇ ਵੱਡੇ ਕੰਮ ਨੂੰ ਸਿਰੇ ਲਾਉਣ ਵਾਲੇ ਬੰਦੇ ਦੀ ਜਾਣਕਾਰੀ ਇਤਿਹਾਸ ਵਿਚ ਸਿਰਫ਼ ਦੋ ਸ਼ਬਦਾਂ 'ਮੰਗੂ ਰਾਮ' ਤੱਕ ਸਿਮਟ ਕੇ ਇੱਕਾ ਦੁੱਕਾ ਥਾਵਾਂ ਤੇ ਰਹਿ ਗਈ ਹੋਵੇ।ਹਾਲਾਂ ਕਿ ਅੰਗਰੇਜ਼ ਅਧਿਕਾਰੀਆਂ ਦੀਆਂ ਫਾਇਲਾਂ ਵਿਚ 'ਖ਼ਤਰਨਾਕ ਅਪਰਾਧੀ ਮੰਗੂ ਰਾਮ ਚਮਾਰ' ਜ਼ਰੂਰ ਥੋੜ੍ਹਾ ਜਿਹਾ ਵਿਸਤਾਰ ਮਿਲ ਜਾਂਦਾ ਹੈ ।ਵਿਸਤਾਰ ਭਾਵੇਂ 'ਅਪਰਾਧੀ' ਅਤੇ 'ਜਾਤ' ਸ਼ਬਦਾਂ ਕਰਕੇ ਹੀ ਹੋਇਆ ਹੋਵੇ। ਅਸਲ 'ਚ ਇਤਿਹਾਸ ਉਨ੍ਹਾਂ ਵਲੋਂ ਲਿਖਿਆ ਗਿਆ ਜਿਨ੍ਹਾਂ ਦੇ ਹੱਥ ਵਿਚ ਸ਼ਕਤੀ ਸੀ।ਫਿਰ ਇਨ੍ਹਾਂ ਨੇ ਤਾਂ ਸੱਤੀਂ ਵੀਹੀਂ ਸੌ ਕਰਨਾ ਹੀ ਸੀ। ਉਂਝ ਵੀ ਸਾਡੇ ਦੇਸ਼ ਵਿਚ ਕਿਸੇ ਵੀ ਵਿਅਕਤੀ ਦੇ ਕੰਮਾਂ ਦਾ ਮੁਲਾਂਕਣ ਉਸਦੀ ਸ਼ਖ਼ਸੀਅਤ ਦੇ ਅਧਾਰ ਤੇ ਨਹੀਂ ਸਗੋਂ ਉਸਦੀ ਚਮੜੀ ਦੇ ਰੰਗ ਦੇ ਅਧਾਰ ਤੇ ਕੀਤਾ ਜਾਂਦਾ ਰਿਹਾ ਹੈ। ਮੁਲਾਂਕਣ ਵਾਲਾ ਪੈਮਾਨਾ ਇਸ ਤਰ੍ਹਾਂ ਦਾ ਸੀ ਕਿ ਇਹ ਅਕਸਰ ਹੀਰੋ ਨੂੰ ਜ਼ੀਰੋ ਅਤੇ ਜ਼ੀਰੋ ਨੂੰ ਹੀਰੋ ਬਣਾ ਦਿੰਦਾ ਸੀ। ਬਾਬੂ ਮੰਗੂ ਰਾਮ ਮੁਗੋਵਾਲੀਆ ਵੀ ਇਸੇ ਨਿਜ਼ਾਮ ਦੇ ਸ਼ਿਕਾਰ ਹੋਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਇੱਕੋ ਸਮੇਂ ਰਾਜਨੀਤਕ ਅਤੇ ਸਮਾਜਿਕ ਅਜ਼ਾਦੀ ਦੀ ਜੰਗ ਲੜੀ।ਇਸੇ ਕਰਕੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨੇ 'ਅਛੂਤ ਦਾ ਸਵਾਲ' ਲੇਖ ਵਿਚ ਉਨ੍ਹਾਂ ਦੁਆਰਾ ਚਲਾਈ ਗਈ ਆਦਿ ਧਰਮ ਲਹਿਰ ਦਾ ਨੋਟਸ ਲਿਆ ਸੀ। ਉਹ ਲਿਖਦੇ ਹਨ "ਪਹਿਲਾਂ ਇੱਕ .. (ਜਾਤੀ ਸੂਚਕ ਸ਼ਵਦ) ਦੇ ਹੱਥੋਂ ਹਾਰ ਪੁਆ ਲੈਂਦੇ ਹਨ ਪਿੱਛੋਂ ਕੱਪੜਿਆਂ ਸਮੇਤ ਸ਼ਨਾਨ ਕੀਤਿਆਂ ਬਿਨਾਂ, ਆਪਦੇ ਆਪ ਨੂੰ ਅਸ਼ੁਧ ਸਮਝਦੇ ਹਨ। ਕਿਆ ਖ਼ੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ। ਉਸਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਾਇਆ ਹੈ ਉੱਥੇ ਅਗਰ ਉਹ ਗਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ। ਰੱਬ ਨਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ 'ਇਕੂਅਲਟੀ' ਜਾਂ ਬਰਾਬਰੀ ਦੇ ਨਾਂ ਤੇ ਝਗੜਦੇ ਚੰਗੇ ਲਗਦੇ ਹਾਂ? ਫੇਰ ਸਾਡੇ ਰਵੱਈਏ ਵਿਚ ਕ੍ਰਿਤਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਵੀ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿਚ ਵਾਧਾ ਕਰਦੇ ਹਨ ਉਨ੍ਹਾਂ ਨੂੰ ਹੀ ਅਸੀਂ ਪਰੇ ਪਰੇ ਕਰਦੇ ਹਾਂ। ਜਾਨਵਰਾਂ ਦੀ ਪੂਜਾ ਕਰ ਸਕਦੇ ਹਾਂ ਪਰ ਇਨਸਾਨਾਂ ਨੂੰ ਕੋਲ ਵੀ ਨਹੀਂ ਬਿਠਾਲ ਸਕਦੇ।" ਸ਼ਹੀਦ ਭਗਤ ਸਿੰਘ ਸੱਚ-ਮੁਚ ਸਮਾਜ ਦੇ ਇਸ ਊਚ-ਨੀਚ ਪੱਖੀ ਰਵੱਈਏ ਤੋਂ ਚਿੰਤਤ ਸਨ। ਉਹ ਉਨ੍ਹਾਂ ਝੂਠੇ ਨੇਤਾਵਾਂ ਤੇ ਵੀ ਉਂਗ਼ਲ ਧਰਦੇ ਹਨ ਜੋ ਅੰਗਰੇਜ਼ਾਂ ਤੋਂ ਤਾਂ ਮੁਕਤੀ ਦੀ ਗੱਲ ਕਰਦੇ ਸਨ ਪਰ ਆਪਣੇ ਦੇਸ਼ ਦੀ ਵੀਹ ਪ੍ਰਤੀਸ਼ਤ ਅਬਾਦੀ ਨੂੰ ਆਪਣੀ ਗ਼ੁਲਾਮੀ ਦੇ ਜੂਲ਼ੇ ਵਿਚੋਂ ਬਾਹਰ ਨਹੀਂ ਸੀ ਆਉਣ ਦੇਣਾ ਚਾਹੁੰਦੇ।

ਇਹੋ ਜਿਹੇ ਵਰਤ ਵਰਤਾਰੇ ਵਿਚ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ 14 ਜਨਵਰੀ, 1886 ਈਸਵੀ ਨੂੰ ਪਿਤਾ ਸ਼੍ਰੀ ਹਰਨਾਮ ਦਾਸ ਅਤੇ ਮਾਤਾ ਸ੍ਰੀਮਤੀ ਅਤਰੀ ਦੀ ਕੁਖੋਂ ਪਿੰਡ ਮੁਗੋਵਾਲ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਇਲਾਕੇ ਵਿਚ ਹੋਇਆ।ਹਰਨਾਮ ਦਾਸ ਹੁਰੀਂ ਜੱਦੀਂ-ਪੁਸ਼ਤੀ ਮਰੇ ਹੋਏ ਪਸ਼ੂ ਚੁੱਕਣ ਦਾ ਕੰਮ ਕਰਦੇ ਸਨ। ਪਰ ਉਹ ਸਿਗਾ ਬਹੁਤ ਹਿੰਮਤੀ। ਇਸ ਲਈ ਉਸ ਨੇ ਮਰੇ ਹੋਏ ਪਸ਼ੂ ਦੀ ਖੱਲ ਉਤਾਰਨ ਨਾਲੋਂ ਲੋਕਾਂ ਤੋਂ ਚਮੜਾ ਖਰੀਦ ਕੇ ਵੇਚਣਾ ਸ਼ੁਰੂ ਕਰ ਦਿੱਤਾ।ਘਰਾਂ ਦੇ ਲਾਗੇ ਹੀ ਕੁੰਨ੍ਹਾਂ ਬਣਾ ਲਈਆਂ। ਚਮੜੇ ਨੂੰ ਕੱਚਾ ਕਰਕੇ ਰੰਗ ਕਰਕੇ ਜਦੋਂ ਵੇਚਿਆ ਜਾਂਦਾ ਤਾਂ ਵੱਧ ਕੀਮਤ ਮਿਲਦੀ। ਖੁਸ਼ਹਾਲ ਹੋ ਰਹੇ ਪਰਿਵਾਰ ਦੀ ਗੱਡੀ ਉਦੋਂ ਪੱਟਰੀਓਂ ਲਹਿ ਗਈ ਜਦੋਂ ਹਰਨਾਮ ਦਾਸ ਦੀ ਪਤਨੀ ਅਤਰੀ ਦਾ ਦੇਹਾਂਤ ਹੋ ਗਿਆ। ਸੋ, ਮੰਗੂ ਰਾਮ ਦਾ ਬਚਪਨ ਮਤਰੇਈ ਮਾਂ ਸੰਗ ਬੀ-ਤਿਆ।ਚਮੜੇ ਦੀ ਮੰਗ ਲਈ ਆਈਆਂ ਚਿੱਠੀਆਂ ਪੜ੍ਹਾਉਣ ਲਈ ਜਦੋਂ ਹਰਨਾਮ ਦਾਸ ਨੂੰ ਉਚ ਬਰਾਦਰੀ ਦੇ ਲੋਕਾਂ ਘਰੀਂ ਕਈ ਕਈ ਘੰਟੇ ਵਗਾਰ ਕਰਨੀ ਪੈਂਦੀ ਤਾਂ ਇਸਤੋਂ ਬਚਣ ਲਈ ਅਤੇ ਘਰ ਹੀ ਚਿੱਠੀਆਂ ਪੜ੍ਹਨ ਦੇ ਪ੍ਰਬੰਧ ਕਰਨ ਵਜੋਂ ਮੰਗੂ ਰਾਮ ਦੀ ਪੜ੍ਹਾਈ ਦਾ ਰਾਹ ਖੁਲ੍ਹਿਆ।

ਇਨ੍ਹਾਂ ਵੇਲਿਆਂ ਤੱਕ ਮਹਾਤਮਾ ਜੋਤੀਬਾ ਰਾਓ ਫੂਲੇ ਦੇ ਉਪਰਾਲਿਆਂ ਅਤੇ ਅੰਗਰੇਜ਼ੀ ਸਰਕਾਰ ਦੀਆਂ ਕੁਝ ਸਾਰਥਕ ਕੋਸ਼ਿਸ਼ਾਂ ਸਦਕਾ ਟਾਵੇਂ ਟਾਵੇਂ ਸਕੂਲ ਖੁਲ੍ਹਣੇ ਸ਼ੁਰੂ ਹੋ ਗਏ ਸਨ। ਭਾਵੇਂ ਇਨ੍ਹਾਂ ਸਕੂਲਾਂ ਤੱਕ ਅਛੂਤ ਬੱਚਿਆਂ ਦੀ ਪਹੁੰਚ ਨਾ ਮਾਤਰ ਹੀ ਸੀ। ਈਸਾਈਮਤ ਦੇ ਪ੍ਰਭਾਵ ਨੂੰ ਠੱਲ੍ਹ ਪਾਉਣ ਲਈ ਅਤੇ ਅੰਦਰ ਖਾਤੇ ਹਿੰਦੂ ਧਰਮ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਆਰੀਆ ਸਮਾਜੀਆਂ ਨੇ ਵੀ ਸਿੱਖਿਆ ਦੇ ਦਰਵਾਜੇ ਅਛੂਤਾਂ ਲਈ ਖੋਲ੍ਹ ਦਿੱਤੇ ਸਨ ਪਰ ਉਹ ਅਛੂਤਾਂ ਨੂੰ ਆਪਣੇ ਸਕੂਲਾਂ ਵਿਚ ਦਾਖਲ ਕਰਨ ਤੋਂ ਪਹਿਲਾਂ ਮਾਨਸਿਕ ਤੌਰ ਤੇ ਭਿੱਟੇ ਜਾਣ ਦੇ ਡਰ ਤੋਂ ਮੁਕਤ ਹੋਣ ਲਈ ਸ਼ੁੱਧੀਕਰਨ ਦੀ ਰਸਮ ਜ਼ਰੂਰ ਕਰਦੇ ਸਨ। ਸਕੂਲ ਵਿਚ ਸਿੱਖਿਆ ਦੇਣ ਵਾਲੇ ਦਰੋਣਾਚਾਰੀਆਂ ਦੀਆਂ ਸ਼ਰਤਾਂ ਏਕਲਵਿਆ ਹੱਥ ਧਨੁਸ਼ ਫੜਾਉਣ ਤੋਂ ਪਹਿਲਾਂ ਹੀ ਅੰਗੂਠਾ ਮੰਗਣ ਵਾਲੀਆਂ ਸਨ।ਮੰਗੂ ਰਾਮ ਨੇ ਆਪਣੀ ਮੁਢਲੀ ਸਿੱਖਿਆ ਉਸ ਮਾਹੌਲ ਵਿਚ ਪੂਰੀ ਕੀਤੀ ਜਿਸ ਮਾਹੌਲ ਵਿਚ ਸਿਤਾਰਾ 'ਚ ਬਾਬਾ ਸਾਹਿਬ ਅੰਬੇਡਕਰ ਨੇ ਪੂਰੀ ਕੀਤੀ ਸੀ।

ਅੰਗਰੇਜ਼ਾਂ ਦੀਆਂ ਦਮਨਕਾਰੀ ਨੀਤੀਆਂ ਨਾਲ ਭਾਰਤ ਦੀ ਕਿਸਾਨੀ ਲਤਾੜੀ ਗਈ ਅਤੇ ਦਸਤਕਾਰੀ ਤਬਾਹ ਹੋ ਗਈ।ਕਿਸਾਨ ਅਤੇ ਮਜ਼ਦੂਰ ਆਪਣਾ ਦੇਸ਼ ਤੇ ਪਰਿਵਾਰ ਛੱਡ ਕੇ ਅੰਗਰੇਜ਼ੀ ਫੌਜ ਵਿਚ ਭਰਤੀ ਹੋਣ ਲੱਗੇ।ਇੱਥੇ ਵੀ ਮਿਲਦੀ ਘੱਟ ਤਨਖ਼ਾਹ ਅਤੇ ਬਸਤੀਆਂ ਨੂੰ ਫ਼ਤਹਿ ਕਰਨ ਦੀ ਡਿਊਟੀ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਸੰਤੁਸ਼ਟ ਨਾ ਕਰ ਸਕੀ।ਸਿੱਟੇ ਵਜੋਂ ਉਨ੍ਹਾਂ ਨੇ ਵਿਦੇਸ਼ ਵੱਲ ਵਹੀਰਾਂ ਘੱਤੀਆਂ।ਬਾਬੂ ਮੰਗੂ ਰਾਮ ਵੀ ਆਪਣੇ ਪਿੰਡ ਦੇ ਹੀ ਕੁਝ ਨੇਕਦਿਲ ਲੋਕਾਂ ਦੀ ਮੱਦਦ ਨਾਲ 1909 ਈਸਵੀ ਦੇ ਅਖੀਰ 'ਚ ਅਮਰੀਕਾ ਪਹੁੰਚ ਗਏ।ਇੱਥੇ ਉਨ੍ਹਾਂ ਨੇ ਕੈਲੀਫੋਰਨੀਆ ਵਿਚ ਆਪਣੇ ਪਿੰਡ ਦੇ ਜ਼ਿਮੀਦਾਰਾਂ ਨਾਲ ਫ਼ਲ ਤੋੜਨ ਦਾ ਕੰਮ ਕੀਤਾ।ਕੈਲੀਫੋਰਨੀਆ ਤੋਂ ਇਲਾਵਾ ਫਰਿਜ਼ਨੋ, ਸਟਾਕਟਨ, ਸੈਕਰਾਮੈਂਟੋ ਆਦਿ ਸ਼ਹਿਰਾਂ ਵਿਚ ਵੀ ਉਹ ਕਮਾਈ ਕਰਦੇ ਰਹੇ।ਥੁੜਾਂ ਤੋਟਾਂ ਦੇ ਮਾਰੇ ਪਰਿਵਾਰ ਵਿਚ ਅਮਰੀਕਾ ਦੀ ਕਮਾਈ ਨਾਲ ਲਹਿਰਾਂ ਬਹਿਰਾਂ ਹੋ ਰਹੀਆਂ ਸਨ।ਇੱਕਾ ਦੁੱਕਾ ਵਿਅਕਤੀਆਂ ਨੂੰ ਛੱਡ ਕੇ ਵਿਦੇਸ਼ ਗਏ ਸਾਰੇ ਨੌਜਵਾਨ ਭਰਾਵਾਂ ਵਾਂਗ ਰਹਿੰਦੇ ਸਨ।ਭਾਰਤੀ ਕਾਮਿਆਂ ਨੂੰ ਮਿਲ ਰਹੇ ਲੋੜ ਤੋਂ ਵੱਧ ਡਾਲਰਾਂ ਪੌਡਾਂ ਦੇ ਗੱਫੇ ਦੇਖ ਕੇ ਗੋਰੇ ਮਜ਼ਦੂਰਾਂ ਦੇ ਚਿਹਰੇ ਮੁਰਝਾਉਣੇ ਸ਼ੁਰੂ ਹੋ ਗਏ।ਆਪਣੇ ਹੱਥੋਂ ਕੰਮ ਖੁਸਦਾ



ਦੇਖ ਕੇ ਉਨ੍ਹਾਂ ਦੇ ਮਨ ਵਿਚ ਨਸਲੀ ਵਿਤਕਰੇ ਪੁੰਗਰਨ ਲੱਗੇ।ਇਸਦੀ ਭਿਣਕ ਭਾਰਤੀ ਕਾਮਿਆਂ ਨੂੰ ਪਹਿਲਾਂ ਹੀ ਲੱਗ ਚੁੱਕੀ ਸੀ ਇਸ ਲਈ ਉਨ੍ਹਾਂ ਨੇ ਵੀ ਜੱਥੇਬੰਦ ਹੋਣਾ ਸ਼ੁਰੂ ਕਰ ਦਿੱਤਾ।ਦਿਨ ਨੂੰ ਭਾਰਤੀ ਕਾਮੇ ਮਿੱਲਾਂ, ਫ਼ਲਾਂ ਦੇ ਬਾਗ਼ਾਂ ਵਿਚ ਕੰਮ ਕਰਦੇ ਅਤੇ ਰਾਤ ਨੂੰ ਆਪਣੀਆਂ ਸਰਗਰਮੀਆਂ ਤੇਜ਼ ਕਰਨ ਲਈ ਮੀਟੰਗਾਂ ਕਰਦੇ ਰਹਿੰਦੇ।ਸ਼ੁਰੂ ਤੋਂ ਹੀ ਵਿਤਕਰੇ ਦਾ ਸ਼ਿਕਾਰ ਰਹੇ ਹੋਣ ਕਰਕੇ ਬਾਬੂ ਜੀ ਨੂੰ ਇਨ੍ਹਾਂ ਦੀਆਂ ਗੱਲਾਂ ਆਪਣੀਆਂ ਗੱਲਾਂ ਲੱਗਦੀਆਂ।

ਉਨ੍ਹਾਂ ਸਾਰੇ ਅਗਾਂਹ ਵਧੂ ਸਾਥੀਆਂ ਨੇ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕਰ ਲਈ ਸੀ ਕਿ ਕੀ ਕਰਨਾ ਹੈ ਕਮਾਈ ਕਰਕੇ ਜਦ ਸਾਡੀ ਹਾਲਤ ਜਾਨਵਰਾਂ ਤੋਂ ਵੀ ਬੱਦਤਰ ਹੈ।ਹਜ਼ਾਰਾਂ ਕਿਲੋਮੀਟਰ ਦੂਰ ਵਸਦੇ ਭਾਰਤੀਆਂ ਦੀ ਹਾਲਤ ਕਿਹੋ ਜਿਹੀ ਹੋਵੇਗੀ?ਲਾਹਣਤ ਹੈ ਇਹੋ ਜਿਹੀ ਜ਼ਿੰਦਗੀ ਖੁਣੋਂ।ਇਨਾਂ ਸਾਥੀਆਂ ਨੇ ਇਕੱਠਿਆਂ ਹੋ ਕੇ 1913 ਈਸਵੀ ਵਿਚ 'ਹਿੰਦੋਸਤਾਨ ਗ਼ਦਰ ਪਾਰਟੀ' ਦੀ ਸਥਾਪਨਾ ਕੀਤੀ।ਸਰਵ ਸੰਮਤੀ ਨਾਲ ਬਾਬਾ ਸੋਹਨ ਸਿੰਘ ਭਕਨਾ ਇਸਦੇ ਪ੍ਰਧਾਨ ਅਤੇ ਲਾਲਾ ਹਰਦਿਆਲ ਜਨਰਲ ਸਕੱਤਰ ਚੁਣੇ ਗਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਬਾਬਾ ਸੋਹਨ ਸਿੰਘ ਭਕਨਾ ਦੀ ਪ੍ਰੇਰਣਾ ਨਾਲ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਏ।ਯੁਗਾਂਤਰ ਆਸ਼ਰਮ ਵਿਚ ਕੁਲਵਕਤੀ ਕਾਮੇ ਦੇ ਤੌਰ ਤੇ ਉਨ੍ਹਾਂ ਨੇ ਸੇਵਾਵਾਂ ਸੰਭਾਲ ਲਈਆਂ।ਇੱਥੇ ਹੀ ਉਨ੍ਹਾਂ ਨੂੰ ਅਣਦ-ੜੀਆ ਮੁੰਡਾ ਕਰਤਾਰ ਸਿੰਘ ਸਰਾਭਾ ਦਾ ਸਾਥ ਨਸੀਬ ਹੋਇਆ।ਬਾਬੂ ਮੰਗੂ ਰਾਮ ਛਾਪੇਖਾਨੇ ਦੇ ਹਰ ਛੋਟੇ ਵੱਡੇ ਕੰਮ ਨੂੰ ਜ਼ਿੰਦਾਦਿਲੀ ਨਾਲ ਕਰਦੇ।ਉਨ੍ਹਾਂ ਨੂੰ ਸਭ ਤੋਂ ਵਧੀਆ ਗੱਲ ਗ਼ਦਰੀਆਂ ਦੇ ਮੇਲ ਮਿਲਾਪ ਦੀ ਲਗਦੀ ਸੀ।ਸਾਰੇ ਜਣੇ ਮਿਲ ਕੇ ਕੰਮ ਕਰਦੇ ਅਤੇ ਮਿਲ ਕੇ ਹੀ ਖਾਣਾ ਖਾਂਦੇ।ਨਿੱਤ ਜੁਝਾਰੂ ਸਾਥੀਆਂ ਦਾ ਛਾਪੇਖ਼ਾਨੇ ਵਿਚ ਆਉਣ-ਜਾਣ ਬਣਿਆ ਰਹਿ-ਦਾ।ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤੀ ਪਾ ਕੇ ਅਜ਼ਾਦ ਭਾਰਤ ਦੀਆਂ ਦੀਵਾਰਾਂ ਸਮਤਾ, ਸਮਾਨਤਾ, ਸਾਂਝੀਵਾਲਤਾ ਦੀ ਨੀਂਹ ਤੇ ਉਸਾਰਨ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ।ਬਾਬੂ ਮੰਗੂ ਰਾਮ ਦੇ ਮਨ ਵਿਚ ਇਹ ਗੱਲਾਂ ਜੋਸ਼ ਭਰਦੀਆਂ।ਉਹ ਮਨੋ ਮਨੀ ਸੋਚਦੇ ਕਿ ਮੇਰੇ ਸਮਾਜ ਲਈ ਤਾਂ ਗ਼ਦਰ ਪਾਰਟੀ ਦੀ ਲੜਾਈ ਦੂਹਰੀ ਅਜ਼ਾਦੀ ਵਾਲੀ ਸਾਬਤ ਹੋਵੇਗੀ।ਇੱਕ ਅੰਗਰੇਜ਼ਾਂ ਹੱਥੋਂ ਅਤੇ ਦੂਜੀ ਆਪਣੇ ਦੇਸ਼ ਦੇ ਸਵਰਨਾਂ ਹੱਥੋਂ।ਉਨ੍ਹਾਂ ਨੂੰ ਇਹ ਲੜਾਈ ਇੱਕ ਮਿਸ਼ਨ ਜਾਪਦੀ।

ਗ਼ਦਰ ਪਾਰਟੀ ਵਿਚ ਹਰ ਬਰਾਦਰੀ ਦਾ ਬੰਦਾ ਕੰਮ ਕਰਦਾ ਸੀ। ਪਾਰਟੀ ਦੇ ਵਿਧਾਨ ਮੁਤਾਵਿਕ ਜਾਤ ਮਜ਼੍ਹਬ ਦੇ ਨਾਂ ਤੇ ਕਿਸੇ ਵੀ ਪ੍ਰਕਾਰ ਦੀ ਬਹਿਸ ਦੀ ਮੁਕੰਮਲ ਮਨਾਹੀ ਸੀ। ਗ਼ਦਰ ਪਾਰਟੀ ਇੱਕ ਅਜਿਹੀ ਅੰਤਰ ਰਾਸ਼ਟਰੀ ਜੱਥੇਬੰਦੀ ਸੀ ਜੋ ਧਰਮ ਦੀਆਂ ਵਲੱਗਣਾਂ ਅਤੇ ਸੰਕੀਰਣ ਸੋਚਾਂ ਤੋਂ ਮੁਕਤ ਸੀ।

ਗ਼ਦਰੀਆਂ ਨੂੰ ਦੇਸ਼ ਅਜ਼ਾਦ ਕਰਾਉਣ ਦਾ ਚਾਅ ਵਿਆਹ ਨਾਲੋਂ ਘੱਟ ਨਹੀਂ ਸੀ। ਜਿਸਨੂੰ ਜਿਹੜੀ ਜਿੰਮੇਵਾਰੀ ਸੌਂਪੀ ਜਾਂਦੀ ਉਹ ਹੱਸ ਕੇ ਕਬੂਲ ਕਰ ਲੈਂਦਾ। 1914 ਈ ਵਿਚ ਦੂਜਾ ਵਿਸ਼ਵ ਯੁਧ ਸ਼ੁਰੂ ਹੋਣ ਸਮੇਂ ਅੰਗਰੇਜ਼ਾਂ ਨੂੰ ਇਸ ਵਿਚ ਉਲਝਿਆ ਦੇਖ ਕੇ ਗ਼ਦਰੀਆਂ ਨੇ ਦੇਸ਼ ਵੱਲ ਇਸ ਸਹੀ ਮੌਕੇ ਨੂੰ ਸੰਭਾਲਣ ਹਿੱਤ ਵਹੀਰਾਂ ਘੱਤ ਦਿੱਤੀਆਂ। ਇਨ੍ਹਾਂ ਵਿਚ ਬਾਬਾ ਸੋਹਨ ਸਿੰਘ ਭਕਨਾ ਤੇ ਸਰਾਭੇ ਵਰਗੇ ਸਾਥੀ ਵੀ ਸ਼ਾਮਿਲ ਸਨ। ਭਾਰਤ ਵਿਚ ਅਜ਼ਾਦੀ ਦੀ ਲੜਾਈ ਨੂੰ ਹਥਿਆਰਾਂ ਨਾਲ ਸਰ ਕਰਨ ਲਈ ਬਾਬੂ ਮੰਗੂ ਰਾਮ ਆਪਣੇ ਚਾਰ ਸਾਥੀਆਂ ਬਾਬਾ ਹਰੀ ਸਿੰਘ ਉਸਮਾਨ, ਗੰਭੀਰ ਸਿੰਘ, ਹਰਨਾਮ ਚੰਦ ਅਤੇ ਹਰਚਰਨ ਦਾਸ ਨਾਲ ਐਨੀ ਲਾਰਸਨ ਜਹਾਜ਼ ਲੈ ਕੇ 15 ਅਪ੍ਰੈਲ, 1915 ਈਸਵੀ ਨੂੰ ਅਮਰੀਕਾ ਤੋਂ ਤੁਰੇ। ਨਿਆਂ ਵਿਭਾਗ ਦੀ ਰਿਪੋਰਟ ਅਨੁਸਾਰ ਐਨੀ ਲਾਰਸਨ ਵਿਚ ਰਫਲਾਂ ਦੇ 554 ਬਕਸੇ, ਲਗ-ਪਗ 7 ਜਾਂ 8 ਹਜ਼ਾਰ (ਸੰਗੀਨਾਂ ਵਾਲੀਆਂ ਕਾਰਬਾਈਨਾਂ) ਕਾਰਤੂਸਾਂ ਦੇ ਲਗ-ਪਗ 3773 ਬਕਸੇ ਜਿਨ੍ਹਾਂ ਵਿਚ 3,50,00000 ਗੋਲ਼ੀਆਂ ਸਨ, ਕਾਰਤੂਸ ਪੇਟੀਆਂ ਲਗ-ਪਗ ਦਸ ਬਕਸੇ, ਹਰੇਕ ਬਕਸੇ ਵਿਚ 200 ਜਾਂ 300 ਕਾਰਤੂਸ ਪੇਟੀਆਂ ਸਨ ਅਤੇ 45 ਬੋਰ ਦੇ ਪਿਸਤੌਲ ਜਿਨ੍ਹਾਂ ਦੀ ਗਿਣਤੀ ਪਤਾ ਨਹੀਂ ਸੀ। ਇਸ ਤੋਂ ਇਲਾਵਾ ਗ਼ਦਰ ਲਹਿਰ ਦੀ ਤਰਥੱਲੀ ਮਚਾਉਣ ਵਾਲਾ ਸਾਹਿਤ ਸੀ। ਬਦਕਿਸਮਤ ਨਾਲ ਮਹੀਨੇ ਬਾਅਦ ਇਹ ਜਹਾਜ਼ ਪੁਲਿਸ ਦੇ ਅੜਿੱਕੇ ਚੜ੍ਹ ਗਿਆ। ਜੇਕਰ ਹਥਿਆਰਾਂ ਦਾ ਇਹ ਜ਼ਖ਼ੀਰਾ ਕਿਸੇ ਨਾ ਕਿਸੇ ਤਰ੍ਹਾਂ ਦੇਸ਼ ਪਹੁੰਚ ਜਾਂਦਾ ਤਾਂ ਅਜ਼ਾਦੀ ਦੇ ਸੰਘਰਸ਼ ਦੀ ਦਿਸ਼ਾ ਹੀ ਕੁਝ ਹੋਰ ਹੋਣੀ ਸੀ। ਪੰਜਾਂ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਹੋ ਗਈ ਪਰ ਜਰਮਨਾਂ ਦੀ ਮੱਦਦ ਨਾਲ ਇਹ ਬਚ ਨਿਕਲੇ ਤੇ ਅੱਡੋ ਅੱਡ ਰਾਹੇ ਪੈ ਗਏ। ਬਾਬੂ ਜੀ ਸਿੰਘਾਪੁਰ ਜਾ ਪੁੱਜੇ। ਇੱਥੇ ਗ਼ਦਾਰ ਬੇਲਾ ਸਿੰਘ ਜਿਆਣ ਦੀ ਗ਼ਦਾਰੀ ਕਰਕੇ ਫੇਰ ਬਾਬੂ ਜੀ ਨੂੰ ਤੋਪ ਦੇ ਗੋ਼ਲੇ ਨਾਲ ਉਡਾਉਣ ਦੀ ਸਜਾ ਮਿਲੀ। ਇੱਥੋਂ ਵੀ ਇੱਕ ਅਣਜਾਣ ਜਰਮਨ ਦੋਸਤ ਦੀ ਮੱਦਦ ਰਾਹੀਂ ਬਚ-ਬਚਾ ਕੇ ਉਹ ਮਨੀਲਾ ਪਹੁੰਚ ਗਏ।ਲਗ-ਪਗ 9 ਸਾਲ ਮਨੀਲਾ ਵਿਚ ਰਹੇ।

ਸੋਲਾਂ ਸਾਲਾਂ ਬਾਅਦ ਕੋਲੰਬੋ ਤੋਂ ਦੱਖਣੀ ਭਾਰਤ ਰਾਹੀਂ ਦੇਸ਼ ਵਿਚ ਪੈਰ ਪੈਰ ਤੇ ਹੋ ਰਹੀ ਛੂਆ-ਛਾਤ ਦੀ ਪੜਚੋਲ ਕਰਦੇ ਹੋਏ ਜਦ ਘਰ ਪਹੁੰਚੇ ਤਾਂ ਮੱਥੇ ਤੇ ਹੱਥ ਮਾਰ ਕੇ ਸੋਚਣ ਲਈ ਮਜ਼ਬੂਰ ਹੋ ਗਏ ਕਿ ਅਸੀਂ ਕਿਹੜੀ ਅਜ਼ਾਦੀ ਦੀ ਗੱਲ ਕਰਦੇ ਹਾਂ। ਹਵਾ, ਪਾਣੀ, ਧੁੱਪ ਆਦਿ ਕੁਦਰਤੀ ਸਾਧਨ ਵੀ ਦੇਸ਼ ਦੇ ਅੱਸੀ ਪ੍ਰਤੀਸ਼ਤ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਉਸੇ ਵਕਤ ਕਾਗਜ਼, ਕਲਮ ਚੁੱਕ ਕੇ ਟਾਹਲੀ ਦੀ ਸੰਘਣੀ ਛਾਂਵੇਂ ਬੈਠ ਗ਼ਦਰ ਪਾਰਟੀ ਦੇ ਮੁਖ ਦਫ਼ਤਰ ਸਾਨਫਰਾਂਸਿਸਕੋ ਨੂੰ ਚਿੱਠੀ ਵਿਚ ਲਿਖਣ ਲੱਗੇ ਹਨ ਕਿ ਮੈਂ ਆਪਣੀ ਰਹਿੰਦੀ ਜ਼ਿੰਦਗੀ ਹਾਸ਼ੀਆਗਤ ਲੋਕਾਂ ਦੀ ਸਮਾਜਿਕ ਅਜ਼ਾਦੀ ਅਤੇ ਹੱਕੀ ਮੰਗਾਂ ਦੇ ਲੇਖੇ ਲਾਉਣ ਲੱਗਾ ਹਾਂ। ਇਹ ਭਾਵਨਾ ਲੈ ਕੇ ਮੰਗੂ ਰਾਮ ਮੈਦਾਨ ਵਿਚ ਕੁਦ ਪਏ।

ਬਾਬੂ ਮੰਗੂ ਰਾਮ ਜਾਣਦੇ ਸਨ ਕਿ ਇਹ ਲੜਾਈ 'ਕੱਲੇ ਕਾਰ੍ਹੇ ਦਾ ਕੰਮ ਨਹੀਂ ਹੈ। ਸਭ ਤੋਂ ਪਹਿਲਾਂ ਉਨ੍ਹਾਂ ਪਿੰਡ ਮੁਗੋਵਾਲ ਵਿਖੇ ਬੱਚਿਆਂ ਲਈ ਆਦਿ ਧਰਮ ਸਕੂਲ ਖੋਲ੍ਹਿਆ।ਇਸ ਉਪਰੰਤ ਉਹ ਆਪਣੀ ਸੋਚ ਨਾਲ ਦੇ ਹੋਰ ਵਿਅਕਤੀਆਂ ਤੱਕ ਪਹੁੰਚ ਲਈ ਜ਼ਿਆਦਾ ਸਮਾਂ ਘਰੋਂ ਬਾਹਰ ਰਹਿਣ ਲੱਗੇ। ਉਨ੍ਹਾਂ ਨੇ ਚੌਧਰੀ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀ ਰਾਮ ਪੰਡੋਰੀ ਬੀਬੀ, ਹੰਸ ਰਾਜ ਪ੍ਰੇਮ ਗੜ੍ਹ ਹੁਸ਼ਿਆਰਪੁਰ, ਸੰਤ ਰਾਮ ਅਜ਼ਾਦ ਨੰਗਲ ਸ਼ਹੀਦਾਂ, ਲੱਭੂ ਰਾਮ ਅਤੇ ਬੱਗੂ ਰਾਮ ਚਿੱਤੋਂ, ਸ਼ੂਦਰਾ ਨੰਦ, ਠਾਕਰ ਚੰਦ, ਸੰਤ ਗੁਪਾਲ ਦਾਸ ਲੰਗੇਰੀ ਆਦਿ ਸ਼ਖ਼ਸੀਅਤਾਂ ਨਾਲ ਸਲਾਹ ਮਸ਼ਵਰਾ ਕਰਕੇ 11-12 ਜੂਨ 1926 ਈਸਵੀ ਨੂੰ ਪਿੰਡ ਮੁਗੋਵਾਲ ਦੀ ਧਰਤੀ ਤੇ ਇੱਕ ਵਿਸ਼ਾਲ ਸੰਮੇਲਨ ਕੀਤਾ। ਇਸ ਸੰਮੇਲਨ ਲਈ ਪਹਿਲਾਂ ਡੱਟ ਕੇ ਤਿਆਰੀ ਕੀਤੀ ਗਈ। ਖਾਸ ਤੌਰ ਤੇ ਇਸ਼ਤਿਹਾਰ ਵੀ ਛਾਪ ਕੇ ਵੰਡਿਆ ਗਿਆ। ਸੰਮੇਲਨ ਵਿਚ 25 ਮਤੇ ਸਰਵਸੰਮਤੀ ਨਾਲ ਪਾਸ ਕੀਤੇ ਗਏ। ਜਿਨ੍ਹਾਂ ਵਿਚ ਸੰਗਠਨ ਦਾ ਨਾਂ 'ਆਦਿ ਧਰਮ ਮੰਡਲ' ਸ਼ੁਭ ਕਾਮਨਾ ਸੰਦੇਸ਼ 'ਜੈ ਗੁਰੂ ਦੇਵ, ਧੰਨ ਗੁਰੂ ਦੇਵ', ਪਵਿੱਤਰ ਸ਼ਬਦ 'ਸੋਹੁੰ', ਸਾਡੇ ਧਰਮ ਗੁਰੂ 'ਮਹਾਂਰਿਸ਼ੀ ਬਾਲਮੀਕ ਜੀ, ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ, ਗੁਰੂ ਨਾਮਦੇਵ ਜੀ', ਗ੍ਰੰਥ 'ਆਦਿ ਪ੍ਰਕਾਸ਼ ਗ੍ਰੰਥ' ਆਦਿ ਨਿਸ਼ਚਿਤ ਕਰਨ ਦੇ ਨਾਲ ਨਾਲ ਸਰਕਾਰ ਵੱਲ ਬਹੁਤ ਸਾਰੀਆਂ ਮੰਗਾਂ ਵੀ ਰੱਖੀਆਂ ਗਈਆਂ। ਇਨ੍ਹਾਂ ਵਿਚੋਂ ਇੱਕ ਮੰਗ 'ਮਨੂੰ ਸਿਮ੍ਰਤੀ' ਗ੍ਰੰਥ ਜਿਸਨੇ ਕਿ ਦਲਿਤ ਸਮਾਜ ਨੂੰ ਗ਼ੁਲਾਮ ਬਣਾਈ ਰੱਖਣ ਦੀਆਂ ਬਹੁਤ ਸਾਰੀਆਂ ਜੁਗਤਾਂ ਘੜੀਆਂ ਸਨ ਤੇ ਪਾਬੰਧੀ ਲਾਉਣ ਅਤੇ ਜ਼ਬਤ ਕਰਨ ਦੀ ਵੀ ਸੀ। ਜ਼ਾਹਰ ਹੈ ਕਿ ਜਿਸ ਗ੍ਰੰਥ ਨੂੰ ਬਾਬਾ ਸਾਹਿਬ ਨੇ ਅਮਾਨਵਵਾਦੀ ਕਹਿ ਕੇ 1927 ਈਸਵੀ ਵਿਚ ਅੱਗ ਲਗਾਈ ਸੀ ਉਸ ਨੂੰ ਜ਼ਬਤ ਕਰਨ ਦੀ ਗੱਲ ਆਦਿਧਰਮ ਲਹਿਰ ਦੇ ਆਗੂ ਬਾਬੂ ਮੰਗੂ ਰਾਮ ਇੱਕ ਸਾਲ ਪਹਿਲਾਂ ਕਰ ਚੁੱਕੇ ਸਨ।

ਬਾਬੂ ਮੰਗੂ ਰਾਮ ਨੇ ਲਗ-ਪਗ ਡੇਢ ਦਹਾਕਾ ਗ਼ਦਰ ਪਾਰਟੀ ਵਿਚ ਕੰਮ ਕੀਤਾ ਸੀ। ਇਸ ਲਈ ਆਦਿ ਧਰਮ ਮੰਡਲ ਦੀ ਸਥਾਪਨਾ ਕਰਦੇ ਸਮੇਂ ਗ਼ਦਰ ਪਾਰਟੀ ਦਾ ਸੰਗਠਨਾਤਮਕ ਢਾਂਚਾ ਉਨ੍ਹਾਂ ਦੇ ਦਿਲੋ-ਦਿਮਾਗ 'ਚ ਪਿਆ ਸੀ। ਗ਼ਦਰ ਪਾਰਟੀ ਦੇ ਸਾਨਫਰਾਂਸਿਸਕੋ ਦਫ਼ਤਰ ਦੇ ਅਧਾਰ ਤੇ ਜਲੰਧਰ ਸ਼ਹਿਰ ਦੇ ਦੁਮੋਰੀਆ ਪੁ਼ਲ ਕੋ਼ਲ ਆਦਿ ਧਰਮ ਮੰਡਲ ਦਾ ਚਿੱਠੀ ਪੱਤਰ ਅਤੇ ਬੈਠਕਾਂ ਹਿੱਤ ਦਫ਼ਤਰ ਖੋਲ੍ਹਿਆ ਗਿਆ। ਮਹਾਂ ਪੰਜਾਬ ਤੋਂ ਇਲਾਵਾ, ਕਲਕੱਤੇ ਤੱਕ ਅਤੇ ਦੇਸ਼ ਵਿਦੇਸ਼ ਦੇ 550 ਮੈਂਬਰਾਂ ਦੀ ਟੀਮ, 56 ਆਨਰੇਰੀ ਪ੍ਰਚਾਰਕਾਂ ਦਾ ਜੱਥਾ ਤਿਆਰ ਕੀਤਾ ਗਿਆ। ਮੀਡੀਆ ਦੇ ਪ੍ਰਚਾਰ ਪ੍ਰਸਾਰ ਹਿੱਤ ਆਦਿਧਰਮ ਮੰਡਲ ਨੇ ਆਪਣਾ ਅਖ਼ਬਾਰ 'ਆਦਿ ਡੰਕਾ' ਕੱਢਿਆ ਜਿਹੜਾ 1927-28 ਤੋਂ ਲੈ ਕੇ 1951 ਈਸਵੀ ਤੱਕ ਛਪਦਾ ਰਿਹਾ। ਮੁਖ ਦਫ਼ਤਰ ਤੋਂ ਇਲਾਵਾ ਵੱਖ-ਵੱਖ ਥਾਂਵਾਂ ਤੇ ਅੱਠ ਸਬ-ਦਫ਼ਤਰ ਹੋਰ ਖੋਲ੍ਹੇ ਗਏ। 'ਗ਼ਦਰ ਗੂੰਜ' ਅਖ਼ਬਾਰ ਦੀ ਤਰਜ਼ ਤੇ 'ਆਦਿ ਡੰਕਾ' ਅਖ਼ਬਾਰ ਵਿਚ ਗੁਰਦਾਸ ਰਾਮ ਆਲਮ, ਧੰਨਾ ਸਿੰਘ ਲੰਗੇਰੀ, ਚਾਨਣ ਲਾਲ ਮਾਣਕ, ਪ੍ਰੀਤਮ ਰਮਦਾਸਪੁਰੀ, ਭਗਤ ਰਾਮ ਦੀਵਾਨਾ, ਸੰਤ ਰਾਮ ਪਿਪਲਾਂਵਾਲਾ, ਚਰਨ ਦਾਸ ਨਿਧੜਕ ਆਦਿ ਦਲਿਤ ਕਵੀਆਂ ਦੀਆਂ ਤਿੱਖ਼ੀਆਂ ਨਜ਼ਮਾਂ ਨੇ ਮੰਡਲ ਦੇ ਫ਼ੈਲਾਅ ਵਿਚ ਵੱਡੀ ਭੂਮਿਕਾ ਨਿਭਾਈ।

ਬਾਬੂ ਮੰਗੂ ਰਾਮ ਹੁਰਾਂ ਦੀ ਟੀਮ ਆਪਣੇ ਸਮਾਜ ਦੀਆਂ ਮੰਗਾਂ ਲਈ 1928 ਈਸਵੀ ਵਿਚ ਸਾਈਮਨ ਕਮਿਸ਼ਨ ਨੂੰ ਮਿਲੀ। 1931 ਈਸਵੀ ਦੀ ਜਨਗਣਨਾ ਵਿਚ ਆਦਿਧਰਮ ਦਾ ਵੱਖਰਾ ਖ਼ਾਨਾ ਦਰਜ਼ ਕਰਵਾਇਆ। ਉਸ ਸਮੇਂ ਚੱਲ ਰਹੀਆਂ ਹੋਰ ਧਾਰਮਿਕ ਲਹਿਰਾਂ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਆਦਿ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਇੰਨੇ ਵਿਉਂਤਬੱਧ ਤਰੀਕੇ ਨਾਲ ਕੀਤਾ ਗਿਆ ਸੀ ਕਿ 1931 ਈਸਵੀ ਵਿਚ 418779 ਲੋਕਾਂ ਨੇ ਆਪਣੇ ਆਪ ਨੂੰ ਆਦਿਧਰਮੀ ਦਰਜ਼ ਕਰਵਾਇਆ। ਲੰਡਨ ਦੀਆਂ ਗੋਲਮੇਜ਼ ਕਾਨਫਰੰਸਾਂ ਸਮੇਂ ਬਾਬਾ ਸਾਹਿਬ ਨੂੰ 'ਸਾਡਾ ਲੀਡਰ ਅੰਬੇਡਕਰ' ਦੱਸਣ ਹਿੱਤ ਤਾਰਾਂ ਘੱਲੀਆਂ, 1932 ਵਿਚ ਬਾਬੂ ਮੰਗੂ ਰਾਮ ਨੇ ਦਲਿਤ ਸਮਾਜ ਦੀਆਂ ਮੰਗਾਂ ਖ਼ਾਤਰ ਮਹਾਤਮਾ ਗਾਂਧੀ ਖ਼ਿਲਾਫ਼ ਜਲੰਧਰ 'ਚ ਮਰਨ ਵਰਤ ਰੱਖਿਆ, 1932 'ਚ ਹੀ ਲਾਹੌਰ ਵਿਖੇ ਹਜ਼ਾਰਾਂ ਸਾਥੀਆਂ ਨੂੰ ਨਾਲ ਲੈ ਕੇ ਲਾਰਡ ਲੋਥੀਅਨ ਨਾਲ ਮੁਲਾਕਾਤ ਕੀਤੀ, ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ, 1937 ਈਸਵੀ ਦੀਆਂ ਚੋਣਾਂ 'ਚ ਸੱਤ ਆਦਿਧਰਮੀਆਂ ਨੂੰ ਐੱਮ.ਐੱਲ.ਏ. ਬਣਾਉਣਾ, 1946 'ਚ ਆਪ ਐੱਮ.ਐੱਲ.ਏ ਚੁਣਿਆ ਜਾਣਾ ਮਿਸਾਲੀ ਪ੍ਰਾਪਤੀਆਂ ਹਨ। ਬਾਬੂ ਮੰਗੂ ਰਾਮ ਅਤੇ ਬਾਬਾ ਸਾਹਿਬ ਦੀਆਂ ਸੰਘਰਸ਼ਸ਼ੀਲ ਲਹਿਰਾਂ ਇੱਕ ਦੂਜੇ ਦੀਆਂ ਪੂਰਕ ਰਹੀਆਂ ਹਨ।ਇਸੇ ਲਈ ਬਾਬਾ ਸਾਹਿਬ ਆਪਣੇ ਗ੍ਰੰਥਾਂ ਵਿਚ ਵੀ ਇਸ ਲਹਿਰ ਦਾ ਜ਼ਿਕਰ ਕਰਦੇ ਹਨ। ਬਾਬੂ ਮੰਗੂ ਰਾਮ ਸਾਰੀ ਉਮਰ ਦੱਬਿਆਂ ਦੁਰਕਾਰਿਆਂ ਦੇ ਹੱਕਾਂ ਦੀ ਜੰਗ ਲੜਦੇ ਰਹੇ।ਬਾਬੂ ਮੰਗੂ ਰਾਮ ਜਸਪਾਲ ਦੇ ਉਦਮ ਸਦਕਾ ਬਾਬੂ ਮੰਗੂ ਰਾਮ ਮੋਗੋਵਾਲੀਆ ਨੂੰ ਇੱਕ ਵਾਰ ਫਿਰ ਉਮਰ ਦੇ ਨੌਵੇਂ ਦਹਾਕੇ 13 ਦਸੰਬਰ, 1970 ਨੂੰ ਡੇਰਾ ਬੱਲਾਂ ਵਿਖੇ 'ਆਦਿਧਰਮ ਸ਼ਡਿਊਲਡ ਕਾਸਟ ਫੈੱਡਰੇਸਨ' ਦਾ ਪ੍ਰਧਾਨ ਚੁਣਿਆ ਗਿਆ। ਭਾਵੇਂ ਇਸ ਸਮੇਂ ਉਹ ਕਾਫ਼ੀ ਬਿਰਧ ਹੋ ਚੁਕੇ ਸਨ ਪਰ ਗੜ੍ਹਕਾ ਤੇ ਸੁਰਤੀ ਪੂਰੀ ਕਾਇਮ ਸੀ। ਸਾਰੀ ਉਮਰ ਦਲਿਤਾਂ ਦੇ ਹੱਕਾਂ ਦੀ ਬਾਤ ਪਾਉਣ ਵਾਲਾ ਇਹ ਯੋਧਾ 22 ਅਪ੍ਰੈਲ, 1980 ਈਸਵੀ ਨੂੰ ਸਦਾ ਲਈ ਅੱਖਾਂ ਤੋਂ ਓਝਲ ਹੋ ਗਿਆ। ਸਮਾਜ ਲਈ ਕੀਤੇ ਸੰਘਰਸ਼ ਸਦਕਾ ਦੇਸ਼, ਵਿਦੇਸ਼ ਅਤੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਤਾਮਰ ਪੱਤਰ ਸਮੇਤ ਅਨੇਕਾਂ ਇਨਾਮ ਸਨਮਾਨ ਝੋ਼ਲੀ ਪਏ।

ਬਾਬੂ ਮੰਗੂ ਰਾਮ ਮੁਗੋਵਾਲੀਆ ਪੜ੍ਹੇ ਭਾਵੇਂ ਥੋੜ੍ਹਾ ਸਨ ਪਰ ਉਨ੍ਹਾਂ ਦਾ ਅਧਿਐਨ ਬਹੁਤਾ ਸੀ। ਉਨ੍ਹਾਂ ਗ਼ਦਰ ਪਾਰਟੀ ਨਾਂ ਦੇ ਉਸ ਸੰਗਠਨ ਵਿਚ ਕੰਮ ਕੀਤਾ ਸੀ ਜਿਸਨੇ ਪੂਰੇ ਸੰਸਾਰ ਵਿਚ ਸਾਮਰਾਜ ਦਾ ਝੰਡਾ ਝੁਲਾਉਣ ਵਾਲੀ ਸਰਕਾਰ ਨੂੰ ਭੁਆਂਟਣੀਆਂ ਦੁਆ ਦਿੱਤੀਆਂ ਸਨ। ਉਨ੍ਹਾਂ ਨੇ ਪਹਿਲੀ ਵਾਰ ਇੱਥੋਂ ਦੇ ਮੂਲ ਨਿਵਾਸੀਆਂ ਨੂੰ ਉਨ੍ਹਾਂ ਦੇ ਮੂਲ ਨਾਲ ਜੋੜ ਕੇ ਬਹੁਤ ਸੋਚਣ ਸਮਝਣ ਤੋਂ ਬਾਅਦ 'ਆਦਿ ਧਰਮੀ' ਨਾਂ ਦਿੱਤਾ ਸੀ। ਆਦਿ ਧਰਮ ਮੰਡਲ ਇੱਕ ਸਮਾਜਿਕ ਸੰਗਠਨ ਸੀ। ਸਮਾਜਿਕ ਤੌਰ ਤੇ ਇਸਨੇ ਅਜੇ ਸਥਾਪਿਤ ਹੋਣਾ ਸੀ ਤੇ ਰਾਜਨੀਤਕ ਤੌਰ ਤੇ ਕਦਮ ਰੱਖ ਲਿਆ। ਭਾਵੇਂ ਇਸ ਵਿਚ ਪ੍ਰਾਪਤੀ ਵੀ ਕੀਤੀ ਪਰ ਸਮਾਜਿਕ ਤੌਰ ਤੇ ਪਕੜ ਅਜੇ ਮਜ਼ਬੂਤ ਨਾ ਹੋਣ ਕਰਕੇ ਇਸ ਦੀ ਰਾਜਨੀਤਕ ਚਿਰਸਥਿਰਤਾ ਕਾਇਮ ਨਾ ਰਹਿ ਸਕੀ। ਹਾਂ, ਇੰਨਾ ਜ਼ਰੂਰ ਹੈ ਕਿ ਇਸ ਸੰਗਠਨ ਨੇ ਦਲਿਤ ਅੰਦੋਲਨ ਲਈ ਇੱਕ ਨੀਂਹ ਜ਼ਰੂਰ ਤਿਆਰ ਕਰ ਦਿੱਤੀ ਸੀ ਜਿਸ ਉਪਰ ਭਵਿੱਖ ਵਿਚ ਸੰਘਰਸ਼ ਨਾਲ ਉੱਚੀ ਇਮਾਰਤ ਦੀ ਉਸਾਰੀ ਕੀਤੀ ਜਾ ਸਕੇਗੀ।

# ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਯਾਦ ਕਰਦਿਆਂ...

## 14 ਜਨਵਰੀ 1886 ਈ: ਤੋਂ 22 ਅਪ੍ਰੈਲ 1980 ਈ: ਤੱਕ ਦਾ ਸਫ਼ਰ



ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ 14 ਜਨਵਰੀ 1886 ਈ: ਨੂੰ ਹੋਇਆ। ਬਾਬੂ ਮੰਗੂ ਰਾਮ ਜੀ ਚੌਧਰੀ ਦੇ ਨਾਮ ਨਾਲ ਮਸ਼ਹੂਰ ਇੱਕ ਭਾਰਤੀ ਸੁਤੰਤਰਤਾ ਸੰਗਰਾਮੀ, ਪੰਜਾਬ ਦੇ ਇੱਕ ਰਾਜਨੇਤਾ ਅਤੇ ਗ਼ਦਰ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸਨ।

ਸੰਨ 1909 ਈ: ਵਿੱਚ ਉਹ ਅਮਰੀਕਾ ਚਲੇ ਗਏ ਅਤੇ ਗ਼ਦਰ ਪਾਰਟੀ ਨਾਲ ਜੁੜ ਗਏ। 1925 ਈ: ਵਿੱਚ ਭਾਰਤ ਵਾਪਸ ਪਰਤਣ ਤੋਂ ਬਾਅਦ ਉਹ ਅਛੂਤ (ਦਲਿਤ) ਜਾਤੀ ਦੇ ਲੋਕਾਂ ਦੇ ਨੇਤਾ ਬਣ ਗਏ ਅਤੇ ਉਹਨਾਂ ਨੂੰ ਅਛੂਤ ਹੋਣ ਕਾਰਨ ਆਪਸੀ ਭਾਈਚਾਰਾ ਅਤੇ ਸਮਾਜਿਕ ਏਕਤਾ ਬਣਾਈ ਰੱਖਣ ਦੇ ਸੰਦਰਭ ਵਿੱਚ ਇੱਕ ਮੰਚ 'ਤੇ ਸੰਗਠਿਤ ਕੀਤਾ। ਜਿਹਨਾਂ 'ਤੇ ਬਹੁਤ ਜ਼ੁਲਮ ਹੋ ਰਹੇ ਸਨ। ਆਦਿ-ਧਰਮ ਅੰਦੋਲਨ ਜੋ ਉਸ ਸਮੇਂ ਅਛੂਤਾਂ ਲਈ ਬਰਾਬਰੀ ਦੇ ਹੱਕ ਹਾਸਲ ਕਰਨ ਲਈ ਸਮਰਪਿਤ ਸੀ, ਦੀ ਨੀਂਹ ਰੱਖਣ ਵਿੱਚ ਬਾਬੂ ਜੀ ਨੇ ਮੁੱਖ ਭੂਮਿਕਾ ਨਿਭਾਈ ਸੀ।

ਬਾਬੂ ਮੰਗੂ ਰਾਮ ਜੀ ਦਾ ਜਨਮ ਪਿਤਾ ਸ਼੍ਰੀ ਹਰਮਨ ਦਾਸ ਅਤੇ ਮਾਤਾ ਸ਼੍ਰੀਮਤੀ ਅਤਰੀ ਦੇ ਘਰ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਰਾਜ ਦੇ ਇੱਕ ਚਮਾਰ (ਐਸ.ਸੀ.) ਪਰਿਵਾਰ ਵਿੱਚ ਹੋਇਆ। ਜਦੋਂ ਬਾਬੂ ਮੰਗੂ ਰਾਮ ਜੀ 3 ਸਾਲਾਂ ਦੇ ਸਨ ਤਾਂ ਉਹਨਾਂ ਦੀ ਮਾਤਾ ਅਤਰੀ ਦੀ ਮੌਤ ਹੋ ਗਈ। ਬਾਬੂ ਮੰਗੂ ਰਾਮ ਜੀ ਦੇ ਪਿਤਾ ਨੂੰ ਆਪਣੀ ਜ਼ਿੰਦਗੀ ਦੇ ਹਰ ਪੜਾਅ 'ਤੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਇਸ ਲਈ ਉਹ ਨਹੀਂ ਸੀ ਚਾਹੁੰਦੇ ਕਿ ਉਹਨਾਂ ਦੇ ਪੁੱਤਰ ਨੂੰ ਵੀ ਅਜਿਹੀਆਂ ਮੁਸ਼ਕਿਲਾਂ, ਵਿਤਕਰਿਆਂ ਦਾ ਸਾਹਮਣਾ ਕਰਨਾ ਪਵੇ। ਇਸ ਲਈ ਬਾਬੂ ਮੰਗੂ ਰਾਮ ਜੀ ਨੂੰ ਮੁੱਢਲੀ ਵਿੱਦਿਆ ਲਈ ਸਕੂਲ ਵਿੱਚ ਦਾਖਲ ਕਰਵਾਇਆ।



**ਸੰਤੋਖ ਸਿੰਘ ਜੱਸੀ**
**91-70876-19800**

ਬਾਬੂ ਮੰਗੂ ਰਾਮ ਜੀ ਨੂੰ 7 ਸਾਲ ਦੀ ਉਮਰ ਤੱਕ ਪਿੰਡ ਦੇ ਇੱਕ ਗੁਰੂ ਨੇ ਸਿੱਖਿਆ ਦਿੱਤੀ। ਬਾਬੂ ਮੰਗੂ ਰਾਮ ਜੀ ਨੇ ਮੁੱਗੋਵਾਲ ਖੇਤਰ ਅਤੇ ਦੇਹਰਾਦੂਨ ਦੇ ਸਕੂਲਾਂ ਵਿੱਚ ਪੜ੍ਹਾਈ ਕੀਤੀ। ਜ਼ਿਆਦਾਤਰ ਸਕੂਲਾਂ ਵਿੱਚ ਬਾਬੂ ਮੰਗੂ ਰਾਮ ਜੀ ਇਕਲੌਤੇ ਦਲਿਤ ਵਿਦਿਆਰਥੀ ਸਨ। ਉਹਨਾਂ ਨੂੰ ਜਮਾਤ ਦੇ ਪਿਛਲੇ ਪਾਸੇ ਜਾਂ ਵੱਖਰੇ ਕਮਰੇ ਵਿੱਚ ਬੈਠਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਕਮਰੇ ਦੇ ਬਾਹਰ ਖੜ੍ਹੇ ਹੋ ਕੇ ਪੜ੍ਹਨਾ ਪਿਆ। ਜਦੋਂ ਉਹ ਬਜਵਾੜਾ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਹਾਈ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਹਨਾਂ ਨੂੰ ਕਮਰੇ ਦੇ ਬਾਹਰ ਰੁਕਣ ਲਈ ਮਜਬੂਰ ਕੀਤਾ ਗਿਆ ਅਤੇ ਉਹ ਖਿੜਕੀਆਂ ਰਾਹੀਂ ਕਲਾਸਾਂ ਸੁਣਦੇ ਸਨ। ਇੱਕ ਵਾਰ ਬਾਬੂ ਮੰਗੂ ਰਾਮ ਜੀ ਭਾਰੀ ਗੜ੍ਹੇਮਾਰੀ ਦੇ ਦੌਰਾਨ ਜਮਾਤ ਅੰਦਰ ਦਾਖਲ ਹੋ ਗਏ ਤਾਂ ਉਹਨਾਂ ਦੇ ਇੱਕ ਬ੍ਰਾਹਮਣ ਅਧਿਆਪਕ ਨੇ ਉਹਨਾਂ ਨੂੰ ਕੁੱਟਿਆ ਤੇ ਜ਼ਲੀਲ ਕੀਤਾ ਕਿਉਂਕਿ ਇੱਕ ਅਛੂਤ ਦੇ ਜਮਾਤ ਅੰਦਰ ਆਉਣ ਨਾਲ ਜਮਾਤ ਅੰਦਰ ਪਏ ਫਰਨੀਚਰ ਨੂੰ ਭਿੱਟਿਆ ਗਿਆ ਸਮਝਿਆ ਗਿਆ ਸੀ, ਬਾਬੂ ਜੀ ਨੂੰ ਬਾਹਰ ਮੀਂਹ ਵਿੱਚ ਬੇਇੱਜ਼ਤ ਕੀਤਾ ਗਿਆ ਅਤੇ ਫਰਨੀਚਰ ਜਬਰੀ ਸਾਫ਼ ਕਰਵਾਇਆ ਗਿਆ। ਇਸ ਦੇ ਬਾਵਜੂਦ ਬਾਬੂ ਮੰਗੂ ਰਾਮ ਜੀ ਇੱਕ ਚੰਗੇ ਵਿਦਿਆਰਥੀ ਸਨ।

### ਆਦਿ-ਧਰਮ ਲਹਿਰ ਦੀ ਪਹਿਲੀ ਕਾਨਫ਼ਰੰਸ

ਬਾਬੂ ਮੰਗੂ ਰਾਮ ਨੇ ਅਮਰੀਕਾ ਤੋਂ ਵਾਪਸ ਪੰਜਾਬ ਆ ਕੇ ਪਿੰਡ-ਪਿੰਡ ਜਾ ਕੇ ਆਤਮ ਸਨਮਾਨ ਲਈ ਸੰਘਰਸ਼ ਨੂੰ ਆਪਣਾ ਜ਼ਿੰਦਗੀ ਦਾ ਉਦੇਸ਼ ਬਣਾਇਆ ਉਹਨਾਂ ਨੇ ਕਿਹਾ ਕਿ "ਅਸੀਂ ਦੋਹਰੇ ਗੁਲਾਮ ਹਾਂ।" ਇੱਕ ਪਾਸੇ ਅਸੀਂ ਅੰਗਰੇਜਾਂ ਦੇ ਗੁਲਾਮ ਹਾਂ, ਦੂਜੇ ਪਾਸੇ ਅਸੀਂ ਹਿੰਦੂਆਂ ਦੇ ਗੁਲਾਮ ਹਾਂ। ਗੁਲਾਮੀ ਤੋਂ ਛੁਟਕਾਰੇ ਲਈ ਬਾਬੂ ਜੀ ਨੇ ਪੱਛੜੀਆਂ ਸ਼੍ਰੇਣੀਆਂ ਦੀ 11-12 ਜੂਨ 1926 ਈ: ਨੂੰ ਪਿੰਡ ਮੁੱਗੋਵਾਲ ਵਿਖੇ ਦੋ ਰੋਜ਼ਾ ਕਾਨਫਰੰਸ ਦਾ ਆਯੋਜਨ ਕੀਤਾ।

ਕਾਨਫਰੰਸ ਵਿੱਚ ਪੰਜਾਬ ਭਰ ਤੋਂ ਪੱਛੜੀਆਂ ਸ਼੍ਰੇਣੀਆਂ ਵਾਲਮੀਕਿ, ਆਦਿ-ਧਰਮੀ, ਸਾਂਸੀ, ਭੰਜੜੇ, ਗੰਧੀਲੇ, ਬਰੜ, ਜੁਲਾਹੇ, ਮੇਘ, ਚੰਬਾਰ, ਕਬੀਰ ਪੰਥੀ, ਮਹਾਸੇ, ਬਾਜ਼ੀਗਰ, ਡੋਮ, ਜਟੀਏ, ਰਾਮਦਾਸੀਆ ਸਿੱਖ, ਰਵਿਦਾਸੀਆ ਆਦਿ ਜਾਤਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ। ਅਛੂਤਾਂ ਤੋਂ ਇਲਾਵਾ ਦੂਸਰੇ ਮਜ਼ਹਬਾਂ ਈਸਾਈਆਂ, ਸਿੱਖਾਂ, ਮੁਸਲਮਾਨਾਂ, ਸਨਾਤਨੀ ਅਤੇ ਆਰੀਆ ਸਮਾਜੀਆਂ ਦੇ ਸਨਮਾਨ ਯੋਗ ਲੋਕ ਵੀ ਸ਼ਾਮਿਲ ਹੋਏ। ਇਸੇ ਕਾਰਨ ਇਹ ਇੱਕ ਸਫ਼ਲ ਕਾਨਫ਼ਰੰਸ ਸੀ।

ਅਛੂਤਾਂ ਦੇ ਨੁਮਾਇੰਦਿਆਂ ਨੇ ਆਪਣੇ ਹਾਲਾਤਾਂ ਸੰਬੰਧੀ ਸਪੱਸ਼ਟ ਵਿਚਾਰ ਪੇਸ਼ ਕੀਤੇ। ਬੇਹੱਦ ਬਹਿਸ ਅਤੇ ਦਲੀਲਬਾਜੀ ਤੋਂ ਬਾਅਦ ਰਿਸ਼ੀ ਵਾਲਮੀਕਿ, ਗੁਰੂ ਰਵਿਦਾਸ, ਗੁਰੂ ਕਬੀਰ ਅਤੇ ਗੁਰੂ ਨਾਮਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਇਹ ਫੈਸਲਾ ਕੀਤਾ ਗਿਆ ਕਿ ਅਛੂਤਾਂ ਨੂੰ ਆਦਿ-ਧਰਮੀ ਕਿਹਾ ਜਾਵੇ। ਕਾਨਫ਼ਰੰਸ ਵਿੱਚ ਸਰਬਸੰਮਤੀ ਨਾਲ 25 ਮਤੇ ਪਾਸ ਕੀਤੇ ਗਏ। ਇੱਕ 100 ਮੈਂਬਰੀ ਕਮੇਟੀ ਬਣਾਈ ਗਈ। ਆਦਿ-ਧਰਮ ਮੰਡਲ ਦੀ ਸਥਾਪਨਾ ਕੀਤੀ ਗਈ ਅਤੇ ਮੰਡਲ ਦਾ ਮੁੱਖ ਦਫ਼ਤਰ ਜਲੰਧਰ ਵਿਖੇ ਸਥਾਪਿਤ ਕੀਤਾ ਗਿਆ।

ਅਮਰੀਕਾ ਤੋਂ ਵਾਪਸ ਪਰਤਣ ਤੋਂ ਬਾਅਦ ਬਾਬੂ ਮੰਗੂ ਰਾਮ ਜੀ ਨੇ ਆਪਣੇ ਗ੍ਰਹਿ ਪਿੰਡ ਮੁੱਗੋਵਾਲ ਵਿਖੇ ਇੱਕ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਜਿਸਦਾ ਨਾਮ ਉਹਨਾਂ ਨੇ ਆਦਿ-ਧਰਮ ਸਕੂਲ ਰੱਖਿਆ। ਇਹ ਉਹੀ ਸਕੂਲ ਸੀ, ਜਿੱਥੇ ਬਾਬੂ ਮੰਗੂ ਰਾਮ ਜੀ ਨੇ ਸਭ ਤੋਂ ਪਹਿਲਾਂ ਮੀਟਿੰਗ ਬੁਲਾਈ। ਜਿਸ ਨੇ ਆਦਿ-ਧਰਮ ਲਹਿਰ ਦੀ ਰਸਮੀ ਸ਼ੁਰੂਆਤ ਕੀਤੀ। ਆਦਿ-ਧਰਮ ਲਹਿਰ ਦੀ ਸਥਾਪਨਾ ਬ੍ਰਾਹਮਣਵਾਦੀ ਵਿਵਸਥਾ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਕੀਤੀ ਗਈ ਸੀ। ਜਿਸ ਨੇ ਦਲਿਤਾਂ ਦੇ ਸਮਾਜਿਕ ਢਾਂਚੇ ਨੂੰ ਨੀਵਾਂ ਕੀਤਾ ਹੋਇਆ ਸੀ।

ਦਲਿਤਾਂ ਵਲੋਂ ਜਾਤੀ ਨਾਲ ਭਰੇ ਸਮਾਜ ਵਿੱਚ ਬਰਾਬਰੀ ਹਾਸਲ ਕਰਨ ਲਈ ਇਹ ਸ਼ਾਨਦਾਰ ਕਦਮ ਸੀ। ਆਦਿ-ਧਰਮ ਅੰਦੋਲਨ ਦੇ ਜ਼ਰੀਏ, ਬਾਬੂ ਮੰਗੂ ਰਾਮ ਜੀ ਨੇ ਉੱਤਰੀ-ਭਾਰਤ ਵਿੱਚ ਦਲਿਤ ਅੰਦੋਲਨ ਦੀ ਸ਼ੁਰੂਆਤ ਕੀਤੀ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਹੇਠ 1932 ਈ: ਨੂੰ ਜਦੋਂ ਗਾਂਧੀ ਨੇ ਗੋਲਮੇਜ਼ ਕਾਨਫ਼ਰੰਸ ਲੰਡਨ ਵਿੱਚ ਐਲਾਨ ਕੀਤਾ ਕਿ ਉਹ ਹੀ ਦਲਿਤਾਂ (ਅਛੂਤਾਂ) ਦਾ ਆਗੂ ਹੈ ਤਾਂ ਬਾਬੂ ਮੰਗੂ ਰਾਮ ਜੀ ਨੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੂੰ ਆਪਣਾ ਭਾਵ ਦਲਿਤਾਂ (ਅਛੂਤਾਂ) ਦਾ ਆਗੂ ਮੰਨਿਆ ਅਤੇ ਬਾਬਾ ਸਾਹਿਬ ਦੇ ਹੱਕ ਵਿੱਚ ਤਾਰਾਂ (ਟੈਲੀਗ੍ਰਾਮ) ਭੇਜੀਆਂ ਤੇ ਲਿਖਿਆ ਕਿ ਸਾਡੇ ਅਛੂਤਾਂ ਦੇ ਆਗੂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਹੀ ਹਨ।

### ਸੰਘਰਸ਼ 'ਤੇ ਪੰਛੀ ਝਾਤ

ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਜਾਤ-ਆਧਾਰਿਤ ਵਿਤਕਰੇ ਨੂੰ ਆਪਣੇ ਤਨ-ਮਨ 'ਤੇ ਹੰਢਾਇਆ। 1909 ਈ: ਵਿੱਚ ਯੂ.ਐਸ.ਏ. ਚਲੇ ਗਏ ਅਤੇ ਗ਼ਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾਂ ਦੇ ਸੰਪਰਕ ਵਿੱਚ ਆਏ ਅਤੇ ਇਸ ਲਹਿਰ ਵਿੱਚ ਕੰਮ ਕੀਤਾ ਉਪਰੰਤ ਫਿਲਪਾਈਨ (ਮਨੀਲਾ) ਸ਼੍ਰੀ ਲੰਕਾ ਹੁੰਦੇ ਹੋਏ 1925 ਵਿੱਚ ਵਤਨ ਪਰਤੇ ਅਤੇ ਆਪਣੇ ਪਿੰਡ ਪਹਿਲਾ ਆਦਿ-ਧਰਮ ਪ੍ਰਾਇਮਰੀ ਸਕੂਲ ਖੋਲ੍ਹਿਆ ਅਤੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

ਜਨਵਰੀ 1928 ਈ: ਨੂੰ ਸਾਈਮਨ ਕਮਿਸ਼ਨ ਸਾਹਮਣੇ ਆਪਣਾ ਪੱਖ ਪੇਸ਼ ਕਰਦਿਆਂ ਬਾਬੂ ਮੰਗੂ ਰਾਮ ਨੇ ਸਬੂਤਾਂ ਸਹਿਤ ਦੱਸਿਆ ਕਿ ਉਹ ਆਦਿ-ਧਰਮੀ, ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਨਹੀਂ। ਲੰਮੇ ਸੰਘਰਸ਼ ਅਤੇ ਦਲੀਲਬਾਜ਼ੀ ਤੋਂ ਬਾਅਦ ਦਲਿਤਾਂ ਨੂੰ 'ਆਦਿ-ਧਰਮ' ਜਾਂ 'ਆਦਿ-ਧਰਮੀ' ਹੋਣ ਦਾ ਮਾਣ ਪ੍ਰਾਪਤ ਹੋਇਆ। ਜਨਵਰੀ 1928 ਈ: ਵਿੱਚ 15 ਮੰਨੇ-ਪ੍ਰਮੰਨੇ ਵਿਅਕਤੀਆਂ ਦਾ ਡੈਪੂਟੇਸ਼ਨ ਰੌਇਲ ਕਮਿਸ਼ਨ ਸਾਹਮਣੇ ਪੇਸ਼ ਹੋਇਆ ਸੀ। ਸੰਨ 1929 ਈ: ਵਿੱਚ ਪੰਜਾਬ ਦੇ ਗਵਰਨਰ ਜਲੰਧਰ ਆਏ ਤਾਂ ਬਾਬੂ ਜੀ ਨੇ 300 ਵਿਅਕਤੀਆਂ ਦੇ ਨਾਲ ਉਸ ਨਾਲ ਮੁਲਾਕਾਤ ਕੀਤੀ ਅਤੇ ਮੈਮੋਰੰਡਮ ਦਿੱਤਾ। 1930 ਈ: ਵਿੱਚ ਆਦਿ-ਧਰਮ ਮੰਡਲ ਦਾ ਨਾਮ ਰਜਿਸਟਰਡ ਹੋ ਗਿਆ। 1931 ਈ: ਦੀ ਮਰਦਮਸ਼ੁਮਾਰੀ ਵਿੱਚ ਲੱਖਾਂ ਲੋਕਾਂ ਨੇ ਆਪਣੇ ਆਪ ਨੂੰ ਆਦਿ-ਧਰਮੀ ਲਿਖਵਾਇਆ। ਸੰਨ 1932 ਈ: ਵਿੱਚ ਲੰਡਨ ਗੋਲਮੇਜ਼ ਕਾਨ-ਫਰੰਸ ਦੇ ਦੂਜੇ ਸੈਸ਼ਨ ਵਿੱਚ ਆਦਿ-ਧਰਮ ਮੰਡਲ ਵਲੋਂ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਪੱਖ ਵਿੱਚ 57 ਟੈਲੀ-ਗ੍ਰਾਮਾਂ ਭੇਜੀਆਂ ਗਈਆਂ। ਉਸ ਵੇਲੇ ਗਾਂਧੀ ਦੇ ਮੁਕਾਬਲੇ ਬਾਬਾ ਸਾਹਿਬ ਅੰਬੇਡਕਰ 7 ਵੋਟਾਂ ਨਾਲ ਅਛੂਤਾਂ (ਡਿਪ੍ਰੈੱਸਡ ਕਲਾਸਾਂ) ਦੇ ਆਗੂ ਪ੍ਰਵਾਨੇ ਗਏ।

ਆਦਿ-ਧਰਮ ਮੰਡਲ ਜਲੰਧਰ ਨੇ ਸਪਤਾਹਿਕ 'ਆਦਿ-ਡੰਕਾ' ਅਖ਼ਬਾਰ ਵੀ ਕੱਢਿਆ। ਸੰਨ 1946 ਈ: ਵਿੱਚ ਬਾਬੂ ਜੀ ਐਮ.ਐਲ.ਏ. ਚੁਣੇ ਗਏ। ਫਰੀਡਮ ਫਾਈਟਰ ਤੌਰ 'ਤੇ 15 ਅਗਸਤ 1972 ਨੂੰ ਸ਼੍ਰੀਮਤੀ ਇੰਦਰਾ ਗਾਂਧੀ ਨੇ 'ਪੱਤਰ' ਦੇ ਕੇ ਸਨਮਾਨਿਤ ਕੀਤਾ ਤੇ 200/- ਰੁਪਏ ਮਹੀਨਾ ਪੈਨਸ਼ਨ ਲਗਾਈ। 22 ਮਈ 1977 'ਆਦਿ-ਧਰਮ' ਬ੍ਰਦਰਹੁੱਡ ਯੂ.ਕੇ. ਦੇ ਸੱਦੇ 'ਤੇ 6 ਮਹੀਨੇ ਲਈ ਇੰਗਲੈਂਡ ਦੀ ਯਾਤਰਾ 'ਤੇ ਗਏ। ਅੰਤ 22 ਅਪ੍ਰੈਲ 1980 ਨੂੰ 94 ਸਾਲ ਦੀ ਉਮਰ 'ਚ ਦੇਸ਼, ਦਲਿਤ ਸਮਾਜ ਦਾ ਨਿਧੜਕ ਯੋਧਾ ਸਾਥੋਂ ਸਦਾ ਲਈ ਵਿੱਛੜ ਗਿਆ। ਇਹ ਗਦਰੀ ਆਗੂ, ਬਾਨੀ ਆਦਿ-ਧਰਮ ਅਤੇ ਆਦਿ-ਧਰਮ ਦੀ ਲਹਿਰ, ਸਾਡੇ ਇਤਿਹਾਸ ਦਾ ਇੱਕ ਸ਼ਾਨਦਾਰ ਪੰਨਾ ਹੈ।

## ਮਹਾਂਪੁਰਸ਼ਾਂ ਦਾ ਜਨਮ ਬਿਓਰਾ

1- ਸਿਧਾਰਥ ਗੌਤਮ ਬੁੱਧ
563 ਈਸਾ ਪੂਰਵ ਤੋਂ 483 ਈਸਾ ਪੂਰਵ
2- ਸਮਰਾਟ ਅਸ਼ੋਕ
304 ਈਸਾ ਪੂਰਵ ਤੋਂ 232 ਈਸਾ ਪੂਰਵ
3- ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ
1377 ਈਸਵੀ ਤੋਂ 1528 ਈਸਵੀ
4- ਸਤਿਗੁਰ ਕਬੀਰ ਸਾਹਿਬ ਜੀ
1398 ਈਸਵੀ ਤੋਂ 1518 ਈਸਵੀ
5- ਸ਼੍ਰੀ ਗੁਰੂ ਨਾਨਕ ਦੇਵ ਜੀ
15 ਅਪ੍ਰੈਲ 1469 ਈ: ਤੋਂ 22 ਸਤੰਬਰ 1539 ਈ:
6- ਸ਼੍ਰੀ ਗੁਰੂ ਅਰਜਨ ਦੇਵ ਜੀ
15 ਅਪ੍ਰੈਲ 1563 ਈ: ਤੋਂ 30 ਮਈ 1606 ਈ:
7- ਛਤਰਪਤੀ ਸ਼ਿਵਾਜੀ ਮਹਾਰਾਜ
19 ਫਰਵਰੀ 1630 ਈ: ਤੋਂ 03 ਅਪ੍ਰੈਲ 1680 ਈ:
8- ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
22 ਦਸੰਬਰ 1666 ਈ: ਤੋਂ 07 ਅਕਤੂਬਰ 1708 ਈ:
9- ਮਹਾਤਮਾ ਜਯੋਤੀ ਰਾਓ ਫੂਲੇ
11 ਅਪ੍ਰੈਲ 1827 ਈ: ਤੋਂ 28 ਨਵੰਬਰ 1890 ਈ:
10- ਮਾਤਾ ਸਵਿੱਤਰੀ ਬਾਈ ਫੂਲੇ
03 ਜਨਵਰੀ 1831 ਈ: ਤੋਂ 10 ਮਾਰਚ 1897 ਈ:
11- ਬੀਬੀ ਫ਼ਾਤਿਮਾ ਸ਼ੇਖ਼ ਜੀ
09 ਜਨਵਰੀ 1831 ਈ: ਤੋਂ 09 ਅਕਤੂਬਰ 1900 ਈ:
12- ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ
14 ਅਪ੍ਰੈਲ 1891 ਈ: ਤੋਂ 06 ਦਸੰਬਰ 1956 ਈ:
13- ਮਾਤਾ ਰਮਾਬਾਈ ਅੰਬੇਡਕਰ
07 ਫਰਵਰੀ 1898 ਈ: ਤੋਂ 27 ਮਈ 1935 ਈ:
14- ਬੜੌਦਾ ਨਰੇਸ਼ ਸਯਾਜੀਰਾਓ ਗਾਇਕਵਾੜ
11 ਮਾਰਚ 1863 ਈ: ਤੋਂ 06 ਫਰਵਰੀ 1939 ਈ:
15- ਛਤਰਪਤੀ ਰਾਜਰਸ਼ੀ ਸ਼ਾਹੂ ਜੀ ਮਹਾਰਾਜ ਕੋਹਲਾਪੁਰ
26 ਜੂਨ 1874 ਈ: ਤੋਂ 06 ਮਈ 1922 ਈ:
16- ਕ੍ਰਾਂਤੀਵੀਰ ਬਿਰਸਾ ਮੁੰਡਾ
15 ਨਵੰਬਰ 1875 ਈ: ਤੋਂ 09 ਜੂਨ 1900 ਈ:
17- ਸੰਤ ਗਾਡਗੇ ਮਹਾਰਾਜ
23 ਫਰਵਰੀ 1876 ਈ: ਤੋਂ 20 ਦਸੰਬਰ 1956 ਈ:
18- ਪੇਰੀਆਰ ਇਰੋਡ ਵੈਂਕਟੱਪਾ ਰਾਮਾਸਾਮੀ ਨਾਇਕਰ
17 ਸਤੰਬਰ 1879 ਈ: ਤੋਂ 24 ਦਸੰਬਰ 1973 ਈ:
19- ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ
14 ਜਨਵਰੀ 1886 ਈ: ਤੋਂ 22 ਅਪ੍ਰੈਲ 1980 ਈ:
20- ਪ੍ਰੋਫੈੱਸਰ ਗਿਆਨੀ ਦਿੱਤ ਸਿੰਘ
21 ਅਪ੍ਰੈਲ 1853 ਈ: ਤੋਂ 06 ਸਤੰਬਰ 1901 ਈ:
21- ਸ਼ਹੀਦ ਊਧਮ ਸਿੰਘ ਜੀ
26 ਦਸੰਬਰ 1899 ਈ: ਤੋਂ 31 ਜੁਲਾਈ 1940 ਈ:
22- ਮਾਨਿਅਵਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ
15 ਮਾਰਚ 1934 ਈ: ਤੋਂ 09 ਅਕਤੂਬਰ 2006 ਈ:
23- ਲੋਕ ਕਵੀ ਸੰਤ ਰਾਮ ਉਦਾਸੀ
20 ਅਪ੍ਰੈਲ 1939 ਈ: ਤੋਂ 06 ਨਵੰਬਰ 1986 ਈ:
24- ਵੀਰਾਂਗਨਾ ਫੂਲਨ ਦੇਵੀ
10 ਅਗਸਤ 1963 ਈ: ਤੋਂ 25 ਜੁਲਾਈ 2001 ਈ:



**ਪੇਸ਼ਕਸ਼ - ਜਤਿੰਦਰ ਜੱਸੀ "ਖਮਾਚੋਂ"**
**ਫੋਨ ਨੰਬਰ: 75081-49207**

## ਯੂਪੀ ਦੇ ਗੈਂਗਸਟਰ ਦੀ 'ਮਹਿਮਾਨ ਨਿਵਾਜ਼ੀ' ਕਰਨ ਵਾਲੇ ਮੰਤਰੀਆਂ ਤੋਂ ਖ਼ਰਚਾ ਵਸੂਲਣ ਦੀ ਤਿਆਰੀ: ਮਾਨ


**ਚੰਡੀਗੜ੍ਹ-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਹੈ ਕਿ ਉੱਤਰ ਪ੍ਰਦੇਸ਼ ਦੇ ਅਪਰਾਧੀ ਨੂੰ ਰੋਪੜ ਜੇਲ੍ਹ 'ਚ ਸੁੱਖ- ਸਹੂਲਤਾਂ ਦੇ ਕੇ ਰੱਖਿਆ ਗਿਆ ਸੀ ਤੇ ਉਸ ਖ਼ਿਲਾਫ਼ 48 ਵਾਰ ਵਰੰਟ ਜਾਰੀ ਹੋਣ ਦੇ ਬਾਵਜੂਦ ਪੇਸ਼ ਨਹੀ ਕੀਤਾ ਗਿਆ। ਮੁੱਖ ਮੰਤਰੀ ਨੇ ਟਵੀਟ ਕੀਤਾ ਕਿ ਉਸ ਅਪਰਾਧੀ ਨੂੰ ਬਚਾਉਣ ਲਈ ਰਾਜ ਸਰਕਾਰ ਦੇ ਖਾਤੇ 'ਚੋਂ ਮਹਿੰਗੇ ਵਕੀਲ ਕੀਤੇ ਤੇ ਖਜ਼ਾਨੇ 'ਤੇ 55 ਲੱਖ ਰੁਪਏ ਦਾ ਭਾਰ ਪਾਇਆ ਗਿਆ।

ਉਨ੍ਹਾਂ ਕਿਹਾ,'ਮੈਂ ਲੋਕਾਂ ਦੇ ਟੈਕਸ 'ਚੋਂ ਖ਼ਰਚੇ ਵਾਲੀ ਫ਼ਾਈਲ ਵਾਪਸ ਮੋੜ ਦਿੱਤੀ ਹੈ, ਜਿਹੜੇ ਮੰਤਰੀਆਂ ਦੇ ਹੁਕਮਾਂ 'ਤੇ ਇਹ ਫੈਸਲਾ ਹੋਇਆ ਹੈ, ਖਰਚਾ ਉਨ੍ਹਾਂ ਤੋਂ ਵਸੂਲਣ ਦੀ ਰਵਾਇਤ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।' ਵਰਨਣਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਰਵਾਈ ਪੁਲੀਸ ਜਾਂਚ ਵਿੱਚ ਖੁਲਾਸਾ ਹੋਇਆ ਸੀ ਕਿ ਗੈਂਗਸਟਰ ਤੋਂ ਸਿਆਸਤਦਾਨ ਬਣੇ ਮੁਖਤਾਰ ਅੰਸਾਰੀ ਜਨਵਰੀ 2019 ਤੋਂ ਅਪਰੈਲ 2021 ਤੱਕ ਦੋ ਸਾਲ ਅਤੇ ਤਿੰਨ ਮਹੀਨੇ ਰੋਪੜ ਦੀ ਜੇਲ੍ਹ ਵਿੱਚ ਬੰਦ ਰਿਹਾ। ਕੈਪਟਨ ਅਮਰਿੰਦਰ ਸਿੰਘ ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸਨ।

ਏਡੀਜੀਪੀ ਰੈਂਕ ਦੇ ਅਧਿਕਾਰੀ ਵੱਲੋਂ ਕਰਵਾਈ ਜਾਂਚ ਵਿੱਚ ਕੁਝ ਜੇਲ੍ਹ ਅਧਿਕਾਰੀਆਂ ਖ਼ਿਲਾਫ਼ ਕਥਿਤ ਤੌਰ 'ਤੇ ਰਿਸ਼ਵਤ ਲੈਣ ਅਤੇ ਰੋਪੜ ਜੇਲ੍ਹ ਵਿੱਚ ਰੱਖਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕਾਰਵਾਈ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। 'ਆਪ' ਸਰਕਾਰ ਨੇ ਪਿਛਲੇ ਸਾਲ ਜਾਂਚ ਦੇ ਹੁਕਮ ਦਿੱਤੇ ਸਨ। ਸ੍ਰੀ ਮਾਨ ਨੇ ਅੱਜ ਕਿਹਾ ਕਿ ਉਸ ਖ਼ਿਲਾਫ਼ 48 ਵਾਰ ਵਾਰੰਟ ਜਾਰੀ ਕੀਤੇ ਗਏ ਸਨ ਤਾਂ ਜੋ ਉਸ ਨੂੰ ਉੱਤਰ ਪ੍ਰਦੇਸ਼ ਭੇਜਿਆ ਜਾ ਸਕੇ ਪਰ ਕੋਈ ਫਾਇਦਾ ਨਹੀਂ ਹੋਇਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮੁਫਤ ਦਾ ਲੰਗਰ ਛਕਣਾ ਮਹਿੰਗਾ ਵੀ ਪੈ ਜਾਂਦਾ



ਬਲਰਾਜ ਸਿੰਘ ਸਿੱਧੂ
ਕਮਾਂਡੈਂਟ, ਪੰਡੋਰੀ ਸਿੱਧਵਾਂ
91-95011-00062

ਲੰਗਰ ਲਾਉਣਾ ਪੰਜਾਬੀਆਂ ਨੂੰ ਰੱਬ ਦੀ ਸਭ ਤੋਂ ਵੱਡੀ ਦੇਣ ਹੈ। ਹਰ ਮੇਲੇ, ਮੱਸਿਆ, ਸੰਗਰਾਂਦ, ਪੁੰਨਿਆਂ ਅਤੇ ਖੁਸ਼ੀ ਗਮੀਦੇ ਮੌਕੇ 'ਤੇ ਲੰਗਰ ਜਰੂਰ ਲਗਾਇਆ ਜਾਂਦਾ ਹੈ। ਇਥੋਂ ਤੱਕ ਕਿ ਜੇ ਬਾਰਸ਼ ਨਾ ਹੋਵੇ ਤਾਂ ਬਾਰਸ਼ ਪਵਾਉਣ ਲਈ ਲੰਗਰ ਤੇ ਜੇ ਬਾਰਸ਼ ਜਿਆਦਾ ਹੋ ਜਾਵੇ ਤਾਂ ਬਾਰਸ਼ ਹਟਾਉਣ ਲਈ ਲੰਗਰ। ਕਿਸਾਨ ਅੰਦੋਲਨ ਵੇਲੇ ਕਿਸਾਨਾਂ ਲਈ ਲਗਾਏ ਗਏ ਫਾਈਵ ਸਟਾਰ ਲੰਗਰ ਤਾਂ ਨੈਸ਼ਨਲ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਏ ਸਨ। ਕਈ ਲੋਕਾਂ ਦੇ ਢਿੱਡ ਵਿੱਚ ਇਹ ਵੇਖ ਕੇ ਬੜੀ ਪੀੜ ਹੋਈ ਸੀ ਕਿ ਕਿਸਾਨ ਮਠਿਆਈਆਂ, ਸਮੋਸੇ, ਪਕੌੜੇ, ਪੀਜ਼ੇ, ਬਰਗਰ ਅਤੇ ਨੂਡਲਜ਼ ਆਦਿ ਕਿਉਂ ਖਾ ਰਹੇ ਹਨ ਤੇ ਕਿੱਲੋਆਂ ਦੇ ਕਿੱਲੋ ਡਰਾਈ ਫਰੂਟਦੇ ਫੱਕੇ ਕਿਉਂ ਮਾਰ ਰਹੇ ਹਨ। ਆਮ ਭਾਰਤੀਆਂ ਨੂੰ ਪਤਾ ਹੀ ਨਹੀਂ ਹੈ ਕਿ ਪੰਜਾਬੀਆਂ ਦਾ ਲਿਵਿੰਗ ਸਟੈਂਡਰਡ ਬਾਕੀ ਸੂਬਿਆਂ ਨਾਲੋਂ ਬਹੁਤ ਅਲੱਗ ਹੈ।

ਲੰਗਰਾਂ ਵੇਲੇ ਕਈ ਵਾਰ ਕੁਝ ਹਾਸੋਹੀਣੀਆਂ ਗੱਲਾਂ ਵੀ ਵਾਪਰ ਜਾਂਦੀਆਂ ਹਨ। ਕਈ ਬੰਦਿਆਂ ਨੂੰ ਲੰਗਰ ਵਿੱਚ ਸੇਵਾ ਕਰਨ ਦਾ ਬਹੁਤ ਸ਼ੌਂਕ ਹੁੰਦਾ ਹੈ। ਕਿਤੇ ਵੀ ਦੂਰ ਨੇੜੇ ਲੰਗਰ ਲੱਗਾ ਹੋਵੇ, ਜਰੂਰ ਪਹੁੰਚਦੇ ਹਨ ਤੇ ਦਾਲ ਵਾਲੀ ਬਾਲਟੀ ਜਾਂ ਰੋਟੀਆਂ ਵਾਲੀ ਟੋਕਰੀ ਪਕੜ ਲੈਂਦੇ ਹਨ। ਸਭ ਨੇ ਨੋਟ ਕੀਤਾ ਹੋਵੇਗਾ ਕਿ ਲੰਗਰਾਂ ਵਿੱਚ ਸੰਬੋਧਨ ਕਰਨ ਲੱਗਿਆਂ ਇਸਤਰੀ ਲਿੰਗ ਦੀ ਵਰਤੋਂ ਨਹੀਂ ਕੀਤੀ ਜਾਂਦੀ। ਪਾਣੀ ਨੂੰ ਜਲ, ਰੋਟੀ ਨੂੰ ਪ੍ਰਸ਼ਾਦਾ ਅਤੇ ਦਾਲ ਨੂੰ ਦਾਲਾ ਕਿਹਾ ਜਾਂਦਾ ਹੈ। ਜਦੋਂ ਮੈਂ ਮਲੋਟ ਐਸ।ਪੀ। ਲੱਗਾ ਹੋਇਆ ਸੀ ਤਾਂ ਮੇਰੇ ਇੱਕ ਮਾਨ ਨਾਮਕ ਗੰਨਮੈਨ ਨੂੰ ਲੰਗਰਾਂ ਵਿੱਚ ਸੇਵਾ ਕਰਨ ਦਾ ਬਹੁਤ ਸ਼ੌਂਕ ਸੀ। ਨਾਲੇ ਤਾਂ ਉਸ ਨੇ ਲੰਗਰਾਂ ਵਿੱਚ ਸੇਵਾ ਕਰਨੀ ਤੇ ਨਾਲੇ ਬਾਕੀ ਗੰਨਮੈਨਾਂ ਵਾਸਤੇ ਖੁਲ੍ਹਾ ਰਾਸ਼ਨ ਲੈ ਕੇ ਆਉਣਾ। ਗੰਨਮੈਨਾਂ ਨੇ ਵੀ ਉਸ ਨੂੰ ਇਸ ਕੰਮ ਵਾਸਤੇ ਵਿਹਲਾ ਰੱਖਣਾ ਤੇ ਉਸ ਦੀ ਡਿਊਟੀ ਖੁਦ ਕਰ ਲੈਣੀ। ਉਹ ਥਾਣੇ ਲੰਬੀ ਦੀ ਹੱਦ ਨਾਲ ਲੱਗਦੇ ਹਰਿਆਣੇ ਅਤੇ ਰਾਜਸਥਾਨ ਤੱਕ ਮਾਰ ਕਰਦਾ ਸੀ।

ਕਈ ਵਾਰ ਮੁਫਤ ਦਾ ਲੰਗਰ ਛਕਣਾ ਮਹਿੰਗਾ ਵੀ ਪੈ ਜਾਂਦਾ ਹੈ। ਕਈ ਸਾਲ ਪਹਿਲਾਂ ਮੇਰੀ ਫਤਿਹਗੜ੍ਹ ਸਾਹਿਬ ਸ਼ਹੀਦੀ ਮੇਲੇ ਵਿੱਚ ਡਿਊਟੀ ਲੱਗੀ ਹੋਈ ਸੀ। ਪੰਜਾਬ ਦੇ ਸਾਰੇ



ਮੇਲਿਆਂ ਨਾਲੋਂ ਉਥੋਂ ਦੀ ਡਿਊਟੀ ਪੁਲਿਸ ਨੂੰ ਜਿਆਦਾ ਪਸੰਦ ਆਉਂਦੀ ਹੈ। ਇੱਕ ਤਾਂ ਮੌਸਮ ਵਧੀਆ ਹੁੰਦਾ ਹੈ ਤੇ ਦੂਸਰਾ ਉਥੇ ਭਿੰਨ ਭਿੰਨ ਪ੍ਰਕਾਰ ਦੇ ਲੰਗਰ ਲੱਗਦੇ ਹਨ। ਮੇਰੇ ਨਾਲ ਪਟਿਆਲੇ ਦਾ ਇੱਕ ਡੀ।ਐਸ।ਪੀ। ਵੀ ਡਿਊਟੀ ਕਰ ਰਿਹਾ ਸੀ। ਅਸੀਂ ਗੱਡੀਆਂ ਇੱਕ ਲੰਗਰ ਦੇ ਨਜ਼ਦੀਕ ਖੜੀਆਂ ਕੀਤੀਆਂ ਹੋਈਆਂ ਸਨ। ਉਸ ਲੰਗਰ ਦਾ ਖਾਣਾ ਕੁਝ ਜਿਆਦਾ ਹੀ ਸਵਾਦ ਸੀ। ਮੇਰੇ ਤੇ ਉਸ ਡੀ।ਐਸ।ਪੀ। ਦੇ ਗੰਨਮੈਨਾਂ ਸਮੇਤ ਅਸੀਂ ਕੋਈ 7 – 8 ਬੰਦੇ ਸੀ। ਅਸੀਂ ਉਸ ਲੰਗਰ ਵਿੱਚੋਂ ਦਿਨ ਵਿੱਚ 2 – 3 ਵਾਰ ਲੰਗਰ ਛਕਿਆ ਪਰ ਲੰਗਰ ਦੀ ਸੇਵਾ ਵਾਸਤੇ ਇੱਕ ਪੈਸਾ ਵੀ ਭੇਂਟ ਨਾ ਕੀਤਾ। ਉਸ ਲੰਗਰ ਦੇ ਪ੍ਰਬੰਧਕ ਸਾਡੇ ਵੱਲ ਕੌੜਾ ਕੌੜਾ ਝਾਕਣ। ਉੱਪਰੋਂ ਸਿਤਮ ਇਹ ਕਿ ਜਦੋਂ ਸ਼ਾਮੀਂ ਡਿਊਟੀ ਖਤਮ ਹੋਈ ਤਾਂ ਉਸ ਡੀ।ਐਸ।ਪੀ। ਨੇ ਲੰਗਰ ਘਰ ਲਿਜਾਣ ਲਈ ਵੱਡਾ ਸਾਰਾ ਟਿਫਨ ਕੱਢ ਲਿਆ ਤੇ ਪੰਜ ਛੇ ਬੰਦਿਆਂ ਦੇ ਖਾਣ ਜੋਗਾ ਰਾਸ਼ਨ ਪੈਕ ਕਰਵਾ ਲਿਆ। ਖਿਝੇ ਖਪੇ ਪ੍ਰਬੰਧਕਾਂ ਨੇ ਉਹ ਟਿਫਨ ਵੀ ਭਰ ਦਿੱਤਾ।

ਅਗਲੇ ਦਿਨ ਅਸੀਂ ਫਿਰ ਡਿਊਟੀ ਵਾਸਤੇ ਇਕੱਠੇ ਹੋਏ ਤਾਂ ਮੈਂ ਵੇਖਿਆ ਕਿ ਡੀ।ਐਸ।ਪੀ ਰੋਣਹਾਕਾ ਹੋਇਆ ਪਿਆ ਹੈ। ਮੈਂ ਕਾਰਣ ਪੁੱਛਿਆ ਤਾਂ ਕਹਿਣ ਲੱਗਾ ਕਿ ਮੇਰੇ ਨਾਲ ਇਸ ਲੰਗਰ ਵਾਲਿਆ ਨੇ ਬਹੁਤ ਮਾੜਾ ਕੀਤਾ ਹੈ। ਇਹਨਾਂ ਨੇ ਲੰਗਰ ਪੈਕ ਕਰਨ ਲੱਗਿਆਂ ਦਾਲ ਵਾਲੇ ਡੱਬੇ ਵਿੱਚ ਲਾਲ ਮਿਰਚਾਂ ਦੀ ਕੜਛੀ ਪਾ ਦਿੱਤੀ ਸੀ। ਮੇਰੀ ਪਤਨੀ ਨੇ ਇੱਕ ਹੀ ਬੁਰਕੀ ਲਾਈ ਤੇ ਚੀਕਾਂ ਮਾਰਨ ਲੱਗ ਪਈ। ਮੈਂ ਹੱਸਦੇ ਹੋਏ ਕਿਹਾ ਕਿ ਇਹਨਾਂ ਨੇ ਬਿਲਕੁਲ ਠੀਕ ਕੀਤਾ ਹੈ। ਆਪਾਂ ਕਲ੍ਹ ਲੰਗਰ ਵਿੱਚ ਇੱਕ ਦੁਆਨੀ ਵੀ ਭੇਂਟ ਨਹੀਂ ਕੀਤੀ, ਸੱਤਾਂ ਅੱਠਾਂ ਬੰਦਿਆਂ ਨੇ ਤਿੰਨ ਤਿੰਨ ਵਾਰ ਲੰਗਰ ਛੱਕਿਆ ਤੇ ਉੱਪਰੋਂ ਤੂੰ ਘਰ ਵਾਸਤੇ ਵੀ ਪੈਕ ਕਰਵਾ ਲਿਆ। ਇਸ ਤੋਂ ਬਾਅਦ ਪੰਜ ਸੌ ਰੁਪਏ ਮੈਂ ਪਾਏ, ਪੰਜ ਸੌ ਰੁਪਏ ਡੀ।ਐਸ।ਪੀ। ਤੋਂ ਪਵਾਏ ਤੇ ਨਾਲ ਗੰਨਮੈਨਾਂ ਕੋਲੋਂ ਸ਼ਰਧਾ ਮੁਤਾਬਕ ਤਿਲ ਫੁੱਲ ਲੈ ਕੇ ਲੰਗਰ ਵਿੱਚ ਭੇਂਟ ਕੀਤੇ। ਫਿਰ ਕਿਤੇ ਜਾ ਕੇ ਸਾਡੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ।

ਕਿਸੇ ਘਰ ਕੁਝ ਅਮਲੀ ਇੱਕਠੇ ਹੋ ਕੇ ਦਾਰੂ ਸਿੱਕਾ ਛਕ ਰਹੇ ਸਨ ਤੇ ਉਹਨਾਂ ਨੇ ਬੱਕਰਾ ਬਣਾਇਆ ਹੋਇਆ ਸੀ। ਜਿਸ ਅਮਲੀ ਦੇ ਘਰ ਪ੍ਰੋਗਰਾਮ ਚੱਲ ਰਿਹਾ ਸੀ, ਉਸ ਦੀ ਪਤਨੀ ਉਸ ਦੀਆਂ ਕਰਤੂਤਾਂ ਤੋਂ ਦੁਖੀ ਹੋ ਕੇ ਪਹਿਲਾਂ ਹੀ ਉਸ ਨੂੰ ਛੱਡ ਕੇ ਜਾ ਚੁੱਕੀ ਸੀ। ਜਦੋਂ ਸ਼ਰਾਬ ਦਾ ਦੌਰ ਖਤਮ ਹੋਇਆ ਤਾਂ ਰੋਟੀ ਖਾਣ ਦਾ ਸਮਾਂ ਹੋ ਗਿਆ।

ਹੁਣ ਘਰ ਵਿੱਚ ਜਨਾਨੀ ਹੋਵੇ ਤਾਂ ਰੋਟੀ ਪਕਾਵੇ। ਉਹਨਾਂ ਦੇ ਘਰ ਦੇ ਨਜ਼ਦੀਕ ਹੀ ਕਿਸੇ ਬਹੁਤ ਹੀ ਕੱਟੜ ਧਾਰਮਿਕ ਸੰਸਥਾ ਨੇ ਲੰਗਰ ਲਗਾਇਆ ਹੋਇਆ ਸੀ। ਦੋ ਅਮਲੀ ਉਥੋਂ ਰੋਟੀਆਂ ਲੈਣ ਲਈ ਚਲੇ ਗਏ। ਦਾਰੂ ਦੀ ਮੁਸ਼ਕ ਮਾਰਦੇ ਅਮਲੀਆਂ ਨੂੰ ਸੇਵਾਦਾਰਾਂ ਨੇ ਨੱਕ ਮੂੰਹ ਵੱਟ ਕੇ ਰੋਟੀਆਂ ਪੋਣੇ ਵਿੱਚ ਵਲੇਟ ਦਿੱਤੀਆਂ। ਜਦੋਂ ਅਮਲੀ ਤੁਰਨ ਲੱਗੇ ਤਾਂ ਇੱਕ ਸੇਵਾਦਾਰ ਨੇ ਕਿਹਾ ਕਿ ਭਾਈ ਦਾਲ ਤਾਂ ਲੈ ਲਉ, ਰੋਟੀਆਂ ਸੁੱਕੀਆਂ ਕਿਵੇਂ ਖਾਉਗੇ? ਇੱਕ ਅਮਲੀ ਸਿਆਣਾ ਜਿਹਾ ਬਣ ਕੇ ਕਹਿਣ ਲੱਗਾ, "ਦਾਲ ਦੀ ਲੋੜ ਨਹੀਂ ਬਾਬਾ ਜੀ, ਘਰੇ ਬੱਕਰਾ ਬਣਿਆ ਹੋਇਆ ਹੈ।" ਪਹਿਲਾਂ ਹੀ ਅਮਲੀਆਂ ਦੇ ਮੂੰਹ ਵਿੱਚੋਂ ਆਉਂਦੀ ਮੁਸ਼ਕ ਤੋਂ ਸੜੇ ਬਲੇ ਸੇਵਾਦਾਰਾਂ ਨੇ ਐਨਾ ਸੁਣਦੇ ਹੀ ਉਹਨਾਂ ਨੂੰ ਬੱਕਰੇ ਵਾਂਗ ਢਾਹ ਲਿਆ ਤੇ ਕੁੱਟ ਕੁੱਟ ਕੇ ਬਾਂਦਰ ਬਣਾ ਦਿੱਤਾ।

# ਪੰਜਾਬ ਵਿਚ ਫੁੱਟਬਾਲ ਖੇਡ ਦੀ ਸਥਿਤੀ ਵਿਚ ਸੁਧਾਰ ਲਿਆਉਣ ਦੀ ਲੋੜ

ਚਰਨਜੀਤ ਸਿੰਘ

ਪੰਜਾਬ ਵਿਚ ਫੁੱਟਬਾਲ ਖੇਡ ਦੀ ਸਥਿਤੀ ਨੂੰ ਸੁਧਾਰਨ ਅਤੇ ਇਸ ਖੇਡ ਦਾ ਮਿਆਰ ਉੱਚਾ ਚੁੱਕਣ ਲਈ ਇਸ ਖੇਡ ਨਾਲ ਜੁੜੇ ਲੋਕ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਨ। ਫੁੱਟਬਾਲ ਦੀ ਬਿਹਤਰੀ ਲਈ ਪੰਚਾਇਤਾਂ ਨੂੰ ਆਪਣੇ ਪਿੰਡਾਂ ਦੇ ਸਕੂਲਾਂ 'ਚ ਟੀਮਾਂ ਬਣਾਉਣ ਲਈ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਨਾਲ ਮਿਲ ਕੇ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਹਰ ਪਿੰਡ ਦੇ ਸਕੂਲ ਵਿਚ ਫੁੱਟਬਾਲ ਦੀ ਇਕ ਟੀਮ ਤਿਆਰ ਕੀਤੀ ਜਾ ਸਕੇ। ਬਾਕੀ ਹੁੰਦਾ ਹੈ, ਜਿਸ ਵਿਚ ਕਈ ਸੰਸਥਾਵਾਂ ਦੀਆਂ ਟੀਮਾਂ ਭਾਗ ਲੈਂਦੀਆਂ ਹਨ ਅਤੇ ਉਨ੍ਹਾਂ ਨੂੰ ਖਿਡਾਰੀਆਂ 'ਤੇ ਕਾਫ਼ੀ ਖਰਚਾ ਕਰਨਾ ਪੈਂਦਾ ਹੈ ਪਰ ਉਨ੍ਹਾਂ ਨੂੰ ਉਸ ਦਾ ਬਹੁਤਾ ਫਾਇਦਾ ਨਹੀਂ ਹੁੰਦਾ। ਪੰਜਾਬ ਲੀਗ ਟੂਰਨਾਮੈਂਟ ਜੋ ਸੰਤੋਸ਼ ਟਰਾਫੀ ਲਈ ਚੋਣ ਦਾ ਮਿਆਰ ਹੈ, ਇਸ ਵਿਚ ਵੀ ਜ਼ਿਆਦਾਤਰ ਵਿਭਾਗੀ ਖਿਡਾਰੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਜੋ ਚੋਣ ਕਮੇਟੀ ਪੰਜਾਬ ਫੁੱਟਬਾਲ ਸੰਘ ਨੇ ਬਣਾਈ ਹੈ। ਉਹ ਖਿਡਾਰੀਆਂ ਦੀ ਚੋਣ ਤਾਂ ਕਰਦੇ ਹਨ ਪਰ ਉਹ ਸਾਰੇ



ਸਭ ਤੋਂ ਵੱਧ ਜ਼ਿੰਮੇਵਾਰੀ ਜ਼ਿਲ੍ਹਾ ਫੁੱਟਬਾਲ ਸੰਘ ਦੀ ਬਣਦੀ ਹੈ ਕਿ ਉਹ ਸਮੇਂ-ਸਮੇਂ 'ਤੇ ਪਿੰਡਾਂ ਦੇ ਸਰਪੰਚਾਂ ਅਤੇ ਫੁੱਟਬਾਲ ਕਲੱਬਾਂ ਦੇ ਪ੍ਰਧਾਨਾਂ ਨੂੰ ਬੁਲਾ ਕੇ ਮੁਲਾਕਾਤ ਕਰਨ ਤਾਂ ਜੋ ਫੁੱਟਬਾਲ ਦੀ ਬਿਹਤਰੀ ਲਈ ਚੰਗੇ ਉਪਰਾਲੇ ਕੀਤੇ ਜਾ ਸਕਣ ਪਰ ਇਸ ਵਿਚ ਵੀ ਜ਼ਿਲ੍ਹਾ ਫੁੱਟਬਾਲ ਸੰਘ ਬਹੁਤ ਪਛੜ ਰਹੇ ਹਨ। ਜ਼ਿਲ੍ਹਾ ਫੁੱਟਬਾਲ ਸੰਘ ਦਾ ਕੰਮ ਆਪਣੇ ਜ਼ਿਲ੍ਹੇ ਦੇ ਫੁੱਟਬਾਲ ਨੂੰ ਸੁਚੱਜੇ ਢੰਗ ਨਾਲ ਚਲਾਉਣਾ ਹੁੰਦਾ ਹੈ ਅਤੇ ਹਰ ਸਾਲ ਜ਼ਿਲ੍ਹਾ ਫੁੱਟਬਾਲ ਟੂਰਨਾਮੈਂਟ ਕਰਵਾਉਣੇ ਹੁੰਦੇ ਹਨ, ਜੋ ਕਿ ਨਹੀਂ ਹੋ ਰਹੇ। ਜੇਕਰ ਕੋਈ ਜ਼ਿਲ੍ਹਾ ਇਹ ਟੂਰਨਾਮੈਂਟ ਕਰਵਾਉਂਦਾ ਵੀ ਹੈ ਤਾਂ ਉਹ ਲਗਾਤਾਰ ਨਹੀਂ ਕਰਵਾਉਂਦੇ। ਪੰਜਾਬ ਰਾਜ ਫੁੱਟਬਾਲ ਖੇਡ ਜੋ ਕਿ ਪੰਜਾਬ ਰਾਜ ਫੁੱਟਬਾਲ ਸੰਘ ਕਰਵਾਉਂਦਾ ਹੈ, ਉਸ ਵਿਚ ਜ਼ਿਲ੍ਹਾ ਸੰਘ ਦੀ ਟੀਮ ਨੇ ਭਾਗ ਲੈਣਾ ਹੁੰਦਾ ਹੈ। ਉਸ ਵਿਚ ਵੀ ਕਈ ਜ਼ਿਲ੍ਹਿਆਂ ਦੀਆਂ ਟੀਮਾਂ ਭਾਗ ਨਹੀਂ ਲੈਂਦੀਆਂ। ਪੰਜਾਬ ਰਾਜ ਅੰਡਰ 14, 17, 19 ਅਤੇ ਸੀਨੀਅਰ ਚੈਂਪੀਅਨਸ਼ਿਪ ਕਰਵਾਉਣ ਦਾ ਕੋਈ ਵੀ ਸਮਾਂ ਨਹੀਂ ਹੁੰਦਾ। ਇਹ ਖੇਡਾਂ ਉਸ ਸਮੇਂ ਹੋਣੀਆਂ ਚਾਹੀਦੀਆਂ ਹਨ, ਜਦੋਂ ਪੰਜਾਬ ਦੀ ਟੀਮ ਨੇ ਕੌਮੀ ਖੇਡਾਂ 'ਚ ਭਾਗ ਲੈਣਾ ਹੋਵੇ ਅਤੇ ਇਸ ਵਿਚੋਂ ਹੀ ਪੰਜਾਬ ਰਾਜ ਦੀ ਫੁੱਟਬਾਲ ਟੀਮ ਦੀ ਚੋਣ ਹੋਣੀ ਚਾਹੀਦੀ ਹੈ ਤਾਂ ਜੋ ਖਿਡਾਰੀ ਇਸ ਵਿਚ ਜੋਸ਼ ਨਾਲ ਭਾਗ ਲੈਣ ਅਤੇ ਇਨ੍ਹਾਂ ਖੇਡਾਂ ਨੂੰ ਤਰਜੀਹ ਦੇਣ। ਇਸੇ ਤਰ੍ਹਾਂ ਪੰਜਾਬ ਵਿਚ ਕਲੱਬਾਂ ਦਾ ਪੰਜਾਬ ਸੁਪਰ ਲੀਗ ਟੂਰਨਾਮੈਂਟ ਟੂਰਨਾਮੈਂਟ ਨੂੰ ਦੇਖਣ 'ਚ ਅਸਮਰੱਥ ਹੁੰਦੇ ਹਨ। ਉਹ ਇਕ ਮੈਚ ਦੇਖ ਕੇ ਕਿਸੇ ਵੀ ਖਿਡਾਰੀ ਦੇ ਪੱਧਰ ਦਾ ਮੁਲਾਂਕਣ ਨਹੀਂ ਕਰ ਸਕਦੇ। ਪੰਜਾਬ ਦੇ ਸਾਰੇ ਕਾਲਜਾਂ ਵਿਚ, ਕੱਲਬਾਂ ਵਿਚ ਖੇਡੇ ਹੋਏ ਖਿਡਾਰੀ ਕੋਚ ਲੱਗੇ ਹੋਏ ਹਨ, ਉਹ ਜ਼ਿਆਦਾਤਰ ਸਾਰੇ ਮੈਚ ਦੇਖਣ ਜਾਂਦੇ ਹਨ। ਉਨ੍ਹਾਂ ਨੂੰ ਸਾਰੇ ਖਿਡਾਰੀਆਂ ਦੇ ਪੱਧਰ ਦੀ ਵਧੇਰੇ ਜਾਣਕਾਰੀ ਹੁੰਦੀ ਹੈ।

ਉਨ੍ਹਾਂ ਸਾਰਿਆਂ ਦੀ ਕਮੇਟੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕੋਲੋਂ ਚੁਣੀ ਟੀਮ ਦੀ ਸੂਚੀ ਲੈ ਕੇ ਖਿਡਾਰੀਆਂ ਨੂੰ ਕੈਂਪ ਲਈ ਚੁਣਨਾ ਚਾਹੀਦਾ ਹੈ ਤਾਂ ਜੋ ਇਕ ਨਿਰਪੱਖ ਚੋਣ ਕੀਤੀ ਜਾ ਸਕੇ। ਪਰ ਕੁਝ ਕੈਂਪਾਂ ਵਿਚ ਇਹੋ ਜਿਹੇ ਖਿਡਾਰੀ ਵੀ ਹੁੰਦੇ ਹਨ, ਜਿਨ੍ਹਾਂ ਨੇ ਪੂਰੀ ਲੀਗ 'ਚ ਭਾਗ ਨਹੀਂ ਲਿਆ ਹੁੰਦਾ ਅਤੇ ਉਨ੍ਹਾਂ ਦੀ ਸੰਤੋਸ਼ ਟਰਾਫ਼ੀ ਜਾਂ ਹੋਰ ਰਾਜ ਪੱਧਰ ਕੈਂਪ ਵਿਚ ਚੋਣ ਹੋ ਜਾਂਦੀ ਹੈ, ਜੋ ਕਿ ਨਹੀਂ ਹੋਣੀ ਚਾਹੀਦੀ। ਉੱਥੇ ਕੋਚ ਨੂੰ ਬੜੀ ਇਮਾਨਦਾਰੀ ਨਾਲ ਚੋਣ ਕਰਨੀ ਚਾਹੀਦੀ ਹੈ। ਕਿਸੇ ਵੇਲੇ ਖਿਡਾਰੀ ਘੱਟ ਉਮਰ ਦਾ ਹੋਣ ਕਾਰਨ ਉਸ ਨੂੰ ਮੌਕਾ ਨਹੀਂ ਦਿੱਤਾ ਜਾਂਦਾ ਪਰ ਜੇਕਰ ਉਹ 17 ਜਾਂ 18 ਸਾਲ ਦਾ ਚੰਗਾ ਖਿਡਾਰੀ ਹੈ ਤਾਂ ਉਸ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਇਹ ਸਭ ਸੋਚਣਾ ਪੈਣਾ ਹੈ ਕਿ ਕਿਸ ਤਰ੍ਹਾਂ ਟੀਮ ਦਾ ਭਲਾ ਕਰੀਏ। ਇਹ ਕੰਮ ਕਿਸੇ ਇਕੱਲੇ ਬੰਦੇ ਦਾ ਨਹੀਂ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਪੈਣਾ ਹੈ ਤਾਂ ਹੀ ਪੰਜਾਬ ਦੇ ਫੁੱਟਬਾਲ ਦਾ ਭਲਾ ਹੋ ਸਕਦਾ ਹੈ।

# ਅੰਨਾਪੂਰਨਾ ਪ੍ਰਬਤ ਦੀ ਟੀਸੀ 'ਤੇ ਨੇਪਾਲੀ ਬਚਾਓ ਦਲ ਨੇ ਬਚਾਈ ਬਲਜੀਤ ਕੌਰ ਦੀ ਜਾਨ

## ਜੀ.ਪੀ.ਐਸ ਦੀ ਮਦਦ ਨਾਲ ਲੱਭ ਕੇ ਏਅਰ ਐਂਬੂਲੈਂਸ ਰਾਹੀ ਪਹੁੰਚਾਇਆ ਹਸਪਤਾਲ

ਪਰਮਜੀਤ ਸਿੰਘ ਬਾਗੜੀਆ

ਦੇਸ਼ ਦੀ ਉੱਘੀ ਪ੍ਰਬਤਾਰੋਹੀ ਲੜਕੀ ਬਲਜੀਤ ਕੌਰ ਨੂੰ ਆਪਣੀ ਮਾਊਂਟ ਅੰਨਾਪੂਰਨਾ ਮੁਹਿੰਮ ਦੌਰਾਨ ਆਕਸੀਜਨ ਦੀ ਘਾਟ ਕਰਕੇ ਮੌਤ ਨਾਲ ਜੂਝਦੀ ਨੂੰ ਨੇਪਾਲ ਦੇ ਬਚਾਅ ਦਲਾਂ ਨੇ ਹੈਲੀਕਾਪਟਰ ਦੀ ਰਾਹੀਂ ਕਾਠਮੰਡੂ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਹਿਮ-ਾਚਲ ਦੇ ਸੋਲਨ ਨੇੜਲੇ ਪਿੰਡ ਮਮਲੀਗ ਦੀ ਜੰਮਪਲ ਬਲਜੀਤ ਕੌਰ ਵਿਸ਼ਵ ਦੀ 10ਵੀਂ ਸਭ ਤੋਂ ਉੱਚੀ ਪ੍ਰਬਤ ਚੋਟੀ ਅੰਨਾਪੂਰਨਾ (8091 ਮੀ.) ਨੂੰ ਬਿਨਾ ਆਕਸੀਜਨ ਦੀ ਸਹਾਇਤਾ ਲਏ ਸਰ ਕਰਨ ਦਾ ਨਵਾਂ ਰਿਕਾਰਡ ਬਣਾਉਣਾ ਚਾਹੁੰਦੀ ਸੀ। ਇਸ ਤੋਂ ਪਹਿਲਾਂ ਉਹ 2022 ਵਿਚ ਦੁਨੀਆ ਦੀ ਸਭ ਤੋਂ ਉੱਚੀ ਪ੍ਰਬਤ ਚੋਟੀ ਮਾਊਂਟ ਐਵਰੈਸਟ 8848 ਮੀ.) ਸਮੇਤ 8000 ਮੀ. ਤੋਂ ਵੱਧ ਉਚਾਈ ਵਾਲੀਆਂ ਅੰਨਾਪੂਰਨਾ, ਕੰਚਨਜੰਗਾ, ਲਹੋਤਸੇ ਅਤੇ ਮਾਊਂਟ ਮਕਾਲੂ ਸਰ ਕਰ ਚੁੱਕੀ ਹੈ ਜੋ ਉਸਨੇ ਆਕਸੀਜਨ ਦੀ ਵਰਤੋਂ ਕਰਦਿਆਂ ਜਿੱਤੀਆਂ। ਪਰ ਬਲਜੀਤ ਕੌਰ ਨੂੰ ਇਨਹਾਂ ਚੋਟੀਆਂ ਨੂੰ ਬਿਨਾ ਆਕਸੀਜਨ ਦੀ ਸਹਾਇਤਾ ਲਏ ਮੁੜ ਜਿੱਤਣ ਦਾ ਜਨੂੰਨ ਸੀ ਜਿਸ ਤਹਿਤ ਉਹ 8163 ਮੀ. ਉੱਚੀ ਪਹਾੜੀ ਮਾਊਂਟ ਮਨਾਸਲੂ ਨੂੰ ਵੀ 30/09/22 ਨੂੰ ਬਿਨਾ ਆਕਸੀਜਨ ਸਰ ਕਰ ਚੁੱਕੀ ਸੀ। ਬਲਜੀਤ ਕੌਰ ਦੀ ਅੰਨਾਪੂਰਨਾ ਪ੍ਰਬਤਾਰੋਹਣ ਮੁਹਿੰਮ ਨਾਲ ਜੁੜੇ ਪ੍ਰਬੰਧਕਾਂ ਦਾ ਦੱਸਣਾ ਹੈ ਕਿ ਬਲਜੀਤ ਕੌਰ ਨੇ ਅੰਨਾਪੂਰਨਾ ਦਾ ਸ਼ਿਖਰ ਤਾਂ ਛੂਹ ਲਿਆ ਸੀ ਪਰ ਵਾਪਸੀ ਮੌਕੇ 7300 ਮੀ. ਦੀ ਉਚਾਈ 'ਤੇ ਆਕਸੀਜਨ ਦੀ ਘਾਟ ਨਾਲ ਉਸਦਾ ਸਾਹ ਉਖੜਨ ਲੱਗਾ ਤਾਂ ਸਾਥੀ ਸ਼ੇਰਪਾ ਨੇ ਹੇਠਲੇ ਬੇਸ ਕੈਂਪ ਵਿਚੋਂ ਆਕਸੀਜਨ ਸਿਲੰਡਰ ਲਿਆਉਣ ਦੀ ਕੋਸ਼ਿਸ ਕੀਤੀ ਜਿਸ ਵਿਚ ਹੋਈ ਦੇਰੀ ਨੇ ਬਲਜੀਤ ਕੌਰ ਦੀ ਜਾਨ ਖਤਰੇ ਵਿਚ ਪਾ ਦਿੱਤੀ। ਏਨੇ ਨੂੰ ਬਲਜੀਤ ਕੌਰ ਦਾ 'ਮੈਨੂੰ ਬਚਾਓ' ਦੀ ਅਪੀਲ ਤੋਂ ਬਾਅਦ ਮੁਹਿੰਮ ਆਯੋਜਕਾਂ ਨਾਲ ਰੇਡੀਓ ਸੰਪਰਕ ਟੁੱਟ ਗਿਆ । ਨੇਪਾਲੀ ਬਚਾਓ ਦਲ ਨੇ ਜੀ.ਪੀ.ਐਸਪ ਦੀ ਮਦਦ ਨਾਲ ਬਲਜੀਤ ਦੀ ਨਿਸ਼ਾਨਦੇਹੀ ਕੀਤੀ ਅਤੇ ਬੇਸੁਧ ਬਲਜੀਤ ਨੂੰ ਕਾਠਮੰਡੂ ਦੇ ਹਸਪਤਾਲ ਵਿਚ ਪਹੁੰਚਾਇਆ ਜਿੱਥੇ ਉਸਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ ਅਸੀਂ ਬਲਜੀਤ ਕੌਰ ਦੀ ਹਸਪਤਾਲ ਵਿਚ ਜੇਰੇ ਇਲਾਜ ਦੀ ਤਸਵੀਰ ਵੀ ਸਾਂਝੀ ਕਰ ਰਹੇ ਹਾਂ।



ਆਪਣੀ ਇਸ ਬਿਨਾ ਆਕਸੀਜਨ ਵਾਲੀ ਪ੍ਰਬਤਰੋਹੀ ਮੁਹਿੰਮ ਦੌਰਾਨ ਉਹ ਮੇਰੇ ਨਾਲ ਲਗਾਤਾਰ ਜੁੜੀ ਰਹੀ 14-15 ਅਪ੍ਰੈਲ ਤੱਕ ਵੀ ਬਲਜੀਤ ਦੀ ਸ਼ੋਸਲ ਮੀਡੀਆ 'ਤੇ ਗਤੀਵਿਧੀ ਹੁੰਦੀ ਰਹੀ। ਮੇਰੇ ਸਮੇਤ ਉਸਦੇ ਬਹੁਤੇ ਜਾਣਕਾਰਾਂ, ਸਾਥੀਆਂ ਅਤੇ ਸਪਾਂਸਰਾਂ ਨੇ ਬਲਜੀਤ ਵਲੋਂ ਬਿਨਾ ਆਕਸੀਜਨ ਦੇ ਵਿਸ਼ਵ ਦੀਆਂ ਉੱਚੀਆ ਚੋਟੀਆਂ ਸਰ ਕਰਨ ਦੇ ਵਿਚਾਰ ਨੂੰ ਬਹੁਤਾ ਚੰਗਾ ਨਹੀਂ ਸਮਝਿਆ ਗਿਆ ਸਾਰੇ ਵਿਸ਼ਵ ਦੀ ਪ੍ਰਸਿੱਧ ਪ੍ਰਬਤਰੋਹੀ ਬਲਜੀਤ ਕੌਰ ਦੀ ਸੁਖ ਸਲਾਮਤੀ ਚਾਹੁੰਦੇ ਸਨ ਅਤੇ ਬਲਜੀਤ ਵਲੋਂ ਬਿਨਾ ਆਕਸੀਜਨ ਦੇ ਉਚੇ ਪਹਾੜ ਸਰ ਕਰਨ ਦੇ ਖਤਰੇ ਦੇ ਹਾਮੀ ਨਹੀਂ ਬਣਨਾ ਚਾਹੁੰਦੇ ਸਨ। ਪਰ ਬਲਜੀਤ ਨੇ ਕਿਸੇ ਦੀ ਨਹੀਂ ਸੁਣੀ। ਉੱਚੇ ਸ਼ਿਖਰ ਜਿੱਤਦੀ-ਜਿੱਤਦੀ ਉਹ ਗਲੇਸ਼ੀਅਰਾਂ ਨਾਲ ਮੱਥਾ ਲਾਉਂਦੀ ਹੋਈ ਇਕ ਵਾਰ ਫਿਰ ਜਾਨਲੇਵਾ ਖਤਰਿਆਂ ਨੂੰ ਪਛਾੜ ਗਈ।

ਸਰਕਾਰਾਂ ਨੌਜਵਾਨਾਂ ਲਈ ਬੜਾ ਕੁਝ ਕਰਨ ਦੀਆਂ ਡੀਗਾਂ ਹਮੇਸ਼ਾ ਮਾਰਦੀਆਂ ਹਨ ਪਰ ਬਲਜੀਤ ਕੌਰ ਜੋ ਗ੍ਰੈਜੂਏਟ ਹੋਣ ਦੇ ਨਾਲ ਨਾਲ ਇਕ ਸਫਲ ਪ੍ਰਬਤਾਰੋਹੀ, ਇਕ ਜਿਮ ਟਰੈਨਰ, ਇਕ ਕਾਬਲ ਯੋਗਾ ਅਤੇ ਮੈਡੀਟੇਸ਼ਨ ਟੀਚਰ ਅਤੇ ਅਲਟਰਾ ਮੈਰਾਥਨ ਰਨਰ ਹੈ ਲਈ ਪਿਛਲੀ ਜੈਰਾਮ ਠਾਕੁਰ ਸਰਕਾਰ, ਹੁਣ ਦੀ ਸੁਖਵਿੰਦਰ ਸੁਖੂ ਸਰਕਾਰ ਤੋਂ ਕੁਝ ਨਹੀਂ ਸਰਿਆ।ਉਹ ਦਿੱਲੀ ਵਿਚ ਹਿਮਾਚਲ ਤੋਂ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੂੰ ਵੀ ਮਿਲੀ ਪਰ ਕਿਸੇ ਨੇ ਇਸ ਹੋਣਹਾਰ ਅਤੇ ਲੜਕੀਆਂ ਪ੍ਰੇਰਰਨਾ ਬਣੀ ਬਲਜੀਤ ਕੌਰ ਨੂੰ ਰੁਜਗਾਰ ਦੇਣ ਦੀ ਹਾਮੀ ਨਹੀਂ ਭਰੀ। ਜੇਕਰ ਹਿਮਾਚਲ ਸਰਕਾਰ ਨੇ ਉਸਨੂੰ ਨੌਕਰੀ ਦਿੱਤੀ ਹੁੰਦੀ ਤਾਂ ਉਹ ਪ੍ਰਬਤਾਰੋਹਣ ਜਿਹੇ ਜਾਨ ਜੋਖਿਮ ਵਿਚ ਪਾਉਣ ਵਾਲੇ ਸਫ਼ਰ ਦੀ ਪਾਂਧੀ ਬਣਨ ਲਈ ਮਜਬੂਰ ਨਾ ਹੁੰਦੀ।

# ਫਿਲਮੀ ਕਲਾਕਾਰ ਮਧੂਬਾਲਾ ਦੀਆਂ ਦਿਲਚਸਪ ਜੀਵਨ ਕਥਾਵਾਂ

**ਕੈਲਾਸ਼ ਸਿੰਘ**

ਮੁਮਤਾਜ਼ ਜਹਾਂ ਬੇਗ਼ਮ ਦੇਹਲਵੀ ਛੋਟੀ ਉਮਰ ਤੋਂ ਸ਼ੀਸ਼ੇ ਸਾਹਮਣੇ ਗਾਉਣ ਤੇ ਨੱਚਣ ਦਾ ਬੜਾ ਸ਼ੌਕ ਸੀ। ਉਹ ਹਮੇਸ਼ਾ ਆਪਣੇ ਪਿਤਾ ਅਤਾਉੱਲਾਹ ਖਾਨ ਨੂੰ ਕਹਿੰਦੀ ਹੁੰਦੀ ਸੀ, 'ਅੱਬਾ, ਮੈਂ ਫ਼ਿਲਮਾਂ ਵਿਚ ਜਾਣਾ ਹੈ।' ਪਰ ਆਪਣੇ ਪੁਰਾਣੇ ਖਿਆਲਾਂ ਤੇ ਵਿਚਾਰਾਂ ਕਾਰਨ ਅਤਾਉੱਲਾਹ ਖਾਨ ਨੂੰ ਫਿਲਮਾਂ ਤੋਂ ਨਫ਼ਰਤ ਸੀ। ਇਸ ਦੇ ਬਾਵਜੂਦ ਜ਼ਿੰਦਗੀ ਦੀ ਆਪਣੀ ਯੋਜਨਾ ਸੀ। ਅਤਾਉੱਲਾਹ ਖਾਨ ਦੀ ਨੌਕਰੀ ਚਲੀ ਗਈ ਅਤੇ ਉਸ ਨੂੰ ਰੁਜ਼ਗਾਰ ਲਈ ਮੁੰਬਈ ਜਾਣਾ ਪਿਆ। ਜਦੋਂ ਕੋਈ ਨੌਕਰੀ ਨਾ ਮਿਲੀ ਤਾਂ ਉਹ 9 ਸਾਲ ਦੀ ਬੇਬੀ ਮੁਮਤਾਜ਼ ਨੂੰ ਲੈ ਕੇ ਵੱਖ-ਵੱਖ ਸਟੂਡੀਓ ਦੇ ਚੱਕਰ ਲਗਾਉਣ ਲੱਗੇ। 14 ਫਰਵਰੀ, 1933 ਨੂੰ ਦਿੱਲੀ ਵਿਚ ਜਨਮੀ ਬੇਬੀ ਮੁਮਤਾਜ਼ ਨੂੰ ਬਾਲ ਕਲਾਕਾਰ ਦੇ ਰੂਪ ਵਿਚ ਫਿਲਮ 'ਬਸੰਤ' (1942) ਵਿਚ ਕੰਮ ਮਿਲ ਗਿਆ ਅਤੇ 13 ਸਾਲ ਦੀ ਉਮਰ ਵਿਚ ਉਹ ਰਾਜ ਕਪੂਰ ਦੇ ਸਾਹਮਣੇ ਫ਼ਿਲਮ 'ਨੀਲ ਕਮਲ' (1947) ਵਿਚ ਮੁੱਖ ਅਦਾਕਾਰਾ ਬਣੀ, ਨਵੇਂ ਨਾਂਅ ਮਧੂਬਾਲਾ ਨਾਲ। ਫਿਰ ਵੀ ਅਤਾਉੱਲਾਹ ਖਾਨ ਨੂੰ ਉਮੀਦ ਨਹੀਂ ਸੀ ਕਿ ਉਸ ਦੀ ਬੇਟੀ ਵੱਡਾ ਸਿਤਾਰਾ ਬਣੇਗੀ ਪਰ 'ਮਹੱਲ' (1949) ਨੇ ਮਧੂਬਾਲਾ ਨੂੰ ਰਾਤੋ-ਰਾਤ ਬਹੁਤ ਵੱਡੀ ਸਟਾਰ ਬਣਾ ਦਿੱਤਾ। ਉਹ ਉਸ ਸਮੇਂ 16 ਸਾਲ ਦੀ ਸੀ।

1960 ਵਿਚ ਦੱਖਣ ਭਾਰਤ ਵਿਚ ਇਕ ਫਿਲਮ ਦੀ ਸ਼ੂਟਿੰਗ ਕਰਦੇ ਹੋਏ ਮਧੂਬਾਲਾ ਨੂੰ ਪਹਿਲੀ ਵਾਰ ਖ਼ੂਨ ਦੀ ਉਲਟੀ ਆਈ। ਇਲਾਜ ਲਈ ਉਹ ਅਗਲੇ ਦਿਨ ਆਪਣੇ ਪਤੀ ਕਿਸ਼ੋਰ ਕੁਮਾਰ ਦੇ ਨਾਲ ਲੰਡਨ ਗਈ। ਕਿਸੇ ਨੂੰ ਨਹੀਂ ਪਤਾ ਸੀ ਕਿ ਉਸ ਦੇ ਦਿਲ ਵਿਚ ਸੁਰਾਖ ਹੈ। ਡਾਕਟਰਾਂ ਨੇ ਕਿਹਾ ਕਿ ਆਪ੍ਰੇਸ਼ਨ ਸਫ਼ਲ ਨਹੀਂ ਹੋਵੇਗਾ। ਇਸ ਤੋਂ ਵੀ ਦੁੱਖ ਵਾਲੀ ਗੱਲ ਇਹ ਸੀ ਕਿ ਡਾਕਟਰਾਂ ਅਨੁਸਾਰ 27 ਸਾਲ ਦੀ ਨੌਜਵਾਨ ਮਧੂਬਾਲਾ ਕੋਲ ਜ਼ਿੰਦਗੀ ਦੇ ਸਿਰਫ਼ ਦੋ ਸਾਲ ਬਾਕੀ ਰਹਿ ਗਏ ਸਨ। ਮਧੂਬਾਲਾ ਨੇ ਭਾਰਤ ਵਿਚ ਵੀ ਅਨੇਕ ਡਾਕਟਰਾਂ ਨਾਲ ਵਿਚਾਰ ਕੀਤਾ, ਪਰ ਸਭ ਨੇ ਉਸ ਦੇ ਡਰ ਦੀ ਹੀ ਪੁਸ਼ਟੀ ਕੀਤੀ। ਉਸ ਨੂੰ ਫਿਲਮਾਂ ਤੋਂ ਬ੍ਰੇਕ ਲੈਣ ਲਈ ਕਿਹਾ ਗਿਆ, ਪਰ ਕਾਫ਼ੀ ਫਿਲਮਾਂ ਪੂਰੀਆਂ ਕਰਨੀਆਂ ਸਨ। ਮਧੂਬਾਲਾ ਨੇ ਬਿਮਾਰੀ ਦੀ ਹਾਲਤ ਵਿਚ ਹੀ 'ਮੁਗ਼ਲ-ਏ-ਆਜ਼ਮ' (1960) ਦੇ ਗੀਤ ਤੇ ਕੁਝ ਦ੍ਰਿਸ਼ ਪੂਰੇ ਕੀਤੇ। ਇਸ ਫਿਲਮ ਨੂੰ ਪੂਰਾ ਹੋਣ ਵਿਚ ਨੌਂ ਸਾਲ ਲੱਗੇ ਸਨ ਅਤੇ ਉਹ ਦੌਰ ਮਧੂਬਾਲਾ ਦੇ ਦਰਦ ਵਾਲਾ ਸੀ। ਉਨ੍ਹਾਂ ਸਾਲਾਂ ਵਿਚ ਉਹ ਗੀਤਾ ਦੱਤ ਤੇ ਵਹੀਦਾ ਰਹਿਮਾਨ ਨੂੰ ਛੱਡ ਕੇ ਮੁਸ਼ਕਿਲ ਨਾਲ ਹੀ ਫਿਲਮ ਉਦਯੋਗ ਦੇ ਕਿਸੇ ਵਿਅਕਤੀ ਨੂੰ ਮਿਲਦੀ ਸੀ। ਉਹ ਨਹੀਂ ਚਾਹੁੰਦੀ ਸੀ ਕਿ ਬਿਮਾਰੀ ਦੀ ਹਾਲਤ ਵਿਚ ਕੋਈ ਉਸ ਨੂੰ ਦੇਖੇ। ਉਨ੍ਹਾਂ ਦੇ ਜੀਵਨ ਦੇ ਆਖ਼ਰੀ ਸਾਲਾਂ ਵਿਚ ਦਿਨ-ਰਾਤ ਉਸ ਦੇ ਨਾਲ ਉਸ ਦੀ ਭੈਣ ਮਧੁਰ ਭੂਸ਼ਣ (ਜ਼ਾਹਿਦਾ) ਹੀ ਰਹਿੰਦੀ ਸੀ। 23 ਫਰਵਰੀ, 1969 ਨੂੰ ਸਿਰਫ਼ 36 ਸਾਲ ਦੀ ਉਮਰ ਵਿਚ ਮਧੂਬਾਲਾ ਦੀ ਮੁੰਬਈ ਵਿਚ ਮੌਤ ਹੋ ਗਈ।




ਮਧੂਬਾਲਾ ਦੀ ਮੌਤ ਨੂੰ 54 ਸਾਲ ਹੋ ਗਏ ਹਨ। ਏਨਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਮਧੂਬਾਲਾ ਨੂੰ ਉਸ ਦੀ ਸੁੰਦਰਤਾ ਲਈ ਯਾਦ ਕੀਤਾ ਜਾਂਦਾ ਹੈ। ਉਹ ਏਨੀ ਸੁੰਦਰ ਸੀ ਕਿ ਉਸ ਨੂੰ ਮੇਕਅੱਪ ਦੀ ਜ਼ਰੂਰਤ ਹੀ ਨਹੀਂ ਪੈਂਦੀ ਸੀ। ਮਧੂਬਾਲਾ ਦੀ ਸੁੰਦਰਤਾ ਕਾਰਨ ਉਸ ਦੀਆਂ ਭੈਣਾਂ ਨੂੰ ਉਸ ਦੇ ਕੋਲ ਬੈਠਣ ਵਿਚ ਝਿਜਕ ਮਹਿਸੂਸ ਹੁੰਦੀ ਸੀ। ਪਰ ਉਹ ਇਹ ਕਹਿ ਕੇ ਸਥਿਤੀ ਨੂੰ ਸਹਿਜ ਕਰਦੀ, 'ਮੈਂ ਤਾਂ ਅਦਾਕਾਰਾ ਹਾਂ ਨਾ, ਇਸ ਲਈ ਲੋਕ ਮੈਨੂੰ ਮੁੜ-ਮੁੜ ਕੇ ਦੇਖਦੇ ਹਨ। ਤੁਸੀਂ ਅਦਾਕਾਰਾ ਬਣ ਜਾਓਗੀਆਂ ਤਾਂ ਤੁਹਾਨੂੰ ਵੀ ਲੋਕ ਮੁੜ-ਮੁੜ ਕੇ ਦੇਖਣ ਲੱਗਣਗੇ।'

ਫਿਲਹਾਲ, ਮਧੁਰ ਦਾ ਕਹਿਣਾ ਹੈ ਕਿ ਮਧੂਬਾਲਾ ਦਾ ਮਹੱਤਵ ਉਸ ਦੀ ਸੁੰਦਰਤਾ ਤੋਂ ਕਿਤੇ ਜ਼ਿਆਦਾ ਹੈ। ਬਾਹਰ ਦੀ ਦੁਨੀਆ ਲਈ ਉਹ ਇਕ ਰਹੱਸ ਜ਼ਰੂਰ ਸੀ ਪਰ ਅਸਲ ਜੀਵਨ ਵਿਚ ਉਹ ਆਪਣੀਆਂ ਭੈਣਾਂ ਨਾਲ ਬਹੁਤ ਮਸਤੀ ਕਰਦੀ ਸੀ, ਕਦੀ ਵਾਲ ਕੱਟ ਦਿੰਦੀ, ਕਦੀ ਕੁਝ ਕਰ ਦਿੱਤਾ ਤੇ ਕਦੀ ਕੁਝ। ਉਸ ਨੂੰ ਆਈਸਕ੍ਰੀਮ ਖਾਣਾ ਤੇ ਸੰਗੀਤ ਸੁਣਨਾ ਚੰਗਾ ਲਗਦਾ ਸੀ। ਉਹ ਥੀਏਟਰ ਵਿਚ ਬੁਰਕਾ ਪਾ ਕੇ ਫਿਲਮਾਂ ਦੇਖਣ ਜਾਂਦੀ ਸੀ। ਜੇਕਰ ਤੁਸੀਂ ਉਸ ਨੂੰ ਪਹਿਲਾਂ ਨਾ ਮਿਲੇ ਹੁੰਦੇ ਤਾਂ ਤੁਹਾਨੂੰ ਲਗਦਾ ਹੀ ਨਹੀਂ ਕਿ ਉਹ ਅਦਾਕਾਰਾ ਹੈ। ਉਹ ਕਦੀ ਆਪਣੇ-ਆਪ ਨੂੰ ਸਟਾਰ ਮਹਿਸੂਸ ਨਹੀਂ ਕਰਦੀ ਸੀ ਅਤੇ ਨਾ ਹੀ ਸਟਾਰ ਦੀ ਤਰ੍ਹਾਂ ਨਖ਼ਰੇ ਕਰਦੀ ਸੀ। ਮਧੂਬਾਲਾ ਜਿਸ ਨੂੰ ਪਿਆਰ ਕਰਦੀ ਤੇ ਭਰੋਸਾ ਕਰਦੀ, ਉਸ ਤੋਂ ਉਸ ਨੂੰ ਅਕਸਰ ਧੋਖਾ ਹੀ ਮਿਲਿਆ, ਇਸ ਲਈ ਉਸ ਨੂੰ ਲਗਦਾ ਸੀ ਕਿ 'ਸਪਨਾ ਮੇਰਾ ਟੂਟ ਗਯਾ' ਗੀਤ ਉਸ ਦੇ ਜੀਵਨ ਨੂੰ ਪ੍ਰਗਟਾਉਂਦਾ ਹੈ। ਮਧੁਰ ਦਾ ਇਹ ਵੀ ਕਹਿਣਾ ਹੈ ਕਿ 'ਮਧੂਬਾਲਾ ਨੂੰ ਰੋਜ਼ ਇਹ ਉਮੀਦ ਰਹਿੰਦੀ ਸੀ ਕਿ ਉਸ ਨੂੰ ਕੋਈ ਡਾਕਟਰ ਇਹ ਦੱਸੇ ਕਿ ਉਸ ਦੇ ਰੋਗ ਦਾ ਇਲਾਜ ਮਿਲ ਗਿਆ ਹੈ। ਉਹ ਜਿਊਣਾ ਚਾਹੁੰਦੀ ਸੀ। ਹਾਂ, ਅਸੀਂ ਕਿਸਮਤ ਨੂੰ ਬਦਲ ਨਹੀਂ ਸਕਦੇ, ਪਰ ਜੇਕਰ ਉਸ ਨੂੰ ਉਨ੍ਹਾਂ ਲੋਕਾਂ ਤੋਂ ਬਦਲੇ ਵਿਚ ਪਿਆਰ ਮਿਲਦਾ, ਜਿਨ੍ਹਾਂ ਨੂੰ ਉਹ ਪਿਆਰ ਕਰਦੀ ਸੀ ਤਾਂ ਮੈਂ ਸਮਝਦੀ ਹਾਂ ਕਿ ਉਸ ਨੂੰ ਆਪਣੇ ਰੋਗ ਨਾਲ ਲੜਨ ਲਈ ਜ਼ਿਆਦਾ ਤਾਕਤ ਮਿਲ ਜਾਂਦੀ ਅਤੇ ਉਹ ਜ਼ਿਆਦਾ ਦਿਨ ਜਿਊਂਦੀ ਰਹਿ ਜਾਂਦੀ।'

ਇਸ ਲਈ ਮਧੁਰ ਨਾ ਸਿਰਫ਼ ਮਧੂਬਾਲਾ ਦੀ ਆਤਮਕਥਾ 'ਨਾਈਨ ਯੀਅਰਜ਼ ਆਫ਼ ਮਧੂਬਾਲਾ' ਲਿਖ ਰਹੀ ਹੈ, ਸਗੋਂ ਉਸ ਦੀ ਬਾਇਓਪਿਕ ਬਣਾਉਣ ਦੀ ਵੀ ਲੰਮੇ ਸਮੇਂ ਤੋਂ ਕੋਸ਼ਿਸ਼ ਕਰ ਰਹੀ ਹੈ, ਜਿਸ ਵਿਚ ਲਗਾਤਾਰ ਰੁਕਾਵਟਾਂ ਆ ਰਹੀਆਂ ਹਨ, ਖ਼ਾਸ ਕਰਕੇ ਇਸ ਲਈ ਕਿ ਮਧੂਬਾਲਾ ਦੀਆਂ ਹੋਰ ਭੈਣਾਂ ਨੂੰ ਬਾਇਓਪਿਕ 'ਤੇ ਇਤਰਾਜ਼ ਹੈ। ਇਸੇ ਵਜ੍ਹਾ ਕਰਕੇ ਫਿਲਮਕਾਰ ਇਮਤਿਆਜ਼ ਅਲੀ ਨੇ ਬਾਇਓਪਿਕ ਦੇ ਅਧਿਕਾਰ ਲੈਣ ਦੇ ਬਾਵਜੂਦ ਦੋ ਸਾਲ ਪਹਿਲਾਂ ਸਮਝੌਤਾ ਰੱਦ ਕਰ ਦਿੱਤਾ ਸੀ। ਮਧੁਰ ਨੇ ਫਿਰ ਵੀ ਹਿੰਮਤ ਨਹੀਂ ਹਾਰੀ ਹੈ। ਉਹ ਕਹਿੰਦੀ ਹੈ, 'ਮੇਰੀਆਂ ਭੈਣਾਂ ਦੇ ਇਤਰਾਜ਼ ਕਾਰਨ ਫਿਲਹਾਲ ਬਾਇਓਪਿਕ ਬਣਾਉਣ ਦੇ ਕੰਮ 'ਚ ਖੜੋਤ ਆ ਗਈ ਹੈ। ਮੈਨੂੰ ਉਨ੍ਹਾਂ ਦੇ ਇਤਰਾਜ਼ ਅਜੀਬ ਲਗਦੇ ਹਨ।। ਅਸੀਂ ਉਸ (ਮਧੂਬਾਲਾ) ਦਾ ਨਮਕ ਖਾਧਾ ਹੈ। ਬਾਇਓਪਿਕ ਬਣਾਉਣ ਦਾ ਵਿਚਾਰ ਮੇਰੇ ਅਧਿਆਤਮਿਕ ਗੁਰੂ ਦਾ ਸੀ ਅਤੇ ਉਨ੍ਹਾਂ ਦੀ ਮਦਦ ਨਾਲ ਮੈਂ ਇਹ ਬਣਾ ਕੇ ਰਹਾਂਗੀ।'

ਮਧੂਬਾਲਾ ਦੀਆਂ ਭੈਣਾਂ ਸ਼ਾਇਦ ਉਸ ਦੀ ਬਾਇਓਪਿਕ ਇਸ ਲਈ ਨਹੀਂ ਬਣਾਉਣ ਦੇਣਾ ਚਾਹੁੰਦੀਆਂ ਕਿਉਂਕਿ ਮਧੂਬਾਲਾ ਦੇ ਕਈ ਮਰਦਾਂ ਨਾਲ 'ਸੰਬੰਧ' ਰਹੇ ਸਨ। ਉਸ ਦਾ ਨਾਂਅ ਕਮਾਲ ਅਮਰੋਹੀ, ਪ੍ਰੇਮਨਾਥ, ਦਿਲੀਪ ਕੁਮਾਰ ਆਦਿ ਨਾਲ ਜੁੜਿਆ। ਪਰ ਮਧੁਰ ਦਾ ਕਹਿਣਾ ਹੈ, 'ਮਧੂਬਾਲਾ ਏਨੀ ਸੁੰਦਰ ਸੀ ਕਿ ਉਸ ਲਈ ਮਰਦਾਂ ਨਾਲ ਸੰਪਰਕ ਕਰਨਾ ਬਹੁਤ ਆਸਾਨ ਸੀ। ਪ੍ਰੇਮਨਾਥ ਉਸ ਨਾਲ ਵਿਆਹ ਵੀ ਕਰਨਾ ਚਾਹੁੰਦਾ ਸੀ, ਪਰ ਮਧੂਬਾਲਾ ਦਾ ਨੌਂ ਸਾਲ ਤਕ ਦਿਲੀਪ ਕੁਮਾਰ ਨਾਲ ਪ੍ਰੇਮ ਰਿਹਾ ਅਤੇ ਬਹੁਤ ਹੀ ਖਰਾਬ ਤੋੜ-ਵਿਛੋੜੇ ਤੋਂ ਬਾਅਦ ਉਸ ਨੇ ਕਿਸ਼ੋਰ ਕੁਮਾਰ ਨਾਲ ਵਿਆਹ ਕਰਾ ਲਿਆ।' ਵਰਨਣਯੋਗ ਹੈ ਕਿ ਦਿਲੀਪ ਕੁਮਾਰ ਤੇ ਮਧੂਬਾਲਾ ਫ਼ਿਲਮ 'ਨਯਾ ਦੌਰ' (1957) ਲਈ ਸ਼ੂਟਿੰਗ ਕਰ ਰਹੇ ਸਨ। ਨਿਰਮਾਤਾ ਬੀ।ਆਰ। ਚੋਪੜਾ ਨੇ ਆਊਟਡੋਰ ਸ਼ੂਟਿੰਗ ਰੱਖੀ, ਜਿਥੇ ਅਤਾਉੱਲਾਹ ਖਾਨ ਨੇ ਮਧੂਬਾਲਾ ਨੂੰ ਜਾਣ ਤੋਂ ਰੋਕ ਦਿੱਤਾ। ਗੱਲ ਅਦਾਲਤ ਤੱਕ ਪਹੁੰਚੀ। ਦਿਲੀਪ ਕੁਮਾਰ ਨੇ ਨਿਰਮਾਤਾ ਦਾ ਪੱਖ ਲਿਆ। ਇਸ ਦੇ ਬਾਵਜੂਦ ਮਧੂਬਾਲਾ ਚਾਹੁੰਦੀ ਸੀ ਕਿ ਦਿਲੀਪ ਕੁਮਾਰ ਉਨ੍ਹਾਂ ਦੇ ਪਿਤਾ ਤੋਂ ਮੁਆਫ਼ੀ ਮੰਗਣ। ਦਿਲੀਪ ਕੁਮਾਰ ਨੇ ਅਜਿਹਾ ਕਰਨ ਤੋਂ ਮਨ੍ਹਾਂ ਕਰ ਦਿੱਤਾ।

ਇਸ ਤਰ੍ਹਾਂ ਦੋਵਾਂ ਦੇ ਸੰਬੰਧ ਖਰਾਬ ਹੋ ਗਏ। ਮਧੂਬਾਲਾ ਨੇ ਫ਼ਿਲਮ 'ਨਯਾ ਦੌਰ' ਛੱਡ ਦਿੱਤੀ। ਮਧੁਰ ਕਹਿੰਦੀ ਹੈ, 'ਸਾਨੂੰ ਦਿਲੀਪ ਸਾਹਿਬ ਨਾਲ ਕੋਈ ਸ਼ਿਕਾਇਤ ਨਹੀਂ ਹੈ। ਜੇਕਰ ਉਹ ਮੇਰੇ ਅੱਬਾ ਤੋਂ ਮੁਆਫ਼ੀ ਮੰਗ ਲੈਂਦੇ ਤਾਂ ਮਧੂ ਆਪਾ ਸ੍ਰੀਮਤੀ ਦਿਲੀਪ ਕੁਮਾਰ ਬਣ ਜਾਂਦੀ।'

# ਬੱਚਿਆਂ ਲਈ ਪੜ੍ਹਾਈ ਦੇ ਨਾਲ ਨਾਲ ਨੈਤਿਕ ਸਿੱਖਿਆ ਕਿਉਂ ਜਰੂਰੀ?

## (ਹੁਸ਼ਿਆਰ ਅਤੇ ਸਿਆਣੇ ਬੱਚੇ ਕਿਵੇਂ ਬਣੀਏ?)

ਅੱਜ ਬੇਸ਼ੱਕ ਕੋਈ ਬੱਚਾ ਪੜ੍ਹਾਈ ਵਿੱਚ ਕਿੰਨ੍ਹਾਂ ਵੀ ਹੁਸ਼ਿਆਰ ਹੋਵੇ, ਮੈਰਿਟ ਵਿੱਚ ਆਇਆ ਹੋਵੇ ਪਰ ਜੇਕਰ ਉਸ ਬੱਚੇ ਨੂੰ ਨੈਤਿਕ ਕਦਰਾਂ ਕੀਮਤਾਂ ਦੀ ਜਾਣਕਮਾਤਾ ਪਿਤਾ ਚਾਹੁੰਦਾ ਹੈ ਕਿ ਉਹਨਾਂ ਦਾ ਬੱਚਾ ਸਿਆਣਾ ਬਣੇ, ਉਹਨਾਂ ਦੀ ਇੱਜਤ ਕਰੇ, ਚੰਗੇ ਗੁਣਾਂ ਨਾਲ ਭਰਪੂਰ ਹੋਵੇ, ਹਰ ਖੇਤਰ ਵਿੱਚ ਮੱਲਾਂ ਮਾਰੇ। ਹਰੇਕ ਮਾਤਾ ਪਿਤਾ ਦੀ ਕੋਸ਼ਿਸ਼ ਹੁੰਦੀ ਹੈ ਕਿ ਬੱਚਿਆਂ ਨੂੰ ਵਧੀਆ ਤੋਂ ਵਧੀਆ ਸਿੱਖਿਆ ਦਿੱਤੀ ਜਾਵੇ ਤਾਂ ਕਿ ਉਹ ਚੰਗੇ ਇਨਸਾਨ ਬਣ ਸਕਣ। ਵਿੱਦਿਅਕ ਸੰਸਥਾਵਾਂ ਵਿੱਚ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਉਹਨਾਂ ਦੇ ਸਿਲੇਬਸ ਅਨੁਸਾਰ ਤਾਂ ਸਿੱਖਿਆ ਦਿੱਤੀ ਹੀ ਜਾਂਦੀ ਹੈ ਤਾਂ ਕਿ ਬੱਚੇ ਪ੍ਰੀਖਿਆਵਾਂ ਵਿੱਚ ਚੰਗੇ ਅੰਕ ਪ੍ਰਾਪਤ ਕਰਕੇ ਅੱਗੇ ਵੱਧ ਸਕਣ। ਇਸਦੇ ਨਾਲ ਨਾਲ ਹਰ ਚੰਗੇ ਅਧਿਆਪਕ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ ਵੀ ਜਰੂਰ ਦੇਵੇ ਤਾਂ ਕਿ ਬੱਚੇ ਨੈਤਿਕ ਕਦਰਾਂ



ਕੀਮਤਾਂ ਤੋਂ ਜਾਣੂ ਹੋ ਕੇ ਜਿੰਦਗੀ ਜਿਉਣ ਦੀ ਜਾਂਚ ਸਿੱਖ ਸਕਣ। ਨੈਤਿਕ ਸਿੱਖਿਆ ਵਿੱਚ ਬੱਚਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਆਪਣੇ ਘਰਾਂ ਪਰਿਵਾਰਾਂ ਵਿੱਚ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਛੋਟਿਆਂ ਨਾਲ ਪਿਆਰ ਨਾਲ ਰਹਿਣਾ ਚਾਹੀਦਾ ਹੈ। ਸਵੇਰੇ ਉੱਠ ਕੇ ਵਾਹਿਗੁਰੂ ਦਾ ਸ਼ੁਕਰਾਨਾ ਜਰੂਰ ਕਰਨਾ ਚਾਹੀਦਾ ਹੈ, ਸਾਰੇ ਪਰਿਵਾਰ ਨੂੰ ਨਮਸਕਾਰ, ਸਤਿ ਸ੍ਰੀ ਅਕਾਲ, ਪ੍ਰਣਾਮ ਆਦਿ ਜਰੂਰ ਕੀਤਾ ਜਾਵੇ। ਖਾਲੀ ਪੇਟ ਤਾਜੇ ਪਾਣੀ ਦੇ ਘੱਟੋ ਘੱਟ ਦੋ ਗਲਾਸ ਪਾਣੀ ਜਰੂਰ ਪੀਣਾ ਚਾਹੀਦਾ ਹੈ। ਸਵੇਰ ਸਮੇਂ ਥੋੜ੍ਹੀ ਸੈਰ ਅਤੇ ਕਸਰਤ ਵੀ ਕਰਨੀ ਜਰੂਰੀ ਹੈ। ਰੋਜ਼ਾਨਾ ਦੰਦਾਂ ਨੂੰ ਬੁਰਸ਼ ਜਾਂ ਦਾਤਣ ਨਾਲ ਸਾਫ਼ ਕਰਕੇ, ਇਸ਼ਨਾਨ ਕਰਕੇ, ਨਾਸ਼ਤਾ ਆਦਿ ਖਾ ਕੇ ਪੂਰੀ ਵਰਦੀ ਵਿੱਚ ਸਕੂਲ ਆਉਣਾ ਚਾਹੀਦਾ ਹੈ। ਹਰ ਅਧਿਆਪਕ ਦਾ ਲੈਕਚਰ ਬੜੇ ਧਿਆਨ ਨਾਲ ਸੁਣ ਕੇ, ਸਮਝ ਕੇ ਰੋਜ਼ਾਨਾ ਆਪਣਾ ਸਕੂਲ ਦਾ ਕੰਮ ਸਮੇਂ ਸਿਰ ਕਰਦੇ ਰਹਿਣਾ ਹੈ। ਅਧਿਆਪਕਾਂ ਦਾ ਵੀ ਸਤਿਕਾਰ ਕਰਨਾ ਹੈ, ਅਗਰ ਕੋਈ ਰਿਸ਼ਤੇਦਾਰ, ਗੁਆਂਢੀ, ਦੋਸਤ ਘਰ ਆਵੇ ਤਾਂ ਉਸਨੂੰ ਵੀ ਆਦਰ ਸਤਿਕਾਰ ਨਾਲ ਬੁਲਾ ਕੇ ਚਾਹ ਪਾਣੀ ਆਦਿ ਪਿਲਾ ਕੇ ਅਟੈਂਡ ਕਰਨਾ ਚਾਹੀਦਾ ਹੈ। ਆਪਣੇ ਮਾਤਾ ਪਿਤਾ, ਦਾਦਾ ਦਾਦੀ, ਚਾਚਾ ਚਾਚੀ, ਤਾਇਆ ਤਾਈ, ਭੂਆ, ਮਾਸੀ ਆਦਿ ਨੂੰ ਜੀ ਕਹਿ ਕੇ ਬੁਲਾਉਣਾ ਚਾਹੀਦਾ ਹੈ। ਆਪਣੀ ਕਲਾਸ ਦੀਆਂ ਕੁੜੀਆਂ ਨੂੰ ਭੈਣ ਅਤੇ ਮੁੰਡਿਆਂ ਨੂੰ ਵੀਰ ਕਹਿ ਕੇ ਬੁਲਾਉਣਾ ਚਾਹੀਦਾ ਹੈ। ਚੋਰੀ ਅਤੇ ਝੂਠ ਬੋਲਣ ਦੀ ਆਦਤ ਤੋਂ ਬਚ ਕੇ ਰਹਿਣਾ ਹੈ। ਸਮੇਂ ਸਿਰ ਵਧੀਆ ਭੋਜਨ ਖਾਣਾ ਚਾਹੀਦਾ ਹੈ। ਤਲੀਆਂ ਹੋਈਆਂ ਚੀਜਾਂ, ਕੁਰਕਰੇ, ਚਿਪਸ, ਚੌਕਲੇਟ ਆਦਿ ਨਹੀਂ ਖਾਣੀਆਂ ਚਾਹੀਦੀਆਂ। ਸਾਫ਼ ਸੁਥਰੇ ਫਲ, ਸਲਾਦ, ਹਰੀਆਂ ਸਬਜੀਆਂ, ਦਾਲਾਂ, ਦੁੱਧ, ਮੱਖਣ, ਲੱਸੀ, ਪਨੀਰ, ਬਦਾਮ ਆਦਿ ਚੀਜਾਂ ਜਰੂਰ ਖਾਣੀਆਂ ਚਾਹੀਦੀਆਂ ਹਨ।



**ਪ੍ਰਮੋਦ ਧੀਰ (ਜੈਤੋ ਮੰਡੀ)**
**91-98550-31081**

ਬੁਰੀ ਸੰਗਤ ਤੋਂ ਬਿਲਕੁਲ ਬਚ ਕੇ ਰਹਿਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਨਸ਼ਿਆਂ ਤੋਂ ਬਚ ਕੇ ਰਹਿਣਾ ਹੈ। ਮੋਬਾਇਲ ਫੋਨ ਦੀ ਵਰਤੋਂ ਸਿਰਫ਼ ਸਿੱਖਿਆ ਨਾਲ ਸਬੰਧਤ ਪੜ੍ਹਾਈ ਕਰਨ ਲਈ, ਪ੍ਰੇਰਨਾ ਦਾਇਕ ਲੈਕਚਰ ਸੁਣਨ ਲਈ ਜਾਂ ਜਰੂਰੀ ਗੱਲ ਬਾਤ ਕਰਨ ਲਈ ਹੀ ਕੀਤੀ ਜਾਵੇ, ਮੋਬਾਇਲ, ਟੀ ਵੀ ਆਦਿ ਤੇ ਆਪਣਾ ਕੀਮਤੀ ਸਮਾਂ ਬਰਬਾਦ ਨਾਂ ਕੀਤਾ ਜਾਵੇ ਸਗੋਂ ਇਹ ਸਮਾਂ ਆਪਣੀ ਪੜ੍ਹਾਈ ਤੇ ਲਗਾਇਆ ਜਾਵੇ। ਕੁਝ ਸਮਾਂ ਆਪਣੇ ਮਾਤਾ ਪਿਤਾ ਨਾਲ ਘਰ ਦੇ ਕੰਮਾਂ ਵਿੱਚ ਵੀ ਜਰੂਰ ਸਹਾਇਤਾ ਕਰਨੀ ਚਾਹੀਦੀ ਹੈ।

ਬੱਚਿਆਂ ਨੂੰ ਘਰ ਦੇ ਸਾਰੇ ਕੰਮ ਵੀ ਜਰੂਰ ਸਿੱਖਣੇ ਚਾਹੀਦੇ ਹਨ। ਪਾਣੀ ਦੀ ਸੰਭਾਲ ਲਈ, ਸਾਫ਼ ਸਫ਼ਾਈ ਲਈ, ਪੌਦਿਆਂ ਦੀ ਸੰਭਾਲ, ਆਪਣੇ ਘਰ ਦੇ ਸਮਾਨ ਦੀ ਸੰਭਾਲ, ਸਕੂਲ ਦੇ ਸਮਾਨ ਦੀ ਸੰਭਾਲ ਲਈ ਜਰੂਰ ਧਿਆਨ ਰੱਖਣਾ ਚਾਹੀਦਾ ਹੈ। ਫਜ਼ੂਲ ਖਰਚ ਬਿਲਕੁਲ ਨਹੀਂ ਕਰਨਾ ਚਾਹੀਦਾ, ਆਪਣੀਆਂ ਕਾਪੀਆਂ, ਕਿਤਾਬਾਂ ਆਦਿ ਦੀ ਸੰਭਾਲ ਖੁਦ ਕਰਨੀ ਚਾਹੀਦੀ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਆਪਣਾ ਸਕੂਲ ਬੈਗ, ਵਰਦੀ, ਬੂਟ ਆਦਿ ਤਿਆਰ ਕਰਕੇ ਰੱਖਣੇ ਚਾਹੀਦੇ ਹਨ ਤਾਂ ਤੇ ਸਵੇਰ ਸਮੇਂ ਸਮਾਂ ਬਰਬਾਦ ਨਾਂ ਹੋਵੇ। ਆਪਣੇ ਘਰ ਦੇ ਮਾਹੌਲ ਦੇ ਹਿਸਾਬ ਨਾਲ ਟਾਈਮ ਟੇਬਲ ਬਣਾ ਕੇ, ਸਾਰੇ ਵਿਸ਼ਿਆਂ ਨੂੰ ਬਰਾਬਰ ਤਰਜੀਹ ਦੇ ਕੇ ਹਰੇਕ ਵਿਸ਼ੇ ਦੀ ਪੜ੍ਹਾਈ ਕਰਨੀ ਚਾਹੀਦੀ ਹੈ, ਇਹ ਨਾਂ ਹੋਵੇ ਕੇ ਜੋ ਟੀਚਰ ਝਿੜਕਦੇ ਹਨ ਉਹਨਾ ਦੇ ਵਿਸ਼ਿਆਂ ਦੀ ਪੜ੍ਹਾਈ ਤੇ ਹੀ ਧਿਆਨ ਦਿੱਤਾ ਜਾਵੇ। ਸਗੋਂ ਹਰੇਕ ਵਿਸ਼ੇ ਦੀ ਪੜ੍ਹਾਈ ਰੋਜ਼ਾਨਾ ਕਰਨੀ ਚਾਹੀਦੀ ਹੈ। ਸਮੇਂ ਦੇ ਪਾਬੰਦ ਬਣਨਾ ਬਹੁਤ ਜਰੂਰੀ ਹੈ। ਪੜ੍ਹਾਈ ਦੇ ਨਾਲ ਨਾਲ ਹੋਰ ਚੰਗੀਆਂ ਪੁਸਤਕਾਂ ਵੀ ਪੜ੍ਹਨੀਆਂ ਚਾਹੀਦੀਆਂ ਹਨ, ਸਕੂਲ ਵਿੱਚ ਕਰਵਾਈ ਜਾਂਦੀਆਂ ਹੋਰ ਗਤੀਵਿਧੀਆਂ ਵਿੱਚ ਵੀ ਆਪਣੀ ਰੁਚੀ ਮੁਤਾਬਕ ਹਿੱਸਾ ਲੈਣਾ ਚਾਹੀਦਾ ਹੈ। ਜੋ ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ ਨਾਲ ਉਪਰੋਕਤ ਨੈਤਿਕ ਸਿੱਖਿਆਵਾਂ ਦਾ ਧਿਆਨ ਰੱਖਦੇ ਹਨ ਉਹਨਾਂ ਨੂੰ ਹਰ ਕੋਈ ਸਿਆਣੇ ਬੱਚੇ ਕਹਿੰਦਾ ਹੈ। ਉਹ ਬੱਚੇ ਹਰ ਖੇਤਰ ਵਿੱਚ ਤਰੱਕੀ ਕਰਦੇ ਹਨ ਅਤੇ ਸਮਾਜ ਵਿੱਚ ਵੀ ਚੰਗੇ ਰੁਤਬੇ ਪ੍ਰਾਪਤ ਕਰਦੇ ਹਨ।

# 'ਪੰਜਾਬੀ ਦਾ ਪਹਿਲਾ ਪ੍ਰੋਫੈਸਰ'

ਪੰਜਾਬੀ ਦਾ 'ਪਹਿਲਾ ਪ੍ਰੋਫੈਸਰ' ਹੋਣ ਦਾ ਵੱਡਾ ਮਾਣ ਮਿਲਿਆ,
'72 ਕਿਤਾਬਾਂ' ਦਾ ਲੇਖਕ ਪ੍ਰੋਫੈਸਰ 'ਦਿੱਤ ਸਿੰਘ' ਲੋਕੋ।
ਪਿਤਾ ਸੰਤ 'ਦਿਵਾਨ ਸਿੰਘ' ਘਰ, ਮਾਤਾ 'ਰਾਮ ਕੌਰ' ਦੀ ਕੁੱਖੋਂ
ਜਨਮ ਹੋਇਆ 'ਇੱਕੀ ਅਪ੍ਰੈਲ ਅਠਾਰਾਂ ਸੋ ਪੰਜਾਹ' ਵਿੱਚ ਲੋਕੋ।
ਜੀਵਨ ਸਾਥੀ ਬਿਸ਼ਨ ਕੌਰ, ਪਿੰਡ ਨੰਦਗੜ੍ਹ ਕਲੌੜ, ਫ਼ਤਹਿਗੜ੍ਹ ਸਾਹਿਬ,
ਬਲਦੇਵ ਸਿੰਘ, ਵਿਦਿਆਵੰਤੀ ਕੌਰ ਸੀ ਧੀ ਤੇ ਪੁੱਤ ਲੋਕੋ।
ਉਸ ਵਕਤ ਐਨੀਆਂ ਕਿਤਾਬਾਂ ਲਿਖਕੇ ਰਿਕਾਰਡ ਕਾਇਮ ਕਰਨਾ,
ਇਹ ਵੀ ਕੋਈ ਛੋਟੀ ਨਹੀਂ ਸੀ ਜਿੱਤ ਲੋਕੋ।
ਪ੍ਰਸਿੱਧ ਕਵੀ, ਪੱਤਰਕਾਰੀ ਦੇ ਪਿਤਾਮਾ, ਖਾਲਸਾ ਅਖ਼ਬਾਰ ਦੇ ਬਾਨੀ,
ਜਿਸ ਦੇ ਅੰਦਰੋਂ ਜੁੜੇ ਸੀ 'ਸਿੱਖੀ' ਨਾਲ ਹਿੱਤ ਲੋਕੋ।
'ਆਰੀਆ ਸਮਾਜੀ' ਸਵਾਮੀ 'ਦਯਾਨੰਦ' ਨਾਲ ਦੋ ਵਾਰ ਬਹਿਸ ਹੋਈ,
ਦੋਨੋਂ ਵਾਰ ਹਰਾਕੇ ਕਰਿਆ ਸਵਾਮੀ 'ਦਯਾ ਨੰਦ' ਚਿੱਤ ਲੋਕੋ।
'ਸਤਾਈ ਸੋ ਏਕੜ' ਦਾ ਮਾਲਕ ਬਾਬਾ ਖੇਮ ਸਿੰਘ 'ਬੇਦੀ',
ਅੰਮ੍ਰਿਤਸਰ ਦਰਬਾਰ ਸਾਹਿਬ ਹਰ ਮੰਦਾ ਕੰਮ ਕਰਦਾ ਨਿੱਤ ਲੋਕੋ।
ਗੁਰੂ 'ਨਾਨਕ' ਦੀ ਤੇਰਵੀਂ ਵੰਸ਼ ਵਿਚੋਂ ਦੱਸਕੇ ਬਣ ਬੈਠਾ ਗੁਰੂ,
ਅੰਗਰੇਜ਼ਾਂ ਦੇ ਥਾਪੜੇ ਕਰਕੇ ਸਮਝਦਾ ਸਭ ਨੂੰ ਟਿੱਚ ਲੋਕੋ।
ਪ੍ਰੋ। ਦਿੱਤ ਸਿੰਘ ਨੇ ਨਾ ਕਿਸੇ ਭੋਰਾ ਪ੍ਰਵਾਹ ਕੀਤੀ,
'ਬੇਦੀ' ਦੇ ਥੱਲਿਓਂ ਬਾਹਰ ਮਾਰੀ ਸੀ 'ਗੱਦੀ' ਖਿੱਚ ਲੋਕੋ।
ਸਿੱਖੀ ਦੇ ਠੇਕੇਦਾਰਾਂ ਨੇ ਭੋਰਾ ਨਾ ਪਾਈ ਕਦਰ ਇਹਦੀ,
ਸ਼ਾਇਦ ਇਹਦੀ 'ਜ਼ਾਤ' ਨਿਗਾਹ ਵਿੱਚ ਬੈਠੀ ਨਾ ਫਿੱਟ ਲੋਕੋ।
ਨਹੀਂ ਤਾਂ ਇਹਦੇ ਨਾਮ ਤੇ ਅਨੇਕਾਂ ਸਕੂਲ ਕਾਲਜ ਬਣਵਾਏ ਹੁੰਦੇ।
'ਮੇਜਰ' ਜੇ ਪ੍ਰੋਫੈਸਰ ਦਿੱਤ ਸਿੰਘ 'ਰਵਿਦਾਸੀਆ' ਵਿੱਚੋਂ ਨਾ ਆਏ ਹੁੰਦੇ।



**– ਮੇਜਰ ਸਿੰਘ ਬੁਢਲਾਡਾ**
**91-94176 42327**

### ਵਕਤ ਦੇ ਸਫ਼ੇ 'ਤੇ

# ਜ਼ਿੰਦਗੀ ਤੋਂ ਸੰਤੁਸ਼ਟ ਇੱਕ ਸ਼ਖਸੀਅਤ : ਮਹਿੰਦਰ ਸਿੰਘ 'ਦੋਸਾਂਝ'

## ਬਿਨ੍ਹਾਂ ਸਕੂਲ ਜਾਣ ਤੋਂ ਯੂ.ਐਨ.ਓ. ਤੱਕ ਪਹੁੰਚਣ ਵਾਲੀ ਸ਼ਖਸੀਅਤ!

ਪੰਜਾਬੀ ਦੇ ਸਭ ਤੋਂ ਵੱਧ ਪੜ੍ਹੇ ਜਾਂਦੇ ਲੇਖਕ ਦੀਆਂ ਖ਼ੂਬਸੂਰਤ ਲਾਇਨਾਂ ਸਾਨੂੰ ਹਮੇਸ਼ਾਂ ਤਰੋ-ਤਾਜ਼ਾ ਕਰਦੀਆਂ ਹਨ ਕਿ 'ਸਾਡਾ ਉਦੇਸ਼ ਅਜਿਹੇ ਮਨੁੱਖ ਦੀ ਉਸਾਰੀ ਕਰਨਾ, ਜਿਸ ਦੀਆਂ ਬਾਹਵਾਂ ਵਿੱਚ ਸਾਰਾ ਸੰਸਾਰ ਆ ਸਕੇ, ਜਿਸ ਦੇ ਇਰਾਦੇ ਉੱਚੇ, ਕਰਤੱਵ ਸੁੱਚੇ, ਰੱਬ ਦੇ ਅਚਾਨਕ ਮਿਲ ਪੈਣ ਉੱਤੇ ਉਸ ਨਾਲ ਮੁਸਕਰਾ ਕੇ ਹੱਥ ਮਿਲਾ ਕੇ, ਜਿਸ ਦੀਆਂ ਅੱਖਾਂ ਵਿੱਚ ਨਵੇਂ ਸੰਸਾਰ ਦੇ ਸੁਰਮੇ ਦੀ ਚਮਕ ਹੋਵੇ ਜਿਸ ਦੇ ਦਿਲ-ਦਿਮਾਗ ਦੇ ਬੂਹੇ-ਵਾਰੀਆਂ ਖੁੱਲ੍ਹੇ ਹੋਣ, ਜਿਸ ਦੇ ਪੈਰ ਧਰਤੀ 'ਤੇ ਹੋਣ ਤੇ ਸਿਰ ਤਾਰਿਆਂ ਵਿੱਚ ਹੋਵੇ, ਜਿਹੜਾ ਜੰਗ ਦੇ ਮੈਦਾਨ ਵਿੱਚ ਵੀ ਆਪਣੀ ਤਲਵਾਰ ਨਿਹੱਥੇ ਵਿਰੋਧੀ ਨੂੰ ਤੋਹਫ਼ੇ ਵਜੋਂ ਦੇ ਸਕੇ, ਜਿਸ ਵਿੱਚ ਦੁਨੀਆਂ ਦੇ ਵਿਚਾਰਾਂ ਨਾਲ ਸਹਿਮਤ ਹੋਣ ਦੀ ਦਲੇਰੀ ਅਤੇ ਅਸਹਿਮਤ ਹੋਣ ਦਾ ਸਲੀਕਾ ਹੋਵੇ' ਅਜਿਹੇ ਮਨੁੱਖਾਂ ਦੀ ਕਲਪਨਾ ਤਾਂ ਕੀਤੀ ਜਾ ਸਕਦੀ ਹੈ, ਲੋੜ੍ਹ ਤਾਂ ਜਰੂਰ ਹੈ ਅਜਿਹੇ ਮਨੁੱਖਾਂ ਦੀ ਪਰ ਚਿੰਤਾ ਅਤੇ ਗਿਲੇ-ਸ਼ਿਕਵੇ, ਕਿਸੇ ਦਾ ਕਿਸੇ ਮੁਸ਼ਕਿਲਾਂ 'ਚ ਫਸੇ ਹੋਣ ਕਾਰਨ ਅਸਲੀ ਰੂਪ ਦੇਣਾ ਬੜਾ ਔਖਾ ਜਿਹਾ ਲੱਗਦਾ ਹੈ। ਹਰ ਕੋਈ ਹਫ਼ਰਾ-ਤਫ਼ਰੀ 'ਚ ਛੇਤੀ ਕਰੋ-ਛੇਤੀ ਕਰੋ ਦੇ ਚੱਕਰ 'ਚ ਉਲਝਿਆ ਹੋਇਆ ਹੈ। ਪਰ ਮੈਂ ਇੱਕ ਅਜਿਹੀ ਸ਼ਖਸੀਅਤ ਨੂੰ ਜਾਣਦਾ ਹਾਂ, ਮਿਲਦਾ ਹਾਂ, ਸਿੱਖਣ ਦੀ ਕੋਸ਼ਿਸ਼ 'ਚ ਹਾਂ ਕਿ ਵਾਕਿਆ ਹੀ ਉਪਰੋਕਤ ਕਲਪਨਾ ਕੀਤੇ ਤੇ ਅੱਖਰਾਂ 'ਚ ਅਜਿਹੇ ਸੰਜੋਏ ਆਧੁਨਿਕ ਯੁੱਗ ਵਿੱਚ ਮਨੁੱਖ ਹੋ ਸਕਦਾ ਹੈ ਤਾਂ ਜਵਾਬ ਹੈ ਹਾਂ।

ਸੱਚਮੁੱਚ ਇਹ ਹਾਂ ਨੂੰ ਝੂਠੀ ਨਹੀਂ, ਸਗੋਂ ਸੱਚ ਸਿੱਧ ਕਰਦੀ ਹੈ ਕਿ ਮੈਂ ਇੱਕ ਸੰਤੁਸ਼ਟ ਸ਼ਖਸੀਅਤ ਨੂੰ ਮਿਲਿਆ। ਜਿਸ ਦਾ ਨਾਮ ਹੈ ਮਹਿੰਦਰ ਸਿੰਘ ਦੋਸਾਂਝ (ਜਗਤਪੁਰ ਵਾਲੇ) 82 ਸਾਲ ਦੀ ਉਮਰ 'ਚ ਉਸ ਸੰਤੁਸ਼ਟ ਮੇਰੀ ਨਾਗੁਣੀ ਸਮਝ ਤੇ ਪੈਂਦੇ ਵਾਹ-ਵਾਸਤਿਆਂ ਵਿੱਚ ਇਹ ਵਿਅਕਤੀ ਨਹੀਂ ਸਗੋਂ ਇੱਕ 'ਪੰਜਾਬ' ਜਿਸ ਤੋਂ ਪੁਰਾਣਾ ਤੇ ਨਵੇਂ ਹਾਲਾਤਾਂ ਵਾਰੇ ਜਾਣਕਾਰੀ ਲਈ 'ਖਜ਼ਾਨਾ' ਭਰਿਆ ਜਾ ਸਕਦਾ ਹੈ, ਪਰ ਗੱਲ ਸਿਰਫ ਤੁਹਾਡੀ ਨੀਅਤ ਤੇ ਨੀਤੀ ਦੀ ਹੈ। ਦੇਸ਼ ਤੇ ਦੁਨੀਆਂ ਦੇ ਦਾਰਸ਼ਨਿਕ ਤੇ ਖੋਜੀ ਦਿਸਦੇ ਹਨ।

ਇਸ ਸ਼ਖਸੀਅਤ ਦਾ ਤਾਅਰੁਫ਼ ਕਰਾਉਣ ਤੋਂ ਪਹਿਲਾਂ ਇਹ ਵੀ ਸਮਝਣਾ ਪਵੇਗਾ ਕਿ ਇਹ ਸ਼ਖਸੀਅਤ ਸੰਸਾਰ ਦੀ ਸਭ ਤੋਂ ਵੱਡੀ 'ਵਿਸ਼ਵ ਪੰਚਾਇਤ' ਵਲੋਂ ਸਨਮਾਨੀ ਜਾ ਚੁੱਕੀ ਹੈ। ਸੋਚ ਤੇ ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਇਹ ਸ਼ਖਸੀਅਤ ਦਾ ਬਚਪਨ ਵਿੱਚ ਅਧਿਆਪਕਾਂ ਦੁਆਰਾ ਬੱਚਿਆਂ ਨੂੰ ਕੁੱਟ ਪੈਂਦੀ ਦੇਖ ਕੇ ਹਰ ਕੰਮ ਕਰ ਸਕਣ ਦੀ ਗੱਲ ਘਰਦਿਆਂ ਨੂੰ ਕਹਿਣਾ ਪਰੰਤੂ 'ਸਕੂਲੇ ਨਾ ਜਾਣਾ'। ਭਾਵ ਮਹਿੰਦਰ ਸਿੰਘ ਦੋਸਾਂਝ ਸੱਚਮੁੱਚ ਸਕੂਲੇ ਕਦੇ ਵੀ ਪੜ੍ਹਨ ਨਹੀਂ ਗਿਆ। ਸਗੋਂ ਮਾਸਟਰ ਜੀ ਘਰੇ ਆ ਕੇ ਪੜ੍ਹਾਉਣ ਲੱਗੇ। ਇੰਝ ਦੋਸਾਂਝ ਕੁੱਟ ਤੋਂ ਬਚਦੇ ਗਏ।

ਅੱਜ ਪੰਜਾਬ ਨਹੀਂ ਸਗੋਂ ਵਿਸ਼ਵ ਪੱਧਰ 'ਤੇ ਉਹਨਾਂ ਦੀਆਂ ਖੇਤੀ ਪ੍ਰਤੀ ਖੋਜ਼ਾਂ, ਕੁਦਰਤ, ਪੰਜਾਬੀ ਸੱਭਿਆਚਾਰ ਪ੍ਰਤੀ ਲਗਾਓ ਤੇ ਸਮਾਜ ਸੁਧਾਰ ਤੇ ਦਿੱਤੇ ਜਾਂਦੇ ਸੁਝਾਵਾਂ ਨੂੰ ਲੋਕ ਹੀ ਨਹੀਂ, ਸਗੋਂ ਯੂਨੀਵਰਸਿਟੀਆਂ ਵੀ ਬੜੀ ਗੰਭੀਰਤਾ ਨਾਲ ਲੈਂਦੀਆਂ ਹਨ।

ਸ. ਦੋਸਾਂਝ ਦੀ ਸਾਦਗੀ ਵੀ ਬੜੀ ਬਾ-ਕਮਾਲ ਦੀ ਹੈ। ਉਹ ਹਮੇਸ਼ਾਂ ਕੁੜਤੇ-ਪਜਾਮੇ ਵਿੱਚ ਮਿਲਣਗੇ। ਉਹ ਬਿਰਧ ਅਵਸਥਾ ਵਿੱਚ ਹੋਣ ਦੇ ਬਾਵਜੂਦ ਵੀ ਉਹਨਾਂ ਦਾ ਦਿਲ ਜਵਾਨਾਂ ਵਾਲਾ ਹੈ। ਜਵਾਨਾਂ ਨੂੰ ਤੰਦਰੁਸਤ ਰਹਿਣ, ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਵਾਲੀ ਸ਼ਖਸੀਅਤ ਹੈ, ਉਹ ਬਹੁਤ ਸੰਵਾਦ ਰਚਾਉਂਦੇ ਹਨ।

ਸੰਤਾਪਾਂ ਅਤੇ ਸੰਕਟਾਂ, ਮੁਸ਼ਕਿਲਾਂ ਅਤੇ ਮੁਸੀਬਤਾਂ ਦੇ ਅਜੋਕੇ ਯੁੱਗ ਵਿੱਚ ਪਹਿਲਾਂ ਨਾਲੋਂ ਵੀ ਕਿਸੇ ਵੀ ਸਮੇਂ ਦੇ ਮੁਕਾਬਲੇ ਉਹਨਾਂ ਮਨੁੱਖਾਂ ਦੀ ਵਧੇਰੇ ਲੋੜ ਹੈ। ਜਿਹੜੇ ਅੰਦਰੋਂ ਭਰੇ ਹੋਣ ਤੇ ਸਾਨੂੰ ਅਨੇਕਾਂ ਸ਼ਖਸੀਅਤਾਂ ਨੇ ਪ੍ਰਭਾਵਿਤ ਕੀਤਾ ਹੈ, ਪਰ ਸਭ ਤੋਂ ਵੱਧ ਪ੍ਰਭਾਵਿਤ ਆਪਣੇ ਇਲਾਕੇ ਦੇ ਜਿਸ ਇਨਸਾਨ ਵਾਰੇ ਹਰ ਕੋਈ ਆਮ ਅਤੇ ਖਾਸ ਵਿਦਿਆਰਥੀ ਤੇ ਵਿਗਿਆਨੀ, ਡੀ.ਸੀ. ਤੋਂ ਕੇਂਦਰੀ ਖੇਤੀਬਾੜੀ ਮੰਤਰੀ ਤੱਕ ਸਭ ਜਾਣੂ ਹਨ, ਨੇ ਸਾਡੀ ਰੂਹ ਕੱਝ ਲਈ ਹੈ ਤੇ ਭਰ ਦਿੱਤੀ ਹੈ। ਕਿਉਂਕਿ ਅਜਿਹੇ ਮਨੁੱਖ ਸਾਨੂੰ ਨਿੱਜ ਤੋਂ ਉੱਚੇ ਹੋ ਕੇ ਦੂਰ-ਦੁਮੇਲਾ ਮੰਜ਼ਿਲਾਂ ਸਰ ਕਰਨ ਦਾ ਹੁਨਰ ਸਿਖਾਉਂਦੇ ਹਨ।

ਇਹ ਗੱਲ ਸੋਲ਼ਾਂ ਆਨੇ ਵੀਹ ਵਿਸਵੇ ਸੱਚ ਹੈ ਕਿ ਸੋਹਣਿਆਂ ਨਾਲ ਨੱਚਣ ਅਤੇ ਤੁਰਨ ਵਿੱਚ ਕਦੇ ਥਕਾਵਟ ਨਹੀਂ ਹੁੰਦੀ, ਇਵੇਂ ਸਿਆਣੇ, ਸੁਲਝੇ ਹੋਏ ਇਨਸਾਨ ਤੁਹਾਨੂੰ ਛੋਟਾ



ਮਹਿਸੂਸ ਹੋਣ ਨਹੀਂ ਦਿੰਦੇ। ਸਗੋਂ ਦੋਸਾਂਝ ਵਰਗੇ ਖੰਭ ਲਾ ਕੇ ਮਨੁੱਖ ਨੂੰ ਅੱਗੇ ਤੋਰਦੇ ਹਨ।

ਕਿਸਾਨੀ ਪਰਿਵਾਰ 'ਚ ਜਨਮੇ ਇਸ ਬਹੁਪੱਖੀ ਮਾਨਵੀ ਸ਼ਖਸੀਅਤ ਪਹਿਲਾਂ ਕਹੀ ਨਾਲ ਆਪਣੇ ਬਾਗ਼ (ਫ਼ਾਰਮ) 'ਤੇ ਫ਼ਲਾਂ, ਫੁੱਲਾਂ, ਬੂਟਿਆਂ, ਦਰੱਖਤਾਂ, ਪਸ਼ੂਆਂ, ਪੰਛੀਆਂ ਭਾਵ ਕਿ ਕੁਦਰਤ ਦੀ ਲੀਲਾ ਦਾ ਉਪਾਸਕ ਹੈ। ਜਦੋਂ ਕਹੀ ਵਾਹੁਣੀ ਛੱਡਣੀ ਫਿਰ ਕਾਪੀ ਤੇ ਕਲਮ ਚੁੱਕ ਲੈਣੀ, ਉਸ ਦੀ ਉਤਸ਼ਾਹ ਭਰੀ ਜ਼ਿੰਦਗੀ ਦਾ ਇਹ ਅਹਿਮ ਕਦਮ ਹੈ। ਉਹ ਬੁਢਾਪੇ ਦੀ ਇੰਨੀ ਉਮਰ ਹੋਣ ਦੇ ਬਾਵਜੂਦ ਆਪਣੇ ਬਾਗ਼ ਅੰਦਰ ਦਰੱਖਤਾਂ ਉੱਪਰ ਚੜ੍ਹ ਕੇ ਫੁੱਲ-ਫ਼ਲ ਤੋੜ੍ਹਨ ਦੀ ਸਮਰੱਥਾ ਰੱਖਦਾ ਹੈ। ਘਰ ਵਿੱਚ ਕਾਰਾਂ, ਸਕੂਟਰ ਸਭ ਕੁੱਝ ਹੈ, ਪਰ ਉਹ ਹਮੇਸ਼ਾਂ ਪੈਦਲ ਤੇ ਸਾਇਕਲ ਨੂੰ ਤਰਜੀਹ ਦਿੰਦੇ ਹਨ। ਇੱਕ ਵਾਰੀ ਇੱਕ ਸੰਸਥਾ ਦੇ ਨੁਮਾਇੰਦੇ ਉਹਨਾਂ ਨੂੰ ਮੁੱਖ ਮਹਿਮਾਨ ਵਜੋਂ ਸੱਦਾ-ਪੱਤਰ ਦੇਣ ਆਏ, ਪਰ ਉਹਨਾਂ ਨੇ ਇੱਕ ਸ਼ਰਤ ਰੱਖੀ ਕਿ ਆਵਾਂਗਾ ਜਰੂਰ, ਪਰੰਤੂ ਸਾਇਕਲ 'ਤੇ। ਇੰਝ ਅਜਿਹੀਆਂ ਪ੍ਰੇਰਣਾਦਾਇਕ ਤੇ ਕੁਦਰਤੀ ਅਤੇ ਵੱਡੀਆਂ ਤੇ ਛੋਟੀਆਂ ਪ੍ਰਾਪਤੀਆਂ ਨੂੰ ਸਰ ਕਰਨ ਵਾਲੇ ਹਮੇਸ਼ਾਂ ਗਿਆਨਵਾਨ, ਦਾਰਸ਼ਨਿਕ, ਖੋਜੀ, ਜਗਿਆਸੂ ਮਨੁੱਖ ਹੀ ਹੋ ਸਕਦੇ ਹਨ। ਸ. ਦੋਸਾਂਝ ਦਾ ਕਹਿਣਾ ਹੈ ਕਿ ਉਹ ਇਸ ਉਮਰ ਵਿੱਚ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿੱਚ ਹਨ। ਮੈਂ ਇਸ ਬੁਢਾਪੇ ਦੇ ਦੌਰ ਵਿੱਚ ਆਪਣੇ ਅੰਦਰਲੇ ਅਤੇ ਬਾਹਰਲੇ ਸੰਸਾਰ ਵਿੱਚ ਸੰਪੰਨ ਸੰਤੁਸ਼ਟ ਤੇ ਖੁਸ਼ ਹਾਂ। ਜ਼ਿੰਦਗੀ ਦੀ ਕਮਾਈ ਨਾਲ ਭਰੇ ਖਜ਼ਾਨੇ ਨੂੰ ਉਹ ਬੁਢਾਪੇ ਵਿੱਚ ਖੁਸ਼ੀ ਨਾਲ ਵਰਤ ਰਿਹਾ ਹੈ।

ਸਰਦੀ 'ਚ ਜਦੋਂ ਮਨੁੱਖ ਕੰਬਲ਼, ਰਜਾਈਆਂ, ਚਾਹ ਤੇ ਸ਼ਰਾਬ ਦੀ ਵਰਤੋਂ ਕਰਦੇ ਹਨ ਤਾਂ ਇਹ ਕਹੀ ਚੁੱਕ ਲੈਂਦੇ ਹਨ। ਸਾਹਿਤਕ ਖੇਤਰ 'ਚ ਉਹਨਾਂ ਨੇ ਅਨੇਕਾਂ ਕਿਤਾਬਾਂ ਦੀ ਸਿਰਜਣਾ ਕੀਤੀ ਤੇ ਅਖ਼ਬਾਰਾਂ 'ਚ ਲੇਖ ਲਿਖ ਕੇ ਸਮਾਜ ਪ੍ਰਤੀ ਬਣਦੇ ਫਰਜ਼ਾਂ ਨੂੰ ਦੁਨੀਆਂ ਭਰ ਵਿੱਚ ਪਹੁੰਚਾਉਣ ਲਈ ਯਤਨ ਕਰਦੇ, ਅਕਸਰ ਪੜ੍ਹਨ ਨੂੰ ਮਿਲ ਕੇ ਮਾਰਗ ਦਰਸ਼ਕ ਵਜੋਂ ਤੁਹਾਨੂੰ 'ਕੁਦਰਤ ਦਾ ਸੁਨੇਹਾ' ਜਾਂ ਭਵਿੱਖ ਕਿਵੇਂ ਸੁਰੱਖਿਅਤ ਰਹਿ ਸਕਦਾ, ਸਵਾਲ ਮਨੁੱਖ 'ਤੇ ਸੁੱਟ ਦਿੰਦੇ ਹਨ ਕਿ ਸਾਵਧਾਨ ਹੋ ਜਾਵੋ। ਸਮਾਂ ਅਗਲਾ ਬਣਾ ਚੁਣੌਤੀਆਂ ਵਾਲਾ ਹੈ। ਜੇ ਅੱਜ ਨਾ ਸਮਝੇ ਤਾਂ ਫਿਰ ਤੰਬੂ ਬਾਲਣਾ...।



ਸੰਤੋਖ ਸਿੰਘ ਜੱਸੀ
91-70876-19800

ਜਿੱਥੇ ਪਰਿਵਾਰ ਖੇਤੀਬਾੜੀ ਦੇ ਕੰਮ-ਧੰਦੇ ਨਾਲ ਸੰਬੰਧਿਤ ਤੇ ਬੱਝਿਆ ਰਿਹਾ, ਉਸ ਨੂੰ ਸ. ਦੋਸਾਂਝ ਨੇ ਖੂਬਸੂਰਤ ਤੇ ਕੁਦਰਤੀ ਤਰੀਕੇ ਅਤੇ ਪ੍ਰਕਿਰਿਆਵਾਂ ਨਾਲ, ਨਵੀਂਆਂ ਤਕਨੀਕਾਂ ਰਾਹੀਂ ਰੋਸ਼ਨੀ ਨੂੰ ਸੰਸਾਰ ਪੱਧਰ 'ਤੇ ਪਹੁੰਚਾਇਆ। ਉਹਨਾਂ ਦੇ ਫਾਰਮ 'ਤੇ ਦਰਜਨਾਂ ਦੇਸ਼ਾਂ ਦੇ ਫੁੱਲ-ਬੁੱਟੇ ਤੁਹਾਨੂੰ "ਜੀ ਆਇਆਂ" ਕਹਿੰਦੇ ਨਜਰ ਆਉਣਗੇ!

ਕਣਕ ਦੇ ਵਿਸ਼ੇਸ਼ ਉਤਪਾਦਨ ਲਈ ਉਹਨਾਂ ਨੂੰ ਸਾਲ 1986 ਵਿੱਚ ਯੂ.ਐਨ.ਓ. ਵਲੋਂ ਸਨਮਾਨੇ ਜਾਣ ਦੀ ਵੀ ਅਜੀਬੋ ਗਰੀਬ ਘਟਨਾ ਹੈ। ਸਭ ਨੂੰ ਪਤਾ ਹੈ ਕਿ ਵਿਦੇਸ਼ ਜਾਣ ਲਈ ਪਾਸਪੋਰਟ ਤੇ ਵੀਜ਼ੇ ਦੀ ਜਰੂਰਤ ਹੁੰਦੀ ਹੈ। ਪਾਸਪੋਰਟ ਦਾ ਨਾ ਹੋਣਾ ਉੱਪਰੋਂ ਯੂ.ਐਨ.ਓ. ਦਾ ਭਾਰਤ ਸਰਕਾਰ ਨੂੰ ਦਬਾਅ ਤੇ ਲਗਾਤਾਰ ਪੱਤਰ-ਵਿਹਾਰ ਤੇ ਅੱਗੋਂ ਪੰਜਾਬ ਸਰਕਾਰ ਨੂੰ ਭਾਰਤ ਸਰਕਾਰ ਦੇ ਦਬਾਅ ਉਪਰੰਤ ਆਖਿਰ ਸ. ਦੋਸਾਂਝ ਨੂੰ ਪਾਸਪੋਰਟ ਅਤੇ ਵੀਜ਼ਾ ਵੀ ਮਿਲ ਗਿਆ। ਇਸ ਤਰ੍ਹਾਂ 16 ਅਕਤੂਬਰ 1986 ਨੂੰ ਯੂ.ਐਨ.ਓ. ਵਲੋਂ ਬੈਂਕਾਕ (ਥਾਈਲੈਂਡ) ਵਿੱਚ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਆ ਗਿਆ। ਉੱਥੇ ਉਹ ਵਿਸ਼ਵ ਪੱਧਰ 'ਤੇ ਆਪਣੀ ਗੱਲ ਰੱਖਣ ਵਿੱਚ ਵੀ ਸਫ਼ਲ ਹੋਏ।

ਇਸ ਵੇਲੇ ਦੁਨੀਆਂ ਦੀ ਆਬਾਦੀ 7 ਅਰਬ 20 ਕਰੋੜ ਤੋਂ ਉੱਪਰ ਦਿਨ-ਬ-ਦਿਨ ਜਾ ਰਹੀ ਹੈ। ਸੰਸਾਰ ਨੂੰ ਸਿਰਫ਼ ਕੁੱਝ ਲੱਖਾਂ ਹੀ ਜੀਨੀਅਸ ਜਿਹੇ ਮਨੁੱਖ ਹੀ ਚਲਾ ਰਹੇ ਹਨ। ਉਹਨਾਂ ਵਿੱਚੋਂ ਸ. ਮਹਿੰਦਰ ਸਿੰਘ ਦੋਸਾਂਝ ਇੱਕ ਹਨ। ਉਹ "ਗਲੋਬਲ ਪਿੰਡ" ਤੇ 'ਵਿਸ਼ਵ ਨਾਗਰਿਕ' ਹਨ। ਉਹ 82ਵੇਂ ਵਰ੍ਹੇ 'ਚ ਮੌਤ ਦੀ ਗੱਲ ਕਰਦਿਆਂ ਬੜੇ ਬੇਵਾਕੀ ਨਾਲ ਕਹਿੰਦੇ ਹਨ ਕਿ ਜਿਵੇਂ ਇੱਕ ਨੌਜਵਾਨ ਆਪਣੀ ਖੂਬਸੂਰਤ ਪ੍ਰੇਮਿਕਾ ਨੂੰ ਮਿਲਣ ਲਈ ਤਾਂਘਦਾ ਹੈ, ਉਵੇਂ ਮੈਂ ਮੌਤ ਨੂੰ ਘੁੱਟ ਕੇ ਗਲਵੱਕੜੀ ਪਾ ਕੇ ਮਿਲਾਂਗਾ। ਸ. ਦੋਸਾਂਝ ਵਰਗੀਆਂ ਦੁਨੀਆਂ ਭਰ ਦੀਆਂ ਮਸ਼ਹੂਰ ਤੇ ਮਹਾਨ ਸ਼ਖਸੀਅਤਾਂ ਸਮਾਜ ਲਈ ਚਾਨਣ ਮੁਨਾਰਾ ਹਨ। ਫੁੱਲਾਂ 'ਚੋਂ ਖੂਬਸੂਰਤ ਫੁੱਲ ਅਨੇਕਾਂ ਹਨ। ਅਜਿਹੀਆਂ ਸ਼ਖਸੀਅਤਾਂ ਨੇ ਦੇਸ਼, ਸਮਾਜ ਤੇ ਵਿਸ਼ਵ ਨੂੰ ਆਪਣੀ ਤੀਖਣ ਬੁੱਧੀ ਨਾਲ ਵੱਡਮੁੱਲੀਆਂ ਸੇਵਾਵਾਂ ਦੇ ਕੇ ਨਿਵਾਜਿਆ ਹੈ। ਜੇਕਰ ਅਜਿਹੀ ਵਿਸ਼ਵ ਪੱਧਰੀ ਸ਼ਖਸੀਅਤ ਵਾਰੇ ਇੱਕ ਵਾਕ ਵਿੱਚ ਕਹਿਣਾ ਹੋਵੇ ਤਾਂ ਉਹ ਪ੍ਰਾਪਤੀਆਂ ਦਾ ਸੂਰਜ ਹੈ, ਕੁਦਰਤ ਦਾ ਪ੍ਰੇਮੀ ਹੈ, ਵਿਚਾਰਾਂ ਦਾ ਖੂਬਸੂਰਤ ਗੁਲਦਸਤਾ, ਪੁਸਤਕਾਂ ਦਾ ਪ੍ਰੇਮੀ ਅਤੇ ਸਾਹਿਤਕਾਰ ਹੈ।

82ਵੇਂ ਸਾਲ ਵਿੱਚ ਵੀ ਉਹ ਦਰਜਨਾਂ ਤੋਂ ਵੱਧ ਉੱਚ ਪੱਧਰੀ ਸਰਕਾਰੀ ਤੇ ਗੈਰ-ਸਰਕਾਰੀ ਕਮੇਟੀਆਂ ਦਾ ਸਲਾਹਕਾਰ ਹੀ ਨਹੀਂ, ਸਗੋਂ ਮਾਰਗ ਦਰਸ਼ਕ ਹੈ। ਇਸ ਜਗਿਆਸੂ ਸ਼ਖਸੀਅਤ ਨੇ ਰੇਡੀਓ ਤੇ ਟੈਲੀਵਿਜ਼ਨ ਆਦਿ 'ਤੇ ਸੌ ਤੋਂ ਵੱਧ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰਾਂ ਰਾਹੀਂ ਦਰਸ਼ਕਾਂ ਤੇ ਸਰੋਤਿਆਂ 'ਤੇ ਡੂੰਘੀ ਛਾਪ ਛੱਡੀ।

ਉਹ ਲਗਾਤਾਰ ਗਤੀਸ਼ੀਲ, ਚੜ੍ਹਦੀ ਕਲਾ ਤੇ ਅੰਤਾਂ ਦੀ ਸਾਦਗੀ ਨੂੰ ਕਾਇਮ ਰੱਖਦਿਆਂ ਹੋਇਆਂ ਦੇਸ਼, ਸੱਭਿਆਚਾਰ, ਵਾਤਾਵਰਣ, ਕੁਦਰਤ ਦੇ ਰਹੱਸਾਂ ਤੇ ਕਿਸਾਨੀ 'ਚ ਵੰਨਸੁਵੰਨਤਾ ਦੇ ਹਾਮੀ ਹਨ। ਉਹ "ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ" ਨੂੰ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਨਿਭਾਉਣ ਲਈ ਯਤਨਸ਼ੀਲ ਹਨ।



ਆਪਣੀ ਪਤਨੀ ਸਮੇਤ ਹਰਿਆਣੇ ਦੇ ਚੋਣਵੇਂ ਕਿਸਾਨਾਂ ਨਾਲ।



ਹਰਿਆਣੇ ਦੇ ਕਿਸਾਨਾਂ ਨੂੰ ਹਰਬਲ ਪੌਦਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਸ. ਮਹਿੰਦਰ ਸਿੰਘ 'ਦੋਸਾਂਝ'।



ਦੋਸਾਂਝ ਫਾਰਮ 'ਤੇ ਕਿਸਾਨਾਂ ਦੇ ਟਰੇਨਿੰਗ ਕੈਂਪ ਸਮੇਂ ਦੀ ਤਸਵੀਰ।

# ਗਰਮੀਆਂ ਵਿਚ ਵੀ ਖ਼ੂਬਸੂਰਤ ਫੁੱਲਾਂ ਨਾਲ ਸਜ ਸਕਦੇ ਹਨ ਘਰ, ਵਿਹੜੇ, ਮਾਰਗ ਤੇ ਪਾਰਕ

ਪੰਜਾਬ ਵਿਚ ਸਰਦੀ ਰੁੱਤ ਨੂੰ ਫੁਲਾਂ ਦੀ ਰਾਣੀ ਕਿਹਾ ਜਾਂਦਾ ਹੈ ਤੇ ਬਹੁਤੇ ਮੌਸਮੀ ਫੁੱਲਾਂ ਦੀ ਕਾਸ਼ਤ ਸਰਦੀਆਂ ਵਿਚ ਹੀ ਕੀਤੀ ਜਾਂਦੀ ਹੈ, ਪਰ ਠੀਕ ਤਕਨੀਕ ਤੇ ਵਿਓਂਤਬੰਦੀ ਨਾਲ ਫੁੱਲਾਂ ਦੀਆਂ ਢੁਕੱਵੀਆਂ ਕਿਸਮਾਂ ਦੀ ਕਾਸ਼ਤ ਦੁਆਰਾ ਗਰਮੀਆਂ ਵਿਚ ਵੀ ਘਰਾਂ ਦੇ ਵਿਹੜਿਆਂ, ਪਾਰਕਾਂ ਤੇ ਰਸਤਿਆਂ ਤੇ ਫੁੱਲਾਂ ਦੇ ਖ਼ੂਬਸੂਰਤ ਰੰਗ ਖਿਲਾਰੇ ਜਾ ਸਕਦੇ ਹਨ ਤੇ ਹਵਾਵਾਂ ਵਿਚ ਸੁਖਾਵੀਆਂ ਮਹਿਕਾਂ ਖਿਲਾਰੀਆਂ ਜਾ ਸਕਦੀਆਂ ਹਨ, ਭਾਵੇਂ ਕਿ ਗਰਮੀਆਂ ਵਿਚ ਮਹਿਕਾਂ ਵੰਢਣ ਵਾਲੇ ਫੁੱਲਾਂ ਦੀਆਂ ਕਿਸਮਾਂ ਬਹੁਤ ਘੱਟ ਹਨ।

ਗਰਮੀਆਂ ਵਿਚ ਫੁੱਲਾਂ ਦੀਆਂ ਕਈ ਕਿਸਮਾਂ ਦੀ ਕੱਟ ਫਲਾਵਰ ਲਈ ਕਾਸ਼ਤ ਕਰਕੇ ਗਰਮੀਆਂ ਵਿੱਚ ਮਹਿੰਗੇ ਭਾਅ ਤੇ ਤਾਜ਼ੇ ਕੱਟੇ ਫੁੱਲ ਵੇਚੇ ਵੀ ਜਾ ਸਕਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਗਰਮੀਆਂ ਲਈ ਗੇਂਦੇ ਦੀ ਇੱਕ ਗੁਣਕਾਰੀ ਕਿਸਮ "ਪੰਜਾਬ ਗੇਂਦਾ ਨੰ 1" ਵਿਕਸਤ ਕੀਤੀ ਗਈ ਹੈ,ਏਸੇ ਕਿਸਮ ਨੂੰ ਗੂੜੇ ਸੰਤਰੀ ਰੰਗ ਤੇ ਕੱਟ ਫਲਾਵਰ ਦੀ ਲੋੜ ਲਈ ਢੁੱਕਵੇਂ ਸਾਈਜ਼ ਦੇ ਭਰਪੂਰ ਤੇ ਖ਼ੂਬਸੂਰਤ ਫੁੱਲ ਪੈਂਦੇ ਹਨ।

ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਪੰਜਾਬ ਵਿਚ ਗੇਂਦੇ ਦੀਆਂ ਸੰਤਰੀ ਤੇ ਪੀਲੇ ਰੰਗ ਦੇ ਫੁੱਲਾਂ ਵਾਲੀਆਂ ਕਿਸਮਾਂ ਪ੍ਰਚਲਤ ਸਨ ਜੋ ਗਰਮੀ ਤੇ ਬਰਸਾਤ ਦੇ ਮੌਸਮ ਵਿਚ ਖ਼ੂਬਸੂਰਤ ਤੇ ਭਰਪੂਰ ਫੁੱਲ ਦਿੰਦੀਆਂ ਸਨ ਪਰ ਹੁਣ ਇਹ ਕਿਸਮਾਂ ਗ਼ਾਇਬ ਹੋ ਚੁੱਕੀਆਂ ਹਨ।

ਅਗਸਤ ਤੋਂ ਅਕਤੂਬਰ ਤੱਕ ਰਜ਼ਨੀਗੰਧਾ (ਟੀਊਬਰੋਜ਼) ਦੇ ਬੂਟੇ, ਜੋ ਕਿਸੇ ਵੀ ਮੌਸਮ ਵਿਚ ਬਾਲਬ ਬੀਜ ਕੇ ਉਗਾਏ ਜਾ ਸਕਦੇ ਹਨ ਤੇ ਇਹ ਚਿੱਟੇ, ਲਾਲ ਤੇ ਕਰੀਮ ਰੰਗ ਦੇ ਖ਼ੂਬਸੂਰਤ ਤੇ ਭਰਪੂਰ ਫੁੱਲ ਦਿੰਦੇ ਹਨ, ਲੰਮੀਆਂ ਡੰਡੀਆਂ 'ਤੇ ਖਿੜੇ ਇੰਨ੍ਹਾਂ ਸੁੰਦਰ ਫੁੱਲਾਂ ਵਿਚੋ ਕਰੀਮ ਤੇ ਚਿੱਟੇ ਰੰਗ ਦੇ ਸਿੰਗਲਪੱਤੀ ਫੁੱਲ ਕੱਟ ਕੇ ਜੇ ਗੁਲਦਸਤੇ ਵਿਚ ਰੱਖ ਦਈਏ ਤਾਂ ਇਹ ਸਾਰੇ ਕਮਰੇ ਨੂੰ ਮਹਿਕਾ ਦੇਣ ਦੀ ਸਮਰੱਥਾ ਰੱਖਦੇ ਹਨ ਅਤੇ ਇੰਨ੍ਹਾਂ ਦੀ ਵਰਤੋਂ ਕਈ ਤਰਾਂ ਦੇ ਇਤਰ (ਪ੍ਰੋਫੀਊਮ) ਵਿਚ ਕੀਤੀ ਜਾਂਦੀ ਹੈ।

ਗਰਮੀਆਂ ਦੇ ਮੌਸਮ ਵਿਚ ਖ਼ੂਬਸੂਰਤ ਫੁੱਲ ਪ੍ਰਾਪਤ ਕਰਨ ਲਈ ਕਿਸੇ ਵੀ ਮੌਸਮ ਵਿਚ ਇਸਦੇ ਬਾਲਬ ਬੀਜ ਕੇ ਫੁੱਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ, ਲਿੱਲੀ ਦੇ ਬੂਟੇ ਦੀਆਂ ਦਰਮਿਨੀਆਂ ਤੇ ਮੋਟੀਆਂ ਡੰਡੀਆਂ 'ਤੇ ਬਹੁਤ ਮੋਟੇ ਆਕ੍ਰਸ਼ਿਤ ਤੇ ਲਾਲ ਰੰਗ ਦੇ ਫੁ.ਲ ਅਪ੍ਰੈਲ ਮਹੀਨੇ ਵਿਚ ਖਿੜਦੇ ਹਨ, ਇੰਨ੍ਹਾਂ ਫੁੱਲਾਂ ਨੂੰ ਵੀ ਠੀਕ ਢੰਗ ਵਰਤ ਕੇ 8-10 ਦਿਨ ਗੁਲੱਦਸਤੇ 'ਚ ਤਾਜ਼ੀ ਹਾਲਤ ਵਿਚ ਰੱਖਿਆ ਜਾ ਸਕਦਾ ਹੈ।

ਹਿਮਾਚਲੀ ਲਿਲੀ ਦੇ ਬਾਲਬ ਵੀ ਹਰ ਮੌਸਮ ਵਿੱਚ ਬੀਜ ਸਕਦੇ ਹਾਂ ਪਰ ਫੁੱਲ ਇਸਦੇ ਬੂਟਿਆਂ 'ਤੇ ਮਈ ਮਹੀਨੇ ਵਿਚ ਪੈਂਦੇ ਹਨ, ਬਦਾਮੀ ਰੰਗ ਦੇ ਇਹ ਫੁੱਲ ਵੀ ਲੰਮੀਆਂ ਡੰਡੀਆਂ 'ਤੇ ਲਗਦੇ ਹਨ ਤੇ ਇੰਨ੍ਹਾਂ ਨੂੰ ਵੀ ਪਾਣੀ ਪਾ ਕੇ ਗੁਲਦ-ਸਤਿਆਂ ਵਿਚ 8 ਤੋ 10 ਦਿਨਾਂ ਲਈ ਤਾਜ਼ੀ ਹਾਲਤ ਵਿਚ ਰੱਖਿਆਂ ਜਾ ਸਕਦਾ ਹੈ।

ਗੁਲਾਬ ਦੀਆਂ ਕੁੱਝ ਕਿਸਮਾਂ ਤੋਂ ਵੀ ਗਰਮੀਆਂ ਵਿੱਚ ਫੁੱਲ ਪ੍ਰਾਪਤ ਕੀਤੇ ਜਾ ਸਕਦੇ ਹਨ ਪਰ ਗਰਮੀਆਂ ਵਿਚ ਗੁਲਾਬ ਦੇ ਫੁੱਲਾਂ 'ਚ ਕੁਆਲਿਟੀ ਦੀ ਕਮੀ ਵੇਖੀ ਜਾਂਦੀ ਹੈ, ਹਾਂ! ਗੁਲਾਬ, ਜਰਬਰੇ ਤੇ ਕੁੱਝ ਹੋਰ ਕਿਸਮਾਂ ਦੇ ਫੁੱਲਾਂ ਦੀ ਖ਼ੂਬਸੂਰਤੀ ਬਰਕਾਰ ਰੱਖਣ ਲਈ ਕੂਲਿੰਗ ਤੇ ਅਨੁਕੂਲ ਵਾਤਾਵਰਨ ਵਾਲੇ ਪੌਲੀਹਾਊਸ ਵਿਚ ਉਗਾ ਕੇ ਗਰਮੀਆਂ ਦੇ ਮੌਸਮ ਵਿਚ ਕੱਟ ਫਲਾਵਾਰ ਦੀ ਲੋੜ ਲਈ ਸੁੰਦਰ ਤੇ ਵੰਨ ਸੁਵੰਨੇਂ ਰੰਗਾਂ ਵਾਲੇ ਫੁੱਲ ਪ੍ਰਾਪਤ ਕੀਤੇ ਜਾ ਸਕਦੇ ਹਨ।

ਕੀਮਤੀ ਤੇ ਖ਼ੂਬਸੂਰਤ ਫ਼ੁੱਲ, ਕੱਟ ਫਲਾਵਰ ਦੇ ਰੂਪ 'ਚ ਜਿੰਨਾਂ ਦੀ ਉੱਚੀ ਕੀਮਤ ਮਿਲ ਸਕਦੀ ਹੈ ਵਿਚ ਗਲੈਡੀਊਲਿਸ, ਕਾਰਨੇਸ਼ਨ ਤੇ ਲਿੱਲੀਅਮ ਸ਼ਾਮਿਲ ਹਨ ਇੰਨ੍ਹਾਂ ਕਿਸਮਾਂ ਦੇ ਗੰਢੇ ਜਾਂ ਬੂਟੇ ਲੇਟ ਤੇ ਸਰਦੀਆਂ ਵਿਚ ਲਾ ਕੇ ਇੰਨ੍ਹਾਂ ਤੋਂ ਸੁੰਦਰ ਵੰਨ ਸੁਵੰਨੀ ਬਣਤਰ ਤੇ ਵੰਨ ਸੁਵੰਨੇਂ ਰੰਗਾਂ ਵਾਲੇ ਫ਼ੁੱਲ ਮਾਰਚ ਅਪ੍ਰੈਲ ਵਿਚ ਵੀ ਲਏ ਜਾ ਸਕਦੇ ਹਨ, ਪਰ ਗਰਮੀਆਂ ਵਿਚ ਅਗਲੇ ਸਾਲ ਲਈ ਗੰਢੇ ਤੇ ਬੂਟੇ ਜੀਉਂਦੇ ਨਹੀਂ ਪੰਜਾਬ ਵਿਚ ਜਾਂ ਤਾਂ ਜੀਊਂਦੇ ਨਹੀਂ ਰਹਿਣਗੇ ਤੇ ਜਾਂ ਕਮਜ਼ੋਰ ਬਣਨਗੇ। ਕੱਟੇ ਹੋਏ ਫੁੱਲਾਂ ਨੂੰ ਪਾਣੀ ਪਾਕੇ ਗੁਲੱਦਸਤੇ 'ਚ ਲੰਮੇ ਸਮੇਂ ਲਈ ਤਾਜ਼ੀ ਹਾਲਤ ਵਿਚ ਰੱਖਿਆ ਜਾ ਸਕਦਾ ਹੈ, ਏਸ ਵਾਸਤੇ ਹਰ ਤੀਜੇ ਦਿਨ ਗੁੱਲਦਸਤੇ ਵਿਚੋ ਕੱਢ ਕੇ ਫੁੱਲਾਂ ਦੀਆਂ ਡੰਡੀਆਂ ਦੇ ਹੇਠਲੇ ਪਾਸੇ ਕਲਮ ਕਰਨ ਵਰਗਾ ਕੱਟ ਲਾ ਦੇਣਾ ਚਾਹੀਦਾ ਹੈ, ਅਜਿਹਾ ਕਰਨ ਨਾਲ ਪਾਣੀ ਨੂੰ ਫੁੱਲਾਂ ਤੱਕ ਜਾਣ ਲਈ ਤੇ ਫੁੱਲਾਂ ਨੂੰ ਤਾਜੇ ਰੱਖਣ ਵਾਸਤੇ ਡੰਡੀ ਉੱਪਰ ਜ਼ਿਆਦਾ ਥਾਂ ਮਿਲ ਜਾਂਦਾ ਹੈ, ਤੀਜੇ ਦਿਨ ਤਿਰਛਾ ਕੱਟ ਏਸ ਕਰਕੇ ਲਾਉਣਾ ਜ਼ਰੂਰੀ ਹੈ, ਕਿਉਂਕਿ ਕੱਟਾਂ 'ਤੇ ਸਹਿਜੇ ਸਹਿਜੇ ਬਕਟੀਰੀਆਂ ਦੀ ਤਹਿ ਜੰਮ ਜਾਂਦੀ ਹੈ ਤੇ ਫੁੱਲਾਂ ਲਈ ਪਾਣੀ ਦੀ ਸਪਲਾਈ ਬੰਦ ਹੋਣ ਨਾਲ ਤੇ ਫੁੱਲਾਂ ਤੱਕ ਬਕਟੀਰੀਆਂ ਦੇ ਪਹੁੰਚ ਜਾਣ ਨਾਲ ਅਕਸਰ ਫੁੱਲਾਂ ਦੀ ਖ਼ੂਬਸੂਰਤੀ 'ਤੇ ਕੁਆਲਿਟੀ ਪ੍ਰਭਾਵਤ ਹੁੰਦੀ ਹੈ।

ਫੁੱਲਾਂ ਦੀ ਕੁਆਲਿਟੀ ਤੇ ਖ਼ੂਬਸੂਰਤੀ ਨੂੰ ਸਥਿੱਰ ਰੱਖਣ ਲਈ ਗੁਲਦਸਤੇ ਦੇ ਪਾਣੀ ਵਿਚ ਅੱਧੀ ਕੁ ਗੋਲੀ ਐਨ-ਾਸੀਨ, ਐਸਪਰੋ, ਕਰੋਸੀਨ, ਸੈਰੇਡੀਨ ਜਾਂ ਕਿਸੇ ਵੀ ਦਰਦ ਨਿ-ਵਾਰਕ ਗੋਲੀ ਨੂੰ ਪੀਸ ਕੇ ਤੇ ਗੁਲਦਸਤੇ ਦੇ ਪਾਣੀ ਵਿਚ ਪਾ ਕੇ ਉਹਦੀ ਵਰਤੋਂ ਕੀਤੀ ਜਾ ਸਕਦੀ ਹੈ ਤੇ ਫ਼ੁੱਲਾਂ ਦੀ ਤਾਜ਼ਗੀ ਕਾਇਮ ਰੱਖੀ ਜਾ ਸਕਦੀ ਹੈ।

ਪਾਰਕਾਂ ਤੇ ਵਿਹੜਿਆਂ ਨੂੰ ਸਜਾਉਣ ਵਾਸਤੇ ਗਰਮੀ ਵਿਚ ਖਿੜਨ ਵਾਲਿਆਂ ਫੁੱਲਾਂ ਦੀਆਂ ਕਈ ਕਿਸਮਾਂ ਦੇ ਬੀਜ ਬੀਜੇ ਜਾ ਸਕਦੇ ਹਨ, ਅਜਿਹੀਆਂ ਕਿਸਮਾਂ ਵਿਚ ਰੰਗ ਬਰੰਗੇ, ਖ਼ੂਬ-ਸੂਰਤ ਤੇ ਭਰਵੀਂ ਗਿਣਤੀ ਵਿਚ ਫੁੱਲ ਦੇਣ ਵਾਲੀਆਂ ਕਿਸਮਾਂ ਵਿਚ ਨਰਗਸ ਦੀਆਂ ਵੀ ਕੁਝ ਕਿਸਮਾਂ ਸ਼ਾਮਿਲ ਹਨ ਪਰ ਪੀਲੇ ਪੋਲਨਾਂ ਵਾਲੀ ਤੇ ਮਹਿਕ ਦੇਣ ਵਾਲੀ ਨਰਗਸ ਦੇ ਫ਼ੁੱਲ ਗਰਮੀਆਂ ਵਿਚ ਨਹੀਂ ਮਿਲਦੇ।

ਨਰਗਸ ਦੇ ਬੂਟੇ ਬੜੀ ਘੈਂਟ ਕਿਸਮ ਦੇ ਹੁੰਦੇ ਹਨ,ਇਸਦੇ ਗੰਢੇ ਚੰਗੀ ਰੂੜੀ ਪਾ ਕੇ ਕਿਸੇ ਵੀ ਮੌਸਮ ਅੰਦਰ ਮਿੱਟੀ ਵਿੱਚ ਦੱਬ ਦਿਓ, ਫੇਰ ਇਸਦੇ ਬੂਟੇ ਕੋਈ ਪਰਵਾਹ ਨਹੀਂ ਕਰਦੇ ਤੇ ਹਰ ਤਰ੍ਹਾਂ ਦੀ ਸਮੱਸਿਆਂ ਦਾ ਸਾਹਮਣਾ ਕਰ ਸਕਦੇ ਹਨ, ਸਿਰਫ਼ ਘਾਹ ਫੂਸ ਕੱਢ ਕੇ ਤੇ ਰੂੜੀ ਪਾਕੇ ਬੀਜਣ ਤੋਂ ਬਿੰਨਾਂ ਨਰਗਸ ਦੇ ਬੂਟਿਆਂ ਲਈ ਹੋਰ ਕਿਸੇ ਤਰ੍ਹਾਂ ਦੀ ਸੇਵਾ ਦੀ ਕੋਈ ਬਹੁਤੀ ਲੋੜ ਨਹੀਂ ਹੁੰਦੀ,ਇੱਕ ਵਾਰ ਬੀਜੇ ਬੂਟੇ ਕਈ ਸਾਲਾਂ ਤੱਕ ਫੁੱਲ ਦਿੰਦੇ ਰਹਿੰਦੇ ਹਨ, ਨਰਗਸ ਦੀਆਂ ਵੱਖ-ਵੱਖ ਕਿਸਮਾਂ ਦੇ ਫੁੱਲ ਲਾਲ, ਪੀਲੇ, ਚਿੱਟੇ ਤੇ ਕਰੀਮ ਰੰਗਾਂ ਸਮੇਤ ਖਿੜਦੇ ਹਨ ਤੇ ਇਸ ਕਿਸਮ ਦੇ ਫੁੱਲਾਂ ਵਿਚ ਪੋਲਨ ਵੀ ਬਹੁਤ ਆਕ੍ਰਸਿਤ ਤੇ ਖ਼ੂਬਸੂਰਤ ਹੁੰਦੇ ਹਨ।

ਇਸ ਤੋਂ ਬਿਨ੍ਹਾਂ ਗਰਮੀ ਦੇ ਫੁੱਲਾਂ ਵਿਚ ਬਾਲਸਮ, ਜਿਸ ਨੂੰ ਪੰਜਾਬ ਵਿਚ ਕਤੀਰਾ ਕਿਹਾ ਜਾਂਦਾ ਸੀ ਦੇ ਫੁੱਲ ਹਰ ਪੱਤੇ ਦੀ ਡੰਡੀ ਦੇ ਮੁੱਢ ਨਾਲ ਲਗਦੇ ਹਨ ਤੇ ਕਈ ਰੰਗਾਂ ਵਿਚ ਹੁੰਦੇ ਹਨ, ਬਾਲਸਮ ਦੇ ਬੀਜ ਬਰਸਾਤ ਵਿਚ ਬੀਜੇ ਜਾਂਦੇ ਹਨ ਇਸਦੇ ਫ਼ੁੱਲਾਂ ਦਾ ਅਗਸਤ ਸਤੰਬਰ ਵਿਚ ਭਰ ਪੈ ਜਾਂਦਾ ਹੈ।

ਘਰਾਂ ਤੇ ਪਾਰਕਾਂ ਨੂੰ ਸਜਾਉਣ ਵਾਸਤੇ ਫੁੱਲਾਂ ਦੀ ਇਕ ਪੁਰਾਣੀ ਤੇ ਪ੍ਰਚਲਿਤ ਕਿਸਮ ਜੀਨੀਏ ਵਿਚ ਦੋ ਤਰ੍ਹਾਂ ਦੇ ਫੁੱਲ ਹੁੰਦੇ ਹਨ, ਸਿੰਗਲਪੱਤੀ ਅਤੇ ਡਬਲਪੱਤੀ ਇੰਨ੍ਹਾਂ ਫੁੱਲਾਂ ਦੇ ਕਈ ਵੰਨ ਸੁਵੰਨੇ ਤੇ ਖ਼ੂਬਸੂਰਤ ਰੰਗ ਹੁੰਦੇ ਹਨ, ਵਰਤਮਾਨ ਸਮੇਂ 'ਚ ਜੀਨੀਏ ਦੇ ਬੂਟਿਆਂ ਵਿਚ ਅਕਸਰ ਵਾਇਰਸ ਦਾ ਰੋਗ ਆਉਣ ਲੱਗ ਪਿਆ ਹੈ, ਜਿਸ ਨਾਲ ਪੀਲੇ ਟਿਮਕਣੇਂ ਪੈ ਕੇ ਪਤੇ ਸੁੰਗੜ ਜਾਂਦੇ ਹਨ, ਏਸ ਰੋਗ ਨੂੰ ਰੋਕਣ ਵਾਸਤੇ ਡਾਈਥੀਨ ਐਮ: 45 ਤੇ ਰੋਗਰ ਦੀ ਸਪ੍ਰੇਅ ਕਰਨ ਦੀ ਲੋੜ ਪੈਂਦੀ ਹੈ।



ਮਹਿੰਦਰ ਸਿੰਘ 'ਦੋਸਾਂਝ'

ਫੁੱਲਾਂ ਦੀ ਇਕ ਹੋਰ ਕਿਸਮ ਵੀ ਘਰਾਂ ਦੇ ਵਿਹੜਿਆਂ ਵਿਚ ਗਰਮੀ ਦੇ ਮੌਸਮ ਲਈ ਢੁੱਕਵੀਂ ਹੈ ਤੇ ਇਸ ਦਾ ਨਾਮ ਹੈ ਗਲਾਰਡੀਆ, ਇਸਦੇ ਫੁੱਲ ਵੰਨ ਸੁਵੰਨੇ ਰੰਗਾਂ ਵਾਲੇ ਹੁੰਦੇ ਹਨ ਤੇ ਪੱਕੇ ਹੋਏ ਫੁੱਲਾਂ ਵਿਚ ਕੰਡ ਹੁੰਦੀ ਹੈ ਜੋ ਬੰਦੇ ਦੀ ਚਮੜੀ ਤੇ ਲੜਨ ਲੱਗ ਜਾਂਦੀ ਹੈ, ਗਲਾਡੀਏ ਦੇ ਬੂਟੇ ਬਹੁਤ ਘੱਟ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਹੁੰਦਾ ਹੈ। ਫੁੱਲਾਂ ਦੀਆਂ ਵੱਖ-ਵੱਖ ਕਿਸਮਾਂ ਦੇ ਕਈ ਸਥਾਈ ਬਿਰਛ ਬੂਟੇ ਵੀ ਹਨ, ਜੋ ਗਰਮੀਆਂ ਵਿਚ ਵੰਨ ਸੁਵੰਨੇ ਤੇ ਖ਼ੂਬਸੂਰਤ ਫ਼ੁੱਲ ਦੇਣ ਦੀ ਸਮਰੱਥਾ ਰੱਖਦੇ ਹਨ, ਫ਼ੁੱਲਾਂ ਦੀਆਂ ਅਜਿਹੀਆਂ ਅਨਗਿਣਤ ਕਿਸਮਾਂ ਹਨ ਪਰ ਇੰਨ੍ਹਾਂ ਵਿਚ ਵਿਸ਼ੇਸ਼ ਕਰਕੇ ਸ਼ਾਮਿਲ ਹੈ ਵਿਸਕਸ, ਚੰਬੇਲੀ, ਵੋਗਨਵਿਲੀਆ, ਜਟਰੋਫਾ, ਕੇਲੀਆਂ ਅਤੇ ਬਿਰਛਾਂ ਵਿਚ ਸ਼ਾਮਿਲ ਹਨ ਜਕਰੰਡਾ ਜਿਸਦੇ ਫੁੱਲ ਨੀਲੇ ਰੰਗ ਨਾਲ ਮਈ ਵਿਚ ਖਿੜਦੇ ਹਨ, ਅਮਲਤਾਸ ਦੇ ਪੀਲੇ ਫੁੱਲ ਜੂਨ ਵਿਚ ਖਿੜਦੇ ਹਨ, ਗੁਲਮੋਹਰ ਦੇ ਲਾਲ ਮੈਕਸੀਕਨ ਕੌਂਟਨਟਰੀ ਦੇ ਦੋ ਰੰਗੇ ਤੇ ਪਿੰਕਕੇਸ਼ੀਆ ਨਿਡੋਸਾ ਦੇ ਕਈ ਰੰਗਾਂ ਦੇ ਫ਼ੁੱਲਾਂ ਦਾ ਬਹੁਤਾ ਭਰ ਸਤੰਬਰ ਅਕਤੂਬਰ ਵਿਚ ਪੈਂਦਾ ਹੈ।



ਦੋਸਾਂਝ ਫਾਰਮ 'ਤੇ ਆਏ ਫਰੀਦਕੋਟ ਦੇ ਅਗਾਂਹਵਧੂ ਕਿਸਾਨ ਨਵੀਂਆਂ ਖੇਤੀ ਖੋਜਾਂ ਬਾਰੇ ਵਿਚਾਰ ਵਿਟਾਂਦਰਾ ਕਰਦੇ ਹੋਏ।



ਇੱਕ ਸਕੂਲ ਦੇ ਵਿਦਿਆਰਥੀਆਂ ਨੂੰ ਭਵਿੱਖ ਦੀ ਖੇਤੀ ਬਾਰੇ ਜਾਣਕਾਰੀ ਦਿੰਦੇ ਹੋਏ



ਸਰੋਂ ਦੀਆਂ ਸੰਯੁਕਤ ਕਿਸਮਾਂ ਦੀ ਕਾਸ਼ਤ ਦਾ ਪ੍ਰਦਰਸ਼ਨ



ਦੋਸਾਂਝ ਫਾਰਮ 'ਤੇ ਵਿਜਿਟ ਕਰਨ ਆਏ ਪੀ. ਏ. ਯੂ. ਦੇ ਵਿਦਿਆਰਥੀ




ਲੇਖਕ ਸੰਤੋਖ ਸਿੰਘ ਜੱਸੀ
ਸ. ਮਹਿੰਦਰ ਸਿੰਘ
ਦੁਸਾਂਝ ਦੇ ਨਾਲ।

# ਜੀਵਨ ਵੇਰਵਾ ਸ. ਮਹਿੰਦਰ ਸਿੰਘ 'ਦੋਸਾਂਝ'

ਨਾਮ : ਮਹਿੰਦਰ ਸਿੰਘ ਦੋਸਾਂਝ
ਮਾਤਾ ਦਾ ਨਾਮ : ਸ਼੍ਰੀਮਤੀ ਉਧਮ ਕੌਰ
ਪਿਤਾ ਦਾ ਨਾਮ : ਪ੍ਰਿੰਸੀਪਲ ਗੁਰਚਰਨ ਸਿੰਘ ਦੁਸਾਂਝ
ਪਤਨੀ ਦਾ ਨਾਮ : ਮਹਿੰਦਰ ਕੌਰ ਦੋਸਾਂਝ
ਜਨਮ ਤਰੀਕ : ਪੰਜ ਫਰਵਰੀ ਉਨ੍ਹੀ ਸੌ ਚਾਲੀ (05-02-1940)
ਜਨਮ ਸਥਾਨ : ਜਗਤਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਪੰਜਾਬ, ਭਾਰਤ
ਕਿੱਤਾ : ਅਗਾਂਹਵਧੂ ਕਿਸਾਨ
ਸਿੱਖਿਆ : ਬੁੱਧੀਮਾਨੀ, ਗਿਆਨੀ ਅਤੇ ਬੀ. ਏ.
ਜਾਣੀਆਂ ਜਾਂਦੀਆਂ ਭਾਸ਼ਾਵਾਂ: ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ

### ਪੁਸਤਕਾਂ

- ਹੁਸੀਨ ਸੇਵੇਰੇ, ਗਾਮਗੀਨ ਸ਼ਾਮਾਂ (ਸੰਪਾਦਿਤ ਕਵਿਤਾਵਾਂ), 1967
- ਘੜੀਐ ਸ਼ਬਦੁ ਸਚੀ ਟਕਸਾਲ (ਗੁਰੂ ਨਾਨਕ ਦੇਵ ਜੀ ਵਿਆਕਤੀਤਵ 'ਤੇ ਕ੍ਰਿਤੀਤਵ ਬਾਰੇ ਸੰਪਾਦਿਤ ਲੇਖ ਸੰਗ੍ਰਿਹ), 1969
- ਦਿਸ਼ਾ (ਮੌਲਿਕ ਕਾਵਿ-ਸੰਗ੍ਰਿਹ), 1972
- ਆਪੋ-ਆਪਣੇ ਰੰਗ (ਸੰਪਾਦਿਤ ਕਵਿਤਾਵਾਂ ਅਤੇ ਕਹਾਣੀਆਂ), 1981
- ਕਿਰਤ ਨਾਲ ਜੁੜੇ ਰਿਸ਼ਤੇ (ਮੌਲਿਕ ਕਹਾਣੀ-ਸੰਗ੍ਰਿਹ), 1984
- ਸਾਡਾ ਨਵਾਂ ਸ਼ਹਿਰ (ਨਵਾਂ ਸ਼ਹਿਰ ਬਾਰੇ ਸਰਵਪੱਖੀ ਵਾਕਫੀ ਸੰਪਾਦਿਤ ਲੇਖ ਸੰਗ੍ਰਿਹ), 1998

- ਰੋਸ਼ਨੀ ਦੀ ਭਾਲ (ਮੌਲਿਕ ਕਾਵਿ-ਸੰਗ੍ਰਿਹ), 1998
- ਯਾਦਾਂ ਪਾਕਿਸਤਾਨ ਦੀਆਂ (ਯਾਤਰਾ), 2014
- ਪਸੀਨੇ ਵਿਚ ਧੋਤੀ ਜ਼ਿੰਦਗੀ (ਮੌਲਿਕ ਕਹਾਣੀ-ਸੰਗ੍ਰਿਹ) 2018
- ਪੇਂਡੂ ਪੰਜਾਬ ਤੇ ਕਿਸਾਨੀ ਦਾ ਪੁਰਾਤਨ ਸੱਭਿਆਚਾਰ (ਲੇਖ ਸੰਗ੍ਰਿਹ) 2019
- ਮੰਜ਼ਿਲ ਤੇ ਪੱਗਡੰਡੀਆਂ (ਮੌਲਿਕ ਕਾਵਿ-ਸੰਗ੍ਰਿਹ) 2021

### ਕਮੇਟੀਆਂ ਵਿਚ ਪ੍ਰਤੀਨਿੱਧਤਾ

- ਮੁੱਖ ਸਲਾਹਕਾਰ ਤੇ ਵਿਜਿਟਿੰਗ ਪ੍ਰੋਫੈਸਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ (ਜਲੰਧਰ)
- ਮੈਂਬਰ ਜ਼ਿਲ੍ਹਾ ਖੇਤੀਬਾੜੀ ਉਤਪਾਦਨ ਕਮੇਟੀ (ਸ਼. ਭ. ਸ. ਨਗਰ)।
- ਮੈਂਬਰ ਜ਼ਿਲ੍ਹਾ ਹਾਈ-ਪਾਵਰ ਕਮੇਟੀ ਸਹਿਕਾਰਤਾ ਵਿਭਾਗ, ਜ਼ਿਲਾ ਨਵਾਂਸ਼ਹਿਰ।
- ਪ੍ਰਧਾਨ ਪੰਜਾਬੀ ਲੇਖਕ ਸਭਾ, ਜਗਤਪੁਰ।

### ਕਮੇਟੀਆਂ ਤੇ ਸੰਸਥਾਵਾਂ ਦਾ ਸਾਬਕਾ ਮੈਂਬਰ ਤੇ ਅਹੁਦੇਦਾਰ

- ਸਾਬਕਾ ਮੈਂਬਰ ਖੇਤੀਬਾੜੀ ਖੋਜ ਪਰਿਸ਼ਦ, ਪੀ. ਏ. ਯੂ. ਲੁਧਿਆਣਾ।
- ਸਾਬਕਾ ਮੈਂਬਰ ਪਬਲੀਕੇਸ਼ਨ ਕਮੇਟੀ, ਪੀ. ਏ. ਯੂ. ਲੁਧਿਆਣਾ।
- ਸਾਬਕਾ ਮੈਂਬਰ ਪੰਜਾਬ ਰਾਜ ਬੀਜ ਸਬ ਕਮੇਟੀ, ਚੰਡੀਗੜ੍ਹ।
- ਸਾਬਕਾ ਮੈਂਬਰ ਗਵਰਨਿੰਗ ਬੋਰਡ, ਪੰਜਾਬ ਰਾਜ ਬੀਜ ਪ੍ਰਮਾਣੀਕਰਣ ਅਥਾਰਟੀ, ਚੰਡੀਗੜ੍ਹ।
- ਸਾਬਕਾ ਮੈਂਬਰ ਨੈਸ਼ਨਲ ਬਾਗਬਾਨੀ ਮਿਸ਼ਨ, (ਚੰਡੀਗੜ੍ਹ ਪੰਜਾਬ ਰਾਜ ਕਾਰਜਕਾਰੀ ਕਮੇਟੀ)।
- ਸਾਬਕਾ ਮੈਂਬਰ ਕੋਰ ਕਮੇਟੀ, ਦੋਆਬਾ ਸਹਿਕਾਰੀ ਖੰਡ ਮਿੱਲ, ਐਸ ਬੀ ਐਸ ਨਗਰ।
- ਸਾਬਕਾ ਮੈਂਬਰ ਪੀ. ਏ. ਯੂ. ਕਿਸਾਨ ਕਮੇਟੀ, ਪੀ। ਏ। ਯੂ। ਲੁਧਿਆਣਾ।
- ਸਾਬਕਾ ਮੈਂਬਰ ਫਾਰਮਰ ਫੈਲੋ ਪੀ, ਏ, ਯੂ, ਲੁਧਿਆਣਾ।
- ਸਾਬਕਾ ਮੈਂਬਰ ਜ਼ਿਲ੍ਹਾ ਖੇਤੀਬਾੜੀ ਉਤਪਾਦਨ ਕਮੇਟੀ, ਜਲੰਧਰ।

### ਸਾਹਿਤਕ / ਸਭਿਆਚਾਰਕ ਸੰਸਥਾਵਾਂ ਦੀ ਮੈਂਬਰਸ਼ਿਪ (ਸਮੇਂ ਸਮੇਂ ਤੇ)

- ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ
- ਪੰਜਾਬੀ ਸਭਿਆਚਾਰ ਅਕਾਦਮੀ, ਲੁਧਿਆਣਾ
- ਅੰਤਰ ਰਾਸ਼ਟਰੀ ਪੰਜਾਬੀ ਸਾਹਿਤ ਸਭਾ, ਲੰਡਨ-ਸੀਨੀਅਰ ਵਾਈਸ-ਪ੍ਰੈਜ਼ੀਡੈਂਟ (ਸਾਬਕਾ)
- ਕੈਨੇਡੀਅਨ ਅੰਤਰਰਾਸ਼ਟਰੀ ਪੰਜਾਬੀ ਸਾਹਿਤ ਸਭਾ, ਟੋਰਾਂਟੋ-ਸੀਨੀਅਰ ਵਾਈਸ-ਪ੍ਰੈਜ਼ੀਡੈਂਟ (ਸਾਬਕਾ)



- ਕੇਂਦਰ ਪੰਜਾਬੀ ਲੇਖਕ ਸ਼ਾਭਾ, ਜਲੰਧਰ ਸਕੱਤਰ (ਸਾਬਕਾ)
- ਪੰਜਾਬ ਰੂਰਲ ਐਜੂਕੇਸ਼ਨ ਪ੍ਰਮੋਸ਼ਨ ਕੌਂਸਲ, ਲੁਧਿਆਣਾ-ਸੀਨੀਅਰ ਮੀਤ ਪ੍ਰਧਾਨ (ਸਾਬਕਾ)
- ਪ੍ਰੋਗਰਾਮ ਸਲਾਹਕਾਰ ਕਮੇਟੀ, ਆਲ ਇੰਡੀਆ ਰੇਡੀ, ਜਲੰਧਰ (ਸਾਬਕਾ)
- ਪ੍ਰੋਗਰਾਮ ਸਲਾਹਕਾਰ ਕਮੇਟੀ, ਦੂਰਦਰਸ਼ਨ, ਜਲੰਧਰ (ਸਾਬਕਾ)
- ਜ਼ਿਲ੍ਹਾ ਪਬਲਿਕ ਰਿਲੇਸ਼ਨ ਕਮੇਟੀ, ਐਸ। ਬੀ। ਐਸ। ਨਗਰ (ਸਾਬਕਾ)

### ਕੁਝ ਵਿਲੱਖਣ ਪੁਰਸਕਾਰ ਅਤੇ ਸਨਮਾਨ

- ਕਣਕ ਦੇ ਵਿਸ਼ੇਸ਼ ਉਤਪਾਦਨ ਲਈ 16 ਅਕਤੂਬਰ 1986 ਨੂੰ ਬੈਂਕਾਕ (ਥਾਈਲੈਂਡ) ਵਿਖੇ ਛੇਵੇਂ ਵਿਸ਼ਵ ਭੋਜਨ ਦਿਵਸ 'ਤੇ ਸੰਯੁਕਤ ਰਾਸ਼ਟਰ ਸੰਘ ਵਲੋਂ ਅੰਤਰ-ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ।
- ਉੱਤਰ-ਪੱਛਮੀ ਰਾਜਾਂ ਦੀ ਮਛੋਵਰਾ (ਹਿਮਾਚਲ ਪ੍ਰਦੇਸ) ਵਿਖੇ ਦਿਹਾਤੀ ਸਿਖਿਆ ਬਾਰੇ ਹੋਈ ਵਰਕਸ਼ਾਪ ਸਮੇਂ ਪੇਂਡੂ ਲੋਕਾਂ ਵਿਚ ਵਿਦਿਆ ਤੇ ਜਾਗਰਿਤੀ ਪੈਦਾ ਕਰਨ ਲਈ ਸ਼੍ਰੀ ਧਨਕ ਲਾਲ ਮੰਡਲ ਗਵਰਨਰ ਹਰਿਆਣਾ ਹੱਥੀਂ ਸਨਮਾਨਿਤ।
- 1996 ਵਿਚ ਗਣਤੰਤਰਤਾ ਦਿਵਸ 'ਤੇ ਵੱਖ-ਵੱਖ ਖੇਤਰਾਂ 'ਚ ਪ੍ਰਾਪਤੀਆਂ ਲਈ ਨਵਾਂ ਸ਼ਹਿਰ ਵਿਖੇ ਸਨਮਾਨਿਤ।
- 1997 ਵਿਚ ਪੀ. ਏ. ਯੂ. ਵਿਖੇ ਕਿਸਾਨ ਮੇਲੇ 'ਤੇ ਖੇਤੀ ਖੋਜ ਲਈ ਪੁਰਸਕ੍ਰਿਤ।
- ਆਜ਼ਾਦੀ ਦਿਵਸ, 1999 'ਤੇ ਸਮਾਜ ਸੇਵਾ ਲਈ ਪੁਰਸਕਾਰ।
- ਪ੍ਰਵਾਸੀ ਪੰਜਾਬੀਆਂ ਦੀ ਭਲਾਈ ਲਈ ਐਨ.ਆਰ. ਆਈ. ਦਿਵਸ ਚੰਡੀਗੜ੍ਹ, 2006 ਨੂੰ ਸਨਮਾਨਿਤ।
- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਿਸਾਨ ਮੇਲੇ ਸਮੇਂ ਖੇਤੀ ਵਿਚ ਵੰਨਸੁਵੰਨਤਾ ਲਈ 2007 ਵਿਚ ਮੁੱਖ ਮੰਤਰੀ ਪੁਰਸਕਾਰ ਨਾਲ ਸਨਮਾਨਿਤ।
- ਨਵਾਂ ਸ਼ਹਿਰ ਵਿਖੇ 2008 ਵਿਚ ਸੁਤੰਤਰਤਾ ਦਿਵਸ 'ਤੇ ਖੇਤੀ ਵਿਚ ਨਵੀਆਂ ਵਿਧੀਆਂ ਵਿਕਸਤ ਕਰਨ ਲਈ ਪੁਰਸਕਾਰ।
- ਖੇਤੀਬਾੜੀ ਵਿਭਾਗ, ਪੰਜਾਬ ਵਲੋਂ 2008 ਨੂੰ ਰੋਪੜ ਵਿਖੇ ਆਯੋਜਿਤ ਸਟੇਟ ਪੱਧਰ ਦੇ ਕਿਸਾਨ ਮੇਲੇ ਸਮੇਂ "ਦੁਸਾਂਝ ਖੇਤੀ ਫਾਰਮ" ਦੀ ਪ੍ਰਦਰਸ਼ਨੀ ਨਾਲ ਜ਼ਿਲਾ ਨਵਾਂ ਸ਼ਹਿਰ ਲਈ ਮਿਲਿਆ ਪਹਿਲਾ ਪੁਰਸਕਾਰ।
- 2010 ਵਿਚ ਰਾਸ਼ਟਰੀ ਖੇਤੀ ਮੇਲੇ ਸਮੇਂ ਵਿਭਿੰਨ ਐਗਰੋ-ਫਾਰਮਿੰਗ ਦੇ ਵੱਖਰੇ ਮਾਡਲਾਂ ਲਈ ਪੁਰਸਕਾਰ।
- ਫਰਵਰੀ 2011 ਵਿਚ ਉੱਤਰੀ-ਪੱਛਮੀ ਰਾਜਾਂ ਦੇ ਹਮੀਰਪੁਰ (ਹਿਮਾਚਲ ਪ੍ਰਦੇਸ਼) ਵਿਖੇ ਖੇਤੀਬਾੜੀ ਮੇਲੇ ਦੌਰਾਨ ਕਿਸਾਨ ਪ੍ਰੇਰਣਾ ਸਰੋਤ ਪੁਰਸਕਾਰ।

### ਖੇਤੀਬਾੜੀ ਵਿਚ ਮਹੱਤਵਪੂਰਣ ਗਤੀਵਿਧੀਆਂ

- ਭਵਿੱਖ ਲਈ ਫਾਰਮ-ਮਾਡਲ ਦੀ ਸਥਾਪਨਾ
- ਖੇਤੀ ਸਿਖਲਾਈ ਕੇਂਦਰਾਂ ਵਿੱਚ ਯੋਗਦਾਨ
- ਖੇਤੀਬਾੜੀ ਬਾਰੇ ਪਹਿਲੀ ਕਮਿਊਨਿਟੀ ਫਿਲਮ ਆਪਣੇ ਫਾਰਮ 'ਤੇ ਭਾਰਤ ਸਰਕਾਰ ਦੇ ਵਿਗਿਆਨ ਅਤੇ ਟੈਕਨੋਲੋਜੀ ਵਿਭਾਗ ਦੀ ਸਹਾਇਤਾ ਨਾਲ "ਕੋਈ ਰਾਹ ਦਿਸੇ" ਫਿਲਮ ਤਿਆਰ ਕਰਵਾਈ ਤੇ ਫਿਲਮ ਵਿਚ ਕੰਮ ਕੀਤਾ।
- ਖੇਤੀ ਉਤਪਾਦਾਂ ਦੀ ਪ੍ਰੋਸੈਸਿੰਗ
- ਵੱਖ ਵੱਖ ਥਾਵਾਂ 'ਤੇ ਵੰਨ-ਸੁਵੰਨੇ ਖੇਤੀਬਾੜੀ ਬਾਰੇ ਭਾਸ਼ਣ
- ਵੱਖ-ਵੱਖ ਵਿਸ਼ਿਆਂ 'ਤੇ 190 ਲੇਖ ਤੇ 7 ਖੋਜ ਪੱਤਰ ਲਿਖੇ ਜੋ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਸੈ ਸੈਮੀਨਾਰਾਂ ਵਿਚ ਪੜੇ ਤੇ ਵਿਚਾਰੇ ਗਏ।
- ਖੇਤੀਬਾੜੀ ਬਾਰੇ ਸੈਮੀਨਾਰ, ਵਿਚਾਰ ਵਟਾਂਦਰੇ ਅਤੇ ਵਰਕਸ਼ਾਪਾਂ ਦਾ ਆਯੋਜਨ ਤੇ ਸ਼ਮੂਲੀਅਤ।
- ਲਗਪਗ 90 ਵੱਖ-ਵੱਖ ਵਿਸ਼ਿਆਂ 'ਤੇ ਰੇਡੀ ਤੇ ਟੀ।ਵੀ। ਇੰਟਰਵਿਊ ਦਿਤੇ।
- ਕੇਵੀਕੇ ਅਤੇ ਸਥਾਨਕ ਸੰਸਥਾਵਾਂ ਨੂੰ ਸਰਗਰਮੀਆਂ ਵਿਚ ਸਹਿਯੋਗ ਦਿਤਾ।
- ਖੇਤੀ ਉਤਪਾਦ ਪ੍ਰਦਰਸ਼ਨੀ, ਸਿਖਲਾਈ ਕੈਂਪ, ਫਾਰਮ ਮੇਲੇ ਆਦਿ ਲਾਉਣ ਦਾ ਪ੍ਰਬੰਧ ਕੀਤਾ।
- ਕਿਸਾਨਾਂ ਤੇ ਕਿਸਾਨ ਬੀਬੀਆਂ ਨੂੰ ਖੇਤੀਬਾੜੀ ਯੂਨੀਵਰਸਿਟੀਆਂ, ਫਾਰਮਾਂ ਅਤੇ ਖੇਤੀਬਾੜੀ ਖੋਜ ਕੇਂਦਰਾਂ ਦੇ ਦੌਰਾ ਕਰਵਾਏ।
- ਖੇਤੀ ਮੇਲਿਆਂ ਦੀਆਂ ਪ੍ਰਦਰਸ਼ਨੀਆਂ ਵਿਚ ਹਿੱਸਾ ਲਿਆ।
- ਵੰਨ-ਸੁਵੰਨੇ ਖੇਤੀ, ਉਤਪਾਦਨ ਅਤੇ ਮੰਡੀਕਰਨ ਵਿੱਚ ਕਿਸਾਨਾਂ ਦੀ ਮਦਦ ਕੀਤੀ।
- ਨਿਰਯਾਤ ਅਤੇ ਕਾਸ਼ਤ ਲਈ ਹਾਈਬ੍ਰਿਡ ਬੀਜਾਂ ਲਈ ਪ੍ਰਾਜੈਕਟ ਆਯੋਜਿਤ ਕੀਤਾ।
- ਫਲਾਂ / ਸਬਜ਼ੀਆਂ ਦੇ ਉਤਪਾਦਾਂ ਦੀ ਉਪਯੋਗੀ ਵਰਤੋਂ ਬਾਰੇ ਵਿਧੀਆਂ ਵਿਕਸਤ ਕੀਤੀਆਂ।
- ਆਪਣੇ ਫਾਰਮ ਦੀਆਂ ਖੇਤੀਬਾੜੀ ਪ੍ਰਦਰਸ਼ਨੀਆਂ ਦਾ ਪ੍ਰਬੰਧ ਕੀਤਾ।
- 1996 ਵਿਚ ਵੱਖ-ਵੱਖ ਫਸਲਾਂ ਵਿਚ ਹਾਈ ਬ੍ਰਿਡ ਬੀਜ ਉਤਪਾਦਨ ਦਾ ਪ੍ਰੈਜੈਕਟ ਸ਼ੁਰੂ ਕੀਤਾ।
- ਇਸੇ ਸਮੇਂ ਫੁੱਲਾਂ ਦੀ ਕਾਸ਼ਤ ਦਾ ਕੰਮ ਸ਼ੁਰੂ ਕੀਤਾ।
- ਇੰਗਲੈਂਡ ਵਿਚ ਅੰਤਰ-ਰਾਸ਼ਟਰੀ ਪੱਧਰ 'ਤੇ ਖੇਤੀ ਖੋਜ ਬਾਰੇ ਛਪਣ ਵਾਲੀ ਪੁਸਤਕ "ਫਾਰਮਰ ਰਿਸਰਚ ਐਂਡ ਪ੍ਰੈਕਟਸ" ਦੇ 1997 ਤੋਂ 2002 ਦੇ ਐਡੀਸ਼ਨ ਵਿਚ "ਦੋਸਾਂਝ ਖੇਤੀਬਾੜੀ ਫਾਰਮ" ਦੀਆਂ ਖੋਜਾਂ ਨੂੰ 9 ਪੰਨੇ ਪ੍ਰਾਪਤ ਹੋਏ ਹਨ।

### ਦੇਸ਼ ਵਿਦੇਸ਼ ਦੀਆਂ ਯਾਤਰਾ ਅਤੇ ਯਾਤਰਾਵਾਂ

ਭਾਰਤ ਅੰਦਰ ਜੰਮੂ-ਕਸ਼ਮੀਰ (1975), ਕੇਰਲ (1982), ਆਂਧਰਾ ਪ੍ਰਦੇਸ਼ (1982 ਅਤੇ 1990), ਤਾਮਿਲਨਾਡੂ (1982 ਅਤੇ 1990), ਕਰਨਾਟਕ (1990), ਮਹਾਰਾਸ਼ਟਰ (2008 ਅਤੇ 2012) ਅਤੇ ਹਿਮਾਚਲ ਪ੍ਰਦੇਸ਼ (ਕਈ ਵਾਰ)।
ਵਿਦੇਸ਼ਾਂ ਦੇ ਦੌਰੇ ਜਿਨ੍ਹਾਂ ਵਿਚ ਥਾਈਲੈਂਡ (1986), ਇੰਗਲੈਂਡ (1990), ਹਾਲੈਂਡ (1990 ਅਤੇ 1998), ਕੈਨੇਡਾ ਅਤੇ ਅਮਰੀਕਾ (1994 ਅਤੇ 1998) ਅਤੇ ਪਾਕਿਸਤਾਨ (2001)


ਪਤਾ:
ਮਹਿੰਦਰ ਸਿੰਘ ਦੁਸਾਂਝ
ਵੀ. ਪੀ. ਜਗਤਪੁਰ,
ਵਾਇਆ ਮੁਕੰਦਪੁਰ
ਐਸ ਬੀ ਐਸ ਨਗਰ (ਨਵਾਂ ਸ਼ਹਿਰ)
ਮੋਬਾਈਲ: +919463233991




ਦੋਸਾਂਝ ਫਾਰਮ ਦੀ ਵਿਜਿਟ 'ਤੇ ਆਏ ਹਿਮਾਚਲ ਦੇ ਕਿਸਾਨ ਤੇ ਸਾਇੰਸਟਿਸਟ

## ਦੂਜੀ ਬਰਸੀ 'ਤੇ ਵਿਸ਼ੇਸ਼

# ਮੇਰੀ ਜੂਹ ਦਾ ਪ੍ਰੇਮ ਗੋਰਖੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਪ੍ਰਸਿੱਧ ਕਹਾਣੀਕਾਰ, ਪੱਤਰਕਾਰ, ਕਾਲਮ ਨਵੀਸ ਅਤੇ ਨਾਵਲਕਾਰ ਪ੍ਰੇਮ ਗੋਰਖੀ ਮੇਰੀ ਜੂਹ ਲਾਡੋਵਾਲੀ (ਜਲੰਧਰ) ਦਾ ਸੀ। ਉਮਰ ਵਿਚ ਮੇਰੇ ਤੋਂ ਵੱਡਾ ਹੋਣ ਕਰਕੇ, ਮੇਰੇ ਬਚਪਨ ਦੇ ਹਾਣੀਆਂ ਵਾਂਗ ਉਸ ਨਾਲ ਬਹੁਤੀ ਸਾਂਝ ਨਹੀਂ ਸੀ। ਇਕੱਠੇ ਖੇਡਦੇ ਵੀ ਰਹੇ ਪਰ ਸੀਮਤ ਹਾਲ-ਚਾਲ ਪੁੱਛਣ ਤੱਕ ਹੀ ਸੀਮਤ ਸੀ। ਗੋਰਖੀ ਪਹਿਲਾਂ ਵਿਹੜੇ ਦਾ ਪ੍ਰੇਮ ਨਾਂ ਕਰਕੇ ਹੀ ਜਾਣਿਆ ਜਾਂਦਾ ਸੀ। ਉਹ ਬਚਪਨ ਤੋਂ ਮੇਰੀਆਂ ਅੱਖਾਂ ਸਾਹਮਣੇ ਹੀ ਵਿੱਚਰਦਾ ਰਿਹਾ। ਉਸਨੇ ਜਦ ਕੇਸ ਰੱਖਣੇ ਸ਼ੁਰੂ ਕੀਤੇ ਤਾਂ ਪੱਟਿਆਂ ਵਾਲਾ ਪ੍ਰੇਮ ਕਿਹਾ ਜਾਂਦਾ ਸੀ। ਉਹ ਸਰਦਾਰ ਬਣ ਕੇ ਵਧੀਆ ਕੱਪੜੇ ਪਾ ਕੇ ਸੋਹਣੀ ਦਸਤਾਰ ਸਜਾਉਣ ਲੱਗਾ, ਤਾਂ ਸੋਹਣਾ ਗੱਭਰੂ ਸਰਦਾਰ ਜਚ ਚੁੱਕਾ ਸੀ। ਸੋਹਣੇ ਕੱਪੜੇ ਪਾਉਣ ਦਾ ਸ਼ੌਂਕ ਉਸਨੂੰ ਉਮਰ ਭਰ ਰਿਹਾ।

ਪ੍ਰੇਮ ਦਾ ਜਨਮ ਇਕ ਦਲਿਤ ਗਰੀਬ ਪਰਿਵਾਰ ਵਿਚ ਆਪਣੇ ਨਾਨਕਾ ਪਿੰਡ 'ਬੂਹਾਨੀ'- ਫਗਵਾੜਾ (ਕਪੂਰਥਲਾ ਵਿਖੇ) ਜੂਨ 15, 1947 ਨੂੰ ਹੋਇਆ।ਉਸਦੇ ਪਿਤਾ ਦਾ ਨਾਂ ਅਰਜਨ ਅਤੇ ਮਾਤਾ ਦਾ ਨਾਂ ਰੱਖੀ ਸੀ। ਉਹ 6 ਭੈਣ-ਭਰਾ ਸਨ। ਪ੍ਰੇਮ ਹੀ ਕੁਝ ਪੜ੍ਹ ਸਕਿਆ ਸੀ। ਘਰ ਦੀ ਗਰੀਬੀ ਕਰਕੇ ਬੱਚਿਆਂ ਨੂੰ ਆਪਣੇ ਪਿਓ-ਦਾਦਾ ਨਾਲ ਰੋਜ਼ੀ ਕਮਾਉਣ ਲਈ ਹੱਥ ਵਟਾਉਣਾ ਪੈਂਦਾ ਸੀ। ਤੰਗੀਆਂ ਤੁਰਸ਼ੀਆਂ ਵਿਚੋਂ ਲੰਘਦਾ ਪਰਿਵਾਰ 'ਡੂੰਨੇ' ਬਣਾਉਣ ਦਾ ਕੰਮ ਕਰਦਾ ਸੀ। ਕਈ ਵਾਰ ਮੌਸਮਾਂ ਦੀ ਮਾਰ ਕਰਕੇ ਕੰਮ ਘਟ ਜਾਂਦਾ ਸੀ ਤਾਂ ਬਾਪ ਕੋਲੋਂ ਬੱਚਿਆਂ ਨੂੰ ਗੁੱਸੇ 'ਚ ਮਾਰ ਪੈਂਦੀ ਸੀ। ਸੱਠਵਿਆਂ ਦੇ ਦੌਰ ਵਿਚ ਕੁਝ ਮੋਹਤਬਰਾਂ ਨੂੰ ਲਾਗਤਬਾਜ਼ੀ ਹੇਠ ਪ੍ਰੇਮ ਨੂੰ ਛੋਟੀਆਂ ਮੋਟੀਆਂ ਚੋਰੀਆਂ ਦੇ ਝੂਠੇ ਜ਼ੁਰਮਾਂ ਵਿਚ ਪੁਲਿਸ ਕੋਲ ਫੜਵਾ ਦਿੱਤਾ। ਉਸਦਾ ਨਾਂ ਨਕਸਲਵਾੜੀ ਲਹਿਰ ਨਾਲ ਵੀ ਜੋੜਿਆ ਗਿਆ। ਪੁਲਿਸ ਤਸ਼ੱਦਦ ਹੇਠ ਉਹ ਪੜ੍ਹਾਈ ਤੋਂ ਪੱਛੜ ਗਿਆ।

ਘਰੇਲੂ ਗਰੀਬੀ ਅਤੇ ਸਮੇਂ ਦੀ ਲੋੜ ਅਨੁਸਾਰ ਉਸਨੂੰ ਕਈ ਸ਼ਹਿਰਾਂ ਅਤੇ ਕਸਬਿਆਂ ਵਿਚ ਹੇਠਲੇ ਪੱਧਰ ਦੀ ਮਜ਼ਦੂਰੀ ਕਰਨੀ ਪਈ। ਜਿਵੇਂ ਜਲੰਧਰ ਛਾਉਣੀ ਵਿਚ ਅਫਸਰਾਂ ਦੀਆਂ ਕੋਠੀਆਂ ਵਿਚ ਰੰਗ ਰੋਗਨ ਦਾ ਕੰਮ ਕੀਤਾ। ਉਥੇ ਹੀ ਕੋਠੀਆਂ ਵਿਚ ਇਕ ਨੇਪਾਲਣ ਕੁੜੀ ਕੰਮ ਕਰਦੀ ਸੀ। ਪ੍ਰੇਮ ਦਾ ਉਸ ਤੇ ਇਕ ਤਰਫਾ ਪਿਆਰ ਹੋ ਗਿਆ। ਉਸਨੂੰ ਆਉਂਦੀ ਜਾਂਦੀ ਨੂੰ ਵੇਖਣ ਲਈ ਉਸਦੇ ਘਰ ਦੇ ਨੇੜੇ ਬਸ਼ੀਰਪੁਰ ਫਾਟਕ ਦੇ ਕੋਲ ਚਾਹ ਦੇ ਖੋਖੇ ਤੇ ਬੈਠਾ ਪ੍ਰੇਮ ਚਾਹ ਪੀਂਦਾ ਰਹਿੰਦਾ।ਉਸ ਕੁੜੀ ਦੀ ਸੜਕ ਦੁਰਘਟਨਾ ਵਿਚ ਮੌਤ ਹੋ ਗਈ। ਨੇਪਾਲਣਾਂ ਨੂੰ ਗੋਰਖੀ ਪੰਜਾਬੀ ਵਿਚ ਕਿਹਾ ਜਾਂਦਾ ਹੈ। ਉਸ ਪਿਆਰ ਨੂੰ ਦਿਲ ਵਿਚ ਜਿੰਦਾ ਰੱਖਣ ਲਈ ਪ੍ਰੇਮ ਨੇ ਆਪਣੇ ਨਾਂ ਨਾਲ 'ਗੋਰਖੀ' ਜੋੜ ਲਿਆ ਅਰਥਾਤ ਪ੍ਰੇਮ ਗੋਰਖੀ। ਇਹ ਇਕ ਦਰਦਨਾਕ ਅਤੇ ਦਿਲਚਸਪ ਘਟਨਾ ਸੀ ਉਸਦੇ ਜੀਵਨ ਦੀ।

ਉਸਨੇ ਹੋਰ ਵੀ ਮਜ਼ਦੂਰੀ ਦੇ ਕੰਮ ਕੀਤ, ਜਿਵੇਂ ਸਾਈਕਲ ਮੁਰੰਮਤ, ਪੈਟਰੋਲ ਪੰਪ ਤੇ ਕੰਮ ਅਤੇ ਹੋਰ ਦਿਹਾੜੀਦਾਰ ਕੰਮ ਕੀਤੇ। ਉਸਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਲਾਇਬ੍ਰੇਰੀ ਵਿਚ ਚਪੜਾਸੀ ਦੀ ਨੌਕਰੀ ਕੀਤੀ। ਇੱਥੇ ਉਸਨੂੰ ਬਹੁਤ ਸਾਰੀਆਂ ਪੁਸਤਕਾਂ ਪੜ੍ਹਨ ਦਾ ਮੌਕਾ ਮਿਲਿਆ। ਉਸਦੀ ਪੜ੍ਹਾਈ ਮੈਟ੍ਰਿਕ ਅਤੇ ਗਿਆਨੀ ਤੱਕ ਸੀ। ਉਸਦੀ ਪਹਿਲੀ ਕਹਾਣੀ ਜਦੋਂ ਉਹ ਗਿਆਨੀ ਵਿਚ ਪੜ੍ਹਦਾ ਸੀ, ਤਦ ਛਪੀ ਸੀ।

ਸੰਨ 1972-1978 ਤੱਕ ਉਸਨੇ ਨਵਾਂ ਜ਼ਮਾਨਾ ਅਤੇ ਅਜੀਤ ਅਖਬਾਰਾਂ ਜਲੰਧਰ ਵਿਚ ਨੌਕਰੀ ਕੀਤੀ। ਸੰਨ 1978 ਵਿਚ ਉਹ ਪੰਜਾਬੀ ਟ੍ਰਿਬਿਊਨ ਵਿਚ ਕੰਮ ਮੁਢਲੇ ਅਮਲੇ ਵਿਚ ਸ਼ਾਮਲ ਸੀ। ਸੇਵਾ ਮੁਕਤੀ ਤੋਂ ਬਾਅਦ ਉਸਨੇ ਦੇਸ਼ ਸੇਵਕ ਅਖਬਾਰ ਵਿਚ ਕੰਮ ਕੀਤਾਅਤੇ ਲੋਕ ਗੀਤ ਪ੍ਰਕਾਸ਼ਨ ਨਾਲ ਕੰਮ ਕੀਤਾ। ਉਸਨੇ ਸਿੰਗਾਪੁਰ, ਕੈਨੇਡਾ ਅਤੇ ਅਮਰੀਕਾ ਦਾ ਦੌਰਾ ਵੀ ਕੀਤਾ।

ਗੋਰਖੀ ਦੀ ਲੇਖਣੀ ਦਾ ਸਰਗਰਮ ਸਫਰ 1969 ਵਿਚ ਸ਼ੁਰੂ ਹੁੰਦਾ ਹੈ। ਉਸਨੂੰ ਛੱਤ ਤੇ ਨੰਗੇ ਧੜ ਦੀਵੇ ਦੀ ਲੋਅ ਹੇਠ ਲਿਖਦਿਆਂ ਵੇਖਿਆ ਜਾਂਦਾ ਸੀ। ਉਸਦੀ ਕਹਾਣੀ 'ਇਕ ਭੁੱਲ' 1971 ਵਿਚ ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਬਹੁ-ਚਰਚਿਤ ਅਤੇ ਬਹੁਤ ਪੜ੍ਹੇ ਜਾਣ ਵਾਲੇ ਪਰਚੇ ਨਾਗਮਣੀ 'ਚ ਛਪੀ। ਜਿਸਦਾ ਉਸਨੂੰ ਸਦਾ ਮਾਣ ਸੀ ਕਿ ਮੈਂ ਨਾਗਮਣੀ ਰਾਹੀਂ ਸਥਾਪਤੀ ਵੱਲ ਵਧਿਆ। ਗੋਰਖੀ ਦਾ ਆਪਣਾ ਮੁਢਲਾ ਜੀਵਨ ਸੰਘਰਸ਼ ਵਿਚ ਬੀਤਿਆ ਸੀ। ਉਹ ਸੰਗਾਊ ਨਿਮਰਤਾ ਅਤੇ ਸਹਿਜ ਸੁਭਾਅ ਦਾ ਇਕ ਸਾਦਾ ਇਨਸਾਨ ਸੀ। ਸ਼ੁਰੂ ਵਿਚ ਉਹ ਪ੍ਰੇਮ 'ਨਿਮਾਣਾ' ਦੇ ਨਾਂ ਹੇਠ ਛਪਿਆ। ਉਸਨੇ ਗਰੀਬ ਵਰਗ ਦੇ ਦਲਿਤ ਲੋਕਾਂ ਦੀ ਗਰੀਬੀ ਦਾ ਯਥਾਰਥ ਲਿਖਿਆ, ਜੋ ਉਸਨੇ ਆਪ ਵੀ ਹੰਢਾਇਆ ਸੀ। ਸਾਹਿਤਕਾਰ ਸੁਜਾਨ ਸਿੰਘ ਦੇ ਪਦਚਿੰਨ੍ਹਾਂ 'ਤੇ ਚਲਦਿਆਂ ਉਹ ਦਲਿਤ ਲੋਕਾਂ ਦੀ ਆਵਾਜ਼ ਬਣਿਆ। ਜੋ ਉਹਨਾਂ ਦੇ ਹੇਠਲੇ ਜੀਵਨ ਪੱਧਰ ਦੀ ਬਾਤ ਪਾਈ ਹੈ। ਅਣਗੌਲੇ ਲੋਕ ਜੋ ਸਰਮਾਏਦਾਰੀ ਵੱਲੋਂ ਹਮੇਸ਼ਾ ਹਾਸ਼ੀਏ ਵੱਲ ਧੱਕੇ ਜਾਂਦੇ ਹਨ, ਦੀ ਗੱਲ ਕਰਦਾ ਹੈ। ਉਹਨਾਂ ਦੇ ਕਰੂਰ ਜੀਵਨ ਦੀਆਂ ਹਾਲਤਾਂ ਤੋਂ ਪਰਦਾ ਚੁੱਕਦਾ ਹੈ। ਉਸਨੇ ਅਜਿਹੇ ਸਾਹਿਤ ਤੇ ਬੜੀ ਲਿਆਕਤ, ਲਗਨ, ਮਿਹਨਤ ਅਤੇ ਸਿਰੜ ਨਾਲ ਕੰਮ ਕੀਤਾ ਹੈ। ਉਸਨੇ ਜੋ ਗਰੀਬੀ, ਮਜ਼ਦੂਰੀ, ਮਜਬੂਰੀ ਵੇਖੀ ਕਿ ਕਿਵੇਂ ਰੱਜੇ-ਪੁਜੇ ਜ਼ਿਮੀਦਾਰ ਜਾਂ ਮਿੱਲ ਮਾਲਕ, ਕਾਰਖਾਨੇਦਾਰ ਆਪ ਤਾਂ ਐਸ਼ ਕਰਦੇ ਹਨ। ਗਰੀਬ ਮਜ਼ਦੂਰ ਤੇ ਤਸ਼ੱਦਦ ਕਰਦੇ ਹਨ। ਆਪ ਤਾਂ ਰ ਦੀ ਕੱਢੀ ਪੀ ਰਹੇ ਹੁੰਦੇ ਹਨ, ਐਸ਼ ਵਿਚ ਹੁੰਦੇ ਹਨ ਪਰ ਗਰੀਬ ਮਜ਼ਦੂਰ ਉਹਨਾਂ ਦੀ ਖਿਦਮਤ ਵਿਚ ਹੱਥ ਬੰਨੀ ਖੜ੍ਹਾ ਰਹਿੰਦਾ ਹੈ। ਉਸਨੂੰ ਐਵੇਂ ਹੀ ਟੌਹਰ ਵਿਚ ਚੌਕੀਦਾਰੇ 'ਤੇ ਬਿਠਾ ਛੱਡਦੇ ਹਨ। ਜੋ ਆਪਣੀਆਂ ਖਾਹਿਸ਼ਾਂ ਨੂੰ ਦਬਾਅ ਕੇ ਬੇਵੱਸ ਉਹਨਾਂ ਦੇ ਮੂੰਹ ਵੱਲ ਵੇਖਦਾ ਰਹਿੰਦਾ ਹੈ। ਗੋਰਖੀ ਨੇ ਸਾਰੀ ਉਮਰ ਅਜਿਹੇ ਵਰਤਾਰੇ ਦੇ ਵਿਸ਼ਿਆਂ ਨੂੰ ਉਭਾਰਨ 'ਤੇ ਪਹਿਰਾ ਦਿੱਤਾ। ਇਹ ਕਿਆਸ ਉਸਨੇ ਵੀ ਆਪਣੇ ਪਿੰਡੇ 'ਤੇ ਹੰਢਾਇਆ ਹੈ। ਇਸ ਲਈ ਦਲਿਤ ਲੋਕਾਂ ਦੇ ਜੀਵਨ ਨੂੰ ਦਰਸਾਉਣ ਦਾ ਕੰਮ ਉਸਨੇ ਬੜੀ ਦਿਆਨਤਦਾਰੀ ਨਾਲ ਨਿਭਾਉਣ ਦਾ ਫਰਜ਼ ਨਿਭਾਇਆ ਹੈ। ਜੋ ਉਸਦੇ ਸਿਰੜੀ ਸਾਹਿਤਕਾਰ ਹੋਣ ਦਾ ਸਬੂਤ ਹੈ। ਉਸਦੇ ਪਾਤਰ ਉਸਦੇ ਆਪਣੇ ਲੋਕ ਹਨ, ਉਸਦੀ ਜੂਹ ਦੇ ਹਨ ਉਸਦੇ ਆਂਢ-ਗੁਆਂਢ ਦੇ ਹਨ, ਉਸਦੀ ਬਿਰਾਦਰੀ ਦੇ ਹਨ। ਉਸਦੇ ਵਿਹੜੇ ਦੇ ਹਨ। ਉਸਨੇ ਬੜੀ ਬੇਬਾਕੀ ਨਾਲ ਅਸਲੀ ਨਾਂ ਵਰਤੇ ਹਨ। ਜਿਹਨਾਂ ਨੂੰ ਮੈਂ ਵੀ ਖੁਦ ਜਾਣਦਾ ਹਾਂ। ਜਿਹਨਾਂ ਨਾਲ ਮੈਂ ਖੇਡਿਆ ਤੇ ਪੜ੍ਹਿਆ ਹਾਂ। ਕਈ ਤਾਂ ਸਾਡੀਆਂ ਮੱਝਾਂ ਵੀ ਚਾਰਦੇ ਰਹੇ ਹਨ।



ਉਸਨੂੰ ਬਰੀਕੀ ਨਾਲ ਗਿਆਨ ਹਾਸਲ ਕਰਨ ਦੀ ਹਮੇਸ਼ਾ ਤਾਂਘ ਰਹਿੰਦੀ ਸੀ। ਇਸੇ ਲਈ ਤਾਂ ਉਹ ਆਪਣੇ ਵਡੇਰਿਆਂ ਤੋਂ ਆਪਣੇ ਨਾਨਕਾ ਦਾਦਕਾ ਦੇ ਲੋਕਾਂ ਬਾਰੇ ਪੁੱਛਦਾ ਰਹਿੰਦਾ। ਜਿਸਨੂੰ ਉਸਨੇ ਆਪਣੀ ਲੇਖਣੀ ਵਿਚ ਯਥਾਰਥ ਬਣਾਇਆ ਹੈ। ਪਾਤਰਾਂ ਦੇ ਅਸਲੀ ਨਾਵਾਂ ਦੇ ਨਾਲ ਦ੍ਰਿਸ਼ ਵੀ ਅਸਲੀ ਹਨ। ਜਿਵੇਂ ਪਿਲਕਣ ਦਾ ਦਰੱਖਤ, ਸੜਕ ਕੰਢੇ ਰੁੱਖ, ਵਿਹੜਾ ਅਤੇ ਵਿਹੜੇ ਦੀਆਂ ਲੜਾਈਆਂ ਆਦਿ, ਜੋ ਉਸਦੀ ਲੇਖਣੀ ਦਾ ਰੋਚਕ ਪੱਖ ਹੈ। ਉਸਦਾ ਬਿਰਤਾਂਤ ਕਮਾਲ ਦਾ ਹੈ। ਉਸਨੇ ਸ਼ਬਦ ਚਿੱਤਰ ਸਾਹਿਤ ਲਿਖਿਆ ਹੈ ਕਿ ਘਟਨਾਵਾਂ ਤੁਹਾਡੇ ਸਾਹਮਣੇ ਹੀ ਵਾਪਰ ਰਹੀਆਂ ਹੋਣ।

ਉਸਦੀ ਸਾਹਿਤਕ ਦੇਣ ਦਾ ਇਕ ਮੀਲ ਪੱਥਰ ਇਹ ਵੀ ਹੈ ਕਿ ਉਸਨੇ ਆਪਣੇ ਸਮਕਾਲੀ ਲੇਖਕਾਂ ਕਿਰਪਾਲ ਕਾਜਕ ਅਤੇ ਦਲਬੀਰ ਚੇਤਨ ਨਾਲ ਮਿਲ ਕੇ 'ਦੀਵਾ ਬਲੇ ਸਾਰੀ ਰਾਤ' ਹੇਠ ਕਹਾਣੀ ਗੋਸ਼ਟੀਆਂ ਸ਼ੁਰੂ ਕੀਤੀਆਂ।ਜੋ ਫਗਵਾੜਾ, ਬਿਆਸ, ਬਰਨਾਲਾ, ਪਟਿਆਲਾ ਵਿਖੇ ਸਜਦੀਆਂ ਰਹੀਆਂ। ਪੜ੍ਹੀਆਂ ਜਾਂਦੀਆਂ ਕਹਾਣੀਆਂ ਤੇ ਉਸਾਰੂ ਆਲੋਚਨਾ ਹੁੰਦੀ, ਸੁਝਾਅ ਦਿੱਤੇ ਜਾਂਦੇ, ਹੋਰ ਲਿਖਣ ਦੀ ਪ੍ਰੇਰਨਾ ਦਿੱਤੀ ਜਾਂਦੀ। ਨਵੇਂ ਉਭਰ ਰਹੇ ਲੇਖਕਾਂ ਲਈ ਸੰਦੇਸ਼ ਹੁੰਦਾ ਕਿ ਲਿਖਣ ਵਿਚ ਕਾਹਲੀ ਨਾ ਕਰੋ, ਥੋੜ੍ਹਾ ਲਿਖੋ, ਚੰਗਾ ਲਿਖੋ। ਜਲਦੀ ਪੁਸਤਕਾਂ ਛਪਵਾਉਣ ਦੀ ਹੋੜ ਵਿਚ ਸ਼ਾਮਲ ਨਾ ਹੋਵੋ ਆਦਿ।

ਗੋਰਖੀ ਦੀਆਂ ਪੁਸਤਕਾਂ ਹਨ: ਮਿੱਟੀ ਰੰਗੇ ਲੋਕ, ਜੀਣ ਮਰਨ, ਅਰਜਨ ਸਫੈਦੀ ਵਾਲਾ, ਧਰਤੀ ਪੁੱਤ, ਜਨਰੇਸ਼ਨ ਗੈਪ। ਨਾਵਲੈਟ ਹਨ: ਤਿੱਤਰਖੰਭੀ, ਜੂਹ, ਵਣਵੇਲਾ, ਬੁੱਢੀ ਰਾਤ ਅਤੇ ਸੂਰਜ, ਆਪੋ ਆਪਣਾ ਗੁਨਾਹ ਅਤੇ ਸਭ ਤੋਂ ਉਪਰ ਪੁਸਤਕ 'ਗੈਰ ਹਾਜ਼ਰ ਆਦਮੀ' (ਸਵੈ ਜੀਵਨੀ) ਨੇ ਉਸਨੂੰ ਪ੍ਰਸਿੱਧੀ ਦੇ ਸਿਖਰ 'ਤੇ ਪਹੁੰਚਾ ਦਿੱਤਾ ਹੈ। ਜੋ ਦੱਬੇ-ਕੁਚਲੇ ਲੋਕਾਂ ਦੀ ਜੀਵਨ ਗਾਥਾ ਨੂੰ ਵਿਸਥਾਰ ਵਿਚ ਬਿਆਨ ਕਰਦੀ ਹੈ। ਜੋ ਰੋਚਿਕ ਸਾਹਿਤ ਪ੍ਰਦਾਨ ਕਰਦੀ ਹੈ। ਇਕ ਪ੍ਰਪੱਕ ਸਾਹਿਤਕਾਰ ਹੋਣ ਦਾ ਸਬੂਤ ਹੈ। ਉਸਨੇ ਸੰਪਾਦਨਾ ਵੀ ਕੀਤੀ, ਅਨੁਵਾਦ ਕੀਤਾ, ਵਿਸ਼ੇਸ਼ ਪਾਤਰਾਂ ਸ਼ਖਸੀਅਤਾਂ ਬਾਰੇ ਲੜੀਵਾਰ ਕਾਲਮਨਵੀਸੀ ਕੀਤੀ। ਉਸਨੇ 'ਕੁੰਭ' ਮੈਗਜ਼ੀਨ ਕੱਢਿਆ। ਉਸ ਦੀਆਂ ਕਹਾਣੀਆਂ ਤੇ ਨਟਕ ਵੀ ਖੇਡੇ ਗਏ। ਉਸਨੇ ਆਲੋਚਨਾ ਬਾਰੇ ਕਿਹਾ ਕਿ ਇਸ ਵਿਚ ਮਿਹਨਤ ਦੀ ਕਮੀ ਹੈ। ਉਸਨੇ ਸਾਹਿਤ ਖੇਤਰ ਵਿਚ ਅਣਥੱਕ ਕੰਮ ਕੀਤਾ ਹੈ। ਉਸਦੇ ਸਮਕਾਲੀਆਂ ਨੂੰ ਭਾਰਤ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲ ਗਿਆ। ਪਰ ਗੋਰਖੀ ਅਣਗੌਲਿਆ ਹੀ ਰਿਹਾ, ਜਿਸ ਦਾ ਉਸਨੂੰ ਅਫਸੋਸ ਸੀ ਪਰ ਉਹ ਇਕ ਵਿਸ਼ੇਸ਼ ਪਾਠਕ ਵਰਗ ਦੇ ਦਿਲਾਂ ਵਿਚ ਆਪਣੀਆਂ ਵਡਮੁੱਲੀਆਂ ਰਚਨਾਵਾਂ ਨਾਲ ਅਮਲ ਰਹੇਗਾ। ਇਹ ਹੀ ਉਸਦੀ ਪ੍ਰਾਪਤੀ ਹੈ। ਇਹੀ ਉਸਦੀ ਵਿਰਾਸਤ ਹੈ।

ਗੋਰਖੀ ਸੇਵਾ ਮੁਕਤੀ ਤੋਂ ਬਾਅਦ ਆਪਣੇ ਪਰਿਵਾਰ, ਘਰਵਾਲੀ, ਤਿੰਨ ਧੀਆਂ ਅਤੇ ਇਕ ਪੁੱਤਰ ਨਾਲ ਜੀਰਕਪੁਰ ਰਹਿ ਰਿਹਾ ਸੀ। ਅੰਤ 25 ਅਪ੍ਰੈਲ 2021 ਨੂੰ ਉਸਦਾ ਦਿਹਾਂਤ ਹੋ ਗਿਆ। ਜੋ ਸਾਹਿਤ ਖੇਤਰ ਵਿਚ ਇਕ ਵੱਡਾ ਘਾਟਾ ਹੈ।

ਗੋਰਖੀ ਨਾਲ ਮੇਰਾ ਸੰਪਰਕ ਕੁਝ ਇਸ ਤਰ੍ਹਾਂ ਰਿਹਾ ਕਿ: ਮੈਂ 1976 ਵਿਚ ਨੌਕਰੀ ਕਰਦਾ ਕਈ ਜ਼ਿਲ੍ਹਿਆਂ ਵਿਚ ਰਿਹਾ। ਗੋਰਖੀ ਵੀ 1978 ਵਿਚ ਪੰਜਾਬੀ ਟ੍ਰਿਬਿਊਨ ਵਿਚ ਚਲਾ ਗਿਆ। ਲਾਡੋਵਾਲੀ ਆਉਣਾ ਜਾਣਾ ਵੀ ਘੱਟ ਗਿਆ। ਇਸ ਦੌਰਾਨ ਕੋਈ ਖਾਸ ਮੁਲਾਕਾਤ ਨਹੀਂ ਹੋਈ ਜਾਂ ਮਿਲਣਾ ਹੀ ਘੱਟ ਹੋ ਗਿਆ ਸੀ। ਸੰਨ 1994 ਅਪ੍ਰੈਲ ਵਿਚ ਮੈਂ ਅਮਰੀਕਾ ਪ੍ਰਵਾਜ਼ ਕੀਤਾ। ਸੰਨ 29 ਮਈ, 1997 ਨੂੰ ਮੇਰੀ ਛੋਟੀ ਧੀ ਗਿੰਨੀ ਦੀ ਇਕ ਸੜਕ ਹਾਦਸੇ ਵਿਚ ਦਰਦਨਾਕ ਮੌਤ ਹੋ ਗਈ ਸੀ। ਉਸਦੀ ਯਾਦ ਵਿਚ ਮੈਂ 'ਗਿੰਨੀ ਸਿਮ੍ਰਤੀ ਗ੍ਰੰਥ' ਦੀ ਸੰਪਾਦਨਾ ਸ਼ੁਰੂ ਕੀਤੀ। ਛਪਵਾਉਣ ਦੀ ਸਲਾਹ ਹੇਠ ਮੈਂ ਸੰਨ 2001 ਵਿਚ ਚੰਡੀਗੜ੍ਹ ਗਿਆ। ਮੈਂ ਸੋਚਿਆ ਕਿ ਛਪਾਈ ਲਈ ਪ੍ਰੇਮ ਗੋਰਖੀ ਦੀ ਸੇਵਾ ਕਿਉਂ ਨਾ ਲਈ ਜਾਵੇ, ਜੋ ਅੱਖਰਾਂ ਦਾ ਮਾਹਿਰ ਹੈ। ਮੈਂ ਉਸਨੂੰ ਪੰਜਾਬੀ ਟ੍ਰਿਬਿਊਨ ਦੇ ਦਫਤਰ ਹੀ ਜਾ ਮਿਲਿਆ। ਖਰੜਾ ਮੈਂ ਉਸਨੂੰ ਸੌਂਪ ਦਿੱਤਾ। ਪਹਿਲਾਂ ਤਾਂ ਉਹ ਇਸ ਗੱਲ 'ਤੇ ਬੜਾ ਦੁਖੀ ਹੋਇਆ ਕਿ ਤੂੰ ਮੈਨੂੰ ਕਿਹੜੇ ਕੰਮ ਲਈ ਕਹਿ ਰਿਹਾ ਏਂ। ਬੱਚੀ ਦੇ ਦੁੱਖ ਤੇ ਲਿਖਣਾ ਸੌਖਾ ਨਹੀਂ। ਤੂੰ ਤਾਂ ਪਹਿਲਾਂ ਹੀ ਟੁੱਟ ਚੁੱਕਾ ਜਾਪ ਰਿਹਾ ਏਂ। ਫਿਰ ਕੁਝ ਹੌਸਲਾ ਕਰਕੇ ਬੋਲਿਆ ਕਿ ਮੈਨੂੰ ਇਸ ਗੱਲ ਦੀ ਖੁਸ਼ੀ ਵੀ ਹੈ ਕਿ ਮੇਰੀ ਜੂਹ ਲਾਡੋਵਾਲੀ ਦਾ ਪ੍ਰਮਿੰਦਰ ਵੀ ਇਕ ਸਾਹਿਤਕਾਰ ਹੈ।

ਫਿਰ ਮੈਂ ਉਸਦੇ ਘਰ ਟ੍ਰਿਬਿਊਨ ਕਾਲੋਨੀ ਵੀ ਗਿਆ। ਫਿਰ ਅਸੀਂ ਕਈ ਵਾਰ ਚੰਡੀਗੜ੍ਹ ਦੇ ਸੈਕਟਰ ਵਿਚ ਇੰਡੀਅਨ ਕੋਫੀ ਹਾਊਸ ਵਿਚ ਬੈਠਦੇ ਰਹੇ। ਫਿਰ ਕਦੇ ਰੇਸਤਰਾਂ ਵਿਚਬੈਠਦੇ ਰਹੇ। ਲਾਡੋਵਾਲੀ ਦੀਆਂ ਗੱਲਾਂ, ਸਾਹਿਤ ਦੀਆਂ ਗੱਲਾਂ, ਹੱਡ ਬੀਤੀਆਂ, ਜੱਗ ਬੀਤੀਆਂ ਆਦਿ ਸਾਂਝੀਆਂ ਕਰਦੇ ਰਹੇ। ਉਸ ਨੇ ਇਕ ਭਾਵੁਕ ਪਰ ਦਿਲਚਸਪ ਗੱਲ ਕੀਤੀ ਕਿ ਜਦੋਂ ਉਹ 1978 ਵਿਚ ਪੰਜਾਬੀ ਟ੍ਰਿਬਿਊਨ ਦੀ ਨੌਕਰੀ 'ਤੇ ਆਇਆ, ਤਾਂ ਸ਼ਹਿਰ ਦੀ ਚਮਕ ਦਮਕ ਵੇਖ ਕੇ ਹੈਰਾਨ ਹੋ ਗਿਆ। ਉਸ ਭਾਵੁਕ ਹੋ ਕੇ ਦੱਸਿਆ ਕਿ ਲਾਡੋਵਾਲੀ ਤਾਂ ਸਾਨੂੰ ਦੀਵੇ ਦੀ ਲੋਅ ਵੀ ਬਰਾਬਰ ਨਹੀਂ ਮਿਲਦੀ ਸੀ, ਪਰ ਇੱਥੇ ਤੋਂ ਰੌਸ਼ਨੀਆਂ ਨਿੱਤ ਪੈਰਾਂ ਹੇਠ ਵਿਛੀਆਂ ਪੈਰ ਚੁੰਮਦੀਆਂ ਹਨ। ਉਸਦੀ ਭਾਵੁਕਤਾ ਵਿਚ ਸੱਚ ਅਤੇ ਸਾਹਿਤਕ ਰੰਗ ਸੀ। ਸੰਨ 2001 ਵਿਚ ਹੀ ਮੇਰੀ ਵੱਡੀ ਬੇਟੀ ਦਾ ਵਿਆਹ ਜਲੰਧਰ ਵਿਖੇ ਹੋਇਆ। ਗੋਰਖੀ ਅਤੇ ਉਸਦੀ ਘਰਵਾਲੀ ਵੀ ਸ਼ਾਮਲ ਹੋਏ। ਪ੍ਰਸਿੱਧ ਗਜ਼ਲਗੋ ਡਾ. ਜਗਤਾਰ ਵੀ ਪਹੁੰਚੇ ਸਨ। ਗੋਰਖੀ ਅਤੇ ਡਾਕਟਰ ਜਗਤਾਰ ਕਾਫੀ ਦੇਰ ਬੈਠੇ ਗੱਲਾਂ ਕਰਦੇ ਰਹੇ।

ਸੰਨ 2004 ਵਿਚ ਮੈਂ ਫਿਰ 'ਗਿੰਨੀ ਸਿਮ੍ਰਤੀ ਗ੍ਰੰਥ' ਛਪਵਾਉਣ ਲਈ ਚੰਡੀਗੜ੍ਹ ਗਿਆ। ਗੋਰਖੀ ਨੇ ਪੁਸਤਕ ਤਿਆਰ ਕਰਨ ਵਿਚ ਪੂਰਾ ਸਹਿਯੋਗ ਦਿੱਤਾ। ਇਸ ਵੱਡ-ਆਕਾਰੀ ਪੁਸਤਕ ਵਿਚ 35 ਲੇਖਕਾਂ ਨੂੰ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ ਹੈ। ਫਿਰ ਅਸੀਂ ਪੁਸਤਕ ਉਤਮ ਰੈਸਤਰਾ ਚੰਡੀਗੜ੍ਹ ਵਿਚ ਪ੍ਰਸਿੱਧ ਸਾਹਿਤਕਾਰ ਸੰਤੋਖ ਸਿੰਘ ਧੀਰ ਜੀ ਪਾਸੋਂ ਲੋਕ ਅਰਪਣ ਕਰਵਾਈ। ਗੋਰਖੀ ਨੇ ਮੁਖ-ਬੰਦ (15 ਅਗਸਤ, 2004) ਲਿਖਿਆ। ਗੋਰਖੀ ਨੇ ਮੁੱਖ ਬੰਦ ਆਪਣੇਪਣ ਦੇ ਅਹਿਸਾਸ ਨਾਲ ਸਮਾਗਮ ਵਿਚ ਪੜ੍ਹਿਆ। ਗੋਰਖੀ ਯਾਰਾਂ ਦਾ ਯਾਰ ਸੀ। ਹਰ ਕਿਸੇ ਦੇ ਕੰਮ ਆਉਣ ਵਾਲਾ ਇਨਸਾਨ ਸੀ। ਸੁਹਿਰਦ ਮਿਹਨਤ ਅਤੇ ਸਥਾਪਤ ਸਾਹਿਤਕਾਰ ਸੀ। ਮੇਰੀ ਜੂਹ ਦਾ ਪ੍ਰੇਮ ਗੋਰਖੀ ਹਮੇਸ਼ਾ ਯਾਦ ਰਹੇਗਾ। (ਗਿੰਨੀ ਸਿਮ੍ਰਤੀ ਗ੍ਰੰਥ) ਦਾ ਉਸਦਾ ਵੱਖਰਾ ਲੇਖ ਪਾਠਕਾਂ ਦੇ ਗੋਚਰੇ ਹੋਵੇਗਾ।

# ਸਿੱਖ ਬੱਚਿਆਂ ਦਾ ਦਿਨ ਇਕ ਅਨੋਖੀ ਛਾਪ ਛੱਡ ਗਿਆ

**ਫਰੀਮਾਂਟ, ਕੈਲੇਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)**– ਲਗਭਗ ਪਿਛਲੇ 20 ਸਾਲਾਂ ਤੋਂ ਮਨਾਇਆ ਜਾ ਰਿਹਾ ਸਿੱਖ ਬੱਚਿਆਂ ਦਾ ਦਿਨ ਇਸ ਵਾਰ ਵੀ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿਚ ਸੈਂਕੜੇ ਬੱਚਿਆਂ ਨੇ ਵੱਖ-ਵੱਖ ਮੁਕਾਬਲਿਆਂ ਵਿਚ ਹਿੱਸਾ ਲਿਆ। ਤਿੰਨ ਸਾਲ ਤੋਂ ਉਨੀ ਸਾਲ ਦੀ ਉਮਰ ਦੇ ਵੱਖ-ਵੱਖ ਸ਼ਹਿਰਾਂ ਤੋਂ ਆਏ ਬੱਚੇ ਜਿਵੇਂ ਟਰੇਸੀ, ਮਨਟੀਕਾ, ਟਰਲਕ, ਫਰਿਜ਼ਨੋ, ਸਟਾਕਟਨ, ਐਲਸਬਰਾਂਟੇ, ਸੈਨਹੋਜ਼ੇ, ਸੈਂਟਾ ਕਲਾਰਾ ਅਤੇ ਬੇ-ਏਰੀਆ ਦੇ ਸਮੂਹ ਸ਼ਹਿਰਾਂ ਦੇ ਨੇ ਆ ਕੇ ਹਿੱਸਾ ਲਿਆ। ਪ੍ਰਭਾਤ ਫੇਰੀ ਦੇ ਰੂਪ ਵਿਚ ਗੁਰਦੁਆਰਾ ਸਾਹਿਬ ਦੀ ਪ੍ਰਕਰਮਾ ਗੁਰੂ ਘਰ ਦੇ ਪਿਆਰਿਆਂ ਨੇ ਕਰ ਇਸ ਦਿਵਸ ਦੀ ਆਰੰਭਤਾ ਕੀਤੀ। ਅੱਖਰ ਬੋਧ, ਕਵਿਤਾ, ਸ਼ਬਦ ਕੀਰਤਨ ਅਤੇ ਅਰਦਾਸ ਤੋਂ ਬਾਅਦ ਉਲੀਕੇ ਪ੍ਰੋਗਰਾਮ ਸਿਖਰ 'ਤੇ ਪਹੁੰਚੇ। ਸਾਰੇ ਪ੍ਰੋਗਰਾਮਾਂ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡਿਆ ਗਿਆ ਜਿਵੇਂ ਸਾਖੀ ਸੁਣ-ਾਉਣਾ, ਦਸਤਾਰ ਸਜਾਉਣਾ, ਪ੍ਰਸ਼ਾਦਾ ਤਿਆਰ ਕਰਨਾ, ਤਾਂਤੀ ਸਾਜ, ਤਬਲਾ, ਸਿੱਖ ਕਲਾ ਚਿੱਤਰਕਾਰੀ, ਗੁਰਬਾਣੀ ਕੰਠ, ਘੋੜ ਸਵਾਰੀ, ਤੀਰ ਅੰਦਾਜ਼ੀ, ਗਤਕਾ ਖੇਡਣਾ ਆਦਿ ਸ਼ਾਮਲ ਸਨ। ਮੁਕਾਬਲਿਆਂ ਦਾ ਮਿਆਰੀ ਅੰਦਾਜ਼ ਵੇਖਣ-ਸੁਣਨ 'ਤੇ ਹੀ ਬਣਦਾ ਸੀ। ਪ੍ਰਤੀਯੋਗਤਾ ਨੂੰ ਪਰਖਣ ਲਈ ਹਰ ਖੇਤਰ ਦੇ ਮਾਹਿਰ ਜੱਜਾਂ ਨੇ ਬਹੁਤ ਹੀ ਉੱਚ ਦਰਜੇ ਦੀ ਸੇਵਾ ਨਿਭਾਈ। ਕਵਿਤਾ ਦੇ ਜੱਜ ਸਨ: ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨ, ਜਸਦੀਪ ਸਿੰਘ ਫਰੀਮਾਂਟ ਅਤੇ ਰਾਜਾ ਸਿੰਘ ਕਲੇਰ। ਸਾਰੇ ਪ੍ਰੋਗਰਾਮ ਪ੍ਰਭਾਵਸ਼ਾਲੀ ਸੋਚ ਦਾ ਨਤੀਜਾ ਸੀ। ਇਸ ਪ੍ਰੋਗਰਾਮ ਦਾ ਆਨੰਦ ਹਰ ਛੋਟੇ ਵੱਡੇ ਅਤੇ ਸਮੂਹ ਸੰਗਤ ਨੇ ਸਾਰਾ ਦਿਨ ਭਰਪੂਰ ਮਾਣਿਆ। ਬੱਚਿਆਂ ਨੂੰ ਵੱਖ-ਵੱਖ ਸਟਾਲਾਂ ਤੋਂ ਆਪਣੀ ਮਨਪਸੰਦ ਦੀਆਂ ਚੀਜ਼ਾਂ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਬੱਚਿਆਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਗਿਆ।




# ਸ਼ੱਕ

ਜਦੋਂ ਸਮਾਂ ਸੀ ਉਦੋਂ ਕਰਿਆ ਨੀ,
ਹੁਣ ਕਿਉਂ ਕਰਦੀ ਸ਼ੱਕ ਕੁੜੇ।

ਹੁਣ ਸਿੱਧੇ ਪਾਸੇ ਲੱਗ ਗਏ ਹਾਂ।
ਕਿਉਂ ਕਰਦੀ ਅੱਤ ਕੁੜੇ।
ਜਦੋਂ ਸਮਾਂ ਸੀ ....

ਪੇਸ਼ੀ ਦੀਆਂ ਤਾਰੀਖਾਂ ਦੇਖ ਰਹੇ ਹਾਂ,
ਕਿੱਧਰ ਗਈ ਤੇਰੀ ਮੱਤ ਕੁੜੇ।
ਜਦੋਂ ਸਮਾਂ ਸੀ ....

ਬਾਹਠ ਸਾਲ ਬੀਤੇ ਉਮਰ ਦੇ,
ਜਿਵੇਂ ਬੀਤ ਗਏ ਝੱਟ ਕੁੜੇ
ਜਦੋਂ ਸਮਾਂ ਸੀ ....

ਰੱਬ ਦਾ ਨਾਮ ਜਪ ਲੈਣ ਦੇ
ਅਬਾ ਤਬਾ ਨਾ ਬਕ ਕੁੜੇ
ਜਦੋਂ ਸਮਾਂ ਸੀ ....

ਨਾਮ ਦਾ ਰਸ ਪੀ ਲੈਣ ਦੇ,
ਨਾ ਖੁਲ੍ਹਾ ਦਾਰੂ ਦਾ ਡਟ ਕੜੇ।
ਜਦੋਂ ਸਮਾਂ ਸੀ ....

ਤੂੰ ਜਬਲੀਆਂ ਮਾਰੇਂ ਕਾਹਤੋਂ,
ਚੜ੍ਹ ਜਾਂਦਾ ਸਾਨੂੰ ਵੱਟ ਕੁੜੇ।
ਜਦੋਂ ਸਮਾਂ ਸੀ ....

ਬਚਪਨ, ਜਵਾਨੀ, ਠੀਕ ਬੀਤ ਗਈ,
ਜਲਦੀ ਬੁਢਾਪੇ 'ਚ ਨਾ ਧੱਕ ਕੁੜੇ।
ਜਦੋਂ ਸਮਾਂ ਸੀ ....

ਜੇ ਸਰਦਾਰ ਨੂੰ ਚੜ੍ਹ ਗਿਆ ਗੁੱਸਾ,
ਕੱਢਦੂੰ ਤੇਰੇ ਵੱਟ ਕੁੜੇ।
ਜਦੋਂ ਸਮਾਂ ਸੀ ਉਦੋਂ ਕਰਿਆ ਨਹੀਂ
ਹੁਣ ਕਿਉਂ ਕਰਦੀ ਸ਼ੱਕ ਕੁੜੇ।

**– ਸੁਖਚਰਨ ਸਿੰਘ ਸਾਹੋਕੇ**



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust